@Qpatrika
@qaumipatrika punjabi
instagram.com/qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

ਦਿੱਲੀ, ਹਿਮਾਚਲ, ਹਰਿਆਣਾ, ਪੰਜਾਬ, उत्तर प्रदेश, उत्तराखण्ड से प्रसारित।

Thursday, 24 October 2024

Punjabi National Daily

Qaumi Patrika NO.1

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਵੀਰਵਾਰ 24 ਅਕਤੂਬਰ 2024, 10 ਕੱਤਕ ਨਾਨਕਸ਼ਾਹੀ ਸੰਮਤ 555 (ਸਫੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 349, qpatrika@gmail.com ਫੋਨ : 9971359517 www.qaumipatrika.org

# ਮੋਦੀ ਨੇ ਸ਼ੀ ਜਿਨਪਿੰਗ ਨਾਲ ਕੀਤੀ ਦੁਵੱਲੀ ਗੱਲਬਾਤ

**ਸਿੰਮੀ ਕੌਰ ਬੱਬਰ**

ਕਜਾਨ (ਏਜੰਸੀ) 23 ਅਕਤੂਬਰ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੁੱਧਵਾਰ ਨੂੰ ਇੱਥੇ ਬ੍ਰਿਕਸ ਸੰਮੇਲਨ ਤੋਂ ਇਲਾਵਾ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਦੁਵੱਲੀ ਗੱਲਬਾਤ ਕੀਤੀ, ਜੋ ਮਈ 2020 ਵਿਚ ਪੂਰਬੀ ਲੱਦਾਖ ਸਰਹੱਦੀ ਵਿਵਾਦ ਪੈਦਾ ਹੋਣ ਤੋਂ ਬਾਅਦ ਦੋਵਾਂ ਦੇਸਾਂ ਵਿਚਾਲੇ ਸਿਖਰਲੇ ਪੱਧਰ 'ਤੇ ਅਜਿਹੀ ਪਹਿਲੀ ਬੈਠਕ ਹੈ। ਇਹ ਗੱਲਬਾਤ ਅਜਿਹੇ ਸਮੇਂ ਵਿਚ ਹੋਈ ਹੈ, ਜਦੋਂ ਇਕ ਦਿਨ ਪਹਿਲਾਂ ਹੀ ਭਾਰਤ ਅਤੇ ਚੀਨ ਪੂਰਬੀ ਲੱਦਾਖ ਵਿੱਚ ਅਸਲ ਕੰਟਰੋਲ ਰੇਖਾ (ਐੱਲ.ਏ.ਸੀ.) 'ਤੇ ਆਪਣੀਆਂ ਫੌਜਾਂ ਦੁਆਰਾ ਗਸਤ ਕਰਨ ਦੇ ਸਮਝੌਤੇ 'ਤੇ ਸਹਿਮਤੀ ਜਤਾਈ ਸੀ। ਚਾਰ ਸਾਲ ਤੋਂ ਚੱਲੇ ਆ ਰਹੇ ਡੈੱਡਲਾਕ ਨੂੰ ਖਤਮ ਕਰਨ ਦੀ ਦਿਸ਼ਾ ਵਿਚ ਇਸ ਨੂੰ ਵੱਡੀ ਸਫਲਤਾ ਮੰਨਿਆ ਜਾ ਰਿਹਾ ਹੈ। ਨਵੰਬਰ 2022 ਵਿੱਚ, ਮੋਦੀ ਅਤੇ ਸੀ ਨੇ ਇੰਡੋਨੇਸੀਆਈ ਰਾਸ਼ਟਰਪਤੀ ਵੱਲੋਂ ਜੀ-20 ਨੇਤਾਵਾਂ ਲਈ ਆਯੋਜਿਤ ਰਾਤ ਦੇ ਖਾਣੇ ਵਿੱਚ ਇਕ-ਦੂਜੇ ਦਾ ਸਵਾਗਤ ਕੀਤਾ ਅਤੇ ਸੰਖੇਪ ਗੱਲਬਾਤ ਕੀਤੀ ਸੀ। ਪਿਛਲੇ ਸਾਲ ਅਗਸਤ ਵਿੱਚ ਵੀ, ਭਾਰਤੀ ਪ੍ਰਧਾਨ ਮੰਤਰੀ ਅਤੇ ਚੀਨੀ ਰਾਸ਼ਟਰਪਤੀ ਨੇ ਬ੍ਰਿਕਸ (ਬ੍ਰਾਜੀਲ-ਰੂਸ-




ਭਾਰਤ-ਚੀਨ-ਦੱਖਣੀ ਅਫਰੀਕਾ) ਸੰਮੇਲਨ ਦੌਰਾਨ ਜੋਹਾਨਸਬਰਗ ਵਿੱਚ ਇੱਕ ਸੰਖੇਪ ਅਤੇ ਗੈਰ ਰਸਮੀ ਗੱਲਬਾਤ ਕੀਤੀ ਸੀ।ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੁੱਧਵਾਰ ਨੂੰ ਇੱਥੇ ਬ੍ਰਿਕਸ ਸੰਮੇਲਨ ਵਿਚ ਰੂਸ-ਯੂਕ੍ਰੇਨ ਵਿਵਾਦ ਨੂੰ ਸ਼ਾਂਤੀਪੂਰਨ ਗੱਲਬਾਤ ਰਾਹੀਂ ਸੁਲਝਾਉਣ ਦਾ ਸਪੱਸਟ ਸੱਦਾ ਦਿੱਤਾ ਅਤੇ ਕਿਹਾ ਕਿ ਭਾਰਤ ਯੁੱਧ ਦਾ ਨਹੀਂ ਸਗੋਂ ਗੱਲਬਾਤ ਅਤੇ ਕੂਟਨੀਤੀ ਦਾ ਸਮਰਥਨ ਕਰਦਾ ਹੈ। ਮੋਦੀ ਨੇ ਆਪਣੇ ਸੰਬੋਧਨ 'ਚ ਜੰਗ, ਆਰਥਿਕ ਅਨਿਸਚਿਤਤਾ, ਜਲਵਾਯੂ ਪਰਿਵਰਤਨ ਅਤੇ ਅੱਤਵਾਦ ਵਰਗੀਆਂ ਚੁਣੌਤੀਆਂ 'ਤੇ ਚਿੰਤਾ ਪ੍ਰਗਟ ਕੀਤੀ ਅਤੇ ਕਿਹਾ ਕਿ ਬ੍ਰਿਕਸ ਦੁਨੀਆ ਨੂੰ ਸਹੀ ਰਸਤੇ 'ਤੇ ਲਿਜਾਣ 'ਚ ਸਕਾਰਾਤਮਕ ਭੂਮਿਕਾ ਨਿਭਾ ਸਕਦਾ ਹੈ। ਉਨ੍ਹਾਂ ਨੇ ਕਿਹਾ, "ਅਸੀਂ ਯੁੱਧ ਦਾ ਸਮਰਥਨ ਨਹੀਂ ਕਰਦੇ, ਪਰ ਗੱਲਬਾਤ ਅਤੇ ਕੂਟਨੀਤੀ ਦਾ ਸਮਰਥਨ ਕਰਦੇ ਹਾਂ।" ਅਤੇ ਜਿਸ ਤਰ੍ਹਾਂ ਅਸੀਂ ਮਿਲ ਕੇ ਕੋਵਿਡ ਵਰਗੀਆਂ ਚੁਣੌਤੀਆਂ 'ਤੇ ਕਾਬੂ ਪਾਉਣ ਦੇ ਯੋਗ ਹੋਏ ਹਾਂ, ਅਸੀਂ ਨਿਸਚਿਤ ਤੌਰ 'ਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਸੁਰੱਖਿਅਤ, ਮਜਬੂਤ ਅਤੇ ਖੁਸਹਾਲ ਭਵਿੱਖ ਨੂੰ ਯਕੀਨੀ ਬਣਾਉਣ ਲਈ ਨਵੇਂ ਮੌਕੇ ਪੈਦਾ ਕਰਨ ਦੇ ਯੋਗ ਹਾਂ।" ਰੂਸ ਦੇ ਕਜਾਨ ਸ਼ਹਿਰ ਵਿਚ 22 ਤੋਂ 24 ਅਕਤੂਬਰ ਤੱਕ 16ਵੇਂ ਬ੍ਰਿਕਸ ਸੰਮੇਲਨ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਸੰਮੇਲਨ ਵਿੱਚ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅਤੇ ਉਨ੍ਹਾਂ ਦੇ ਚੀਨੀ ਹਮਰੁਤਬਾ ਸ਼ੀ ਜਿਨਪਿੰਗ ਸਮੇਤ ਬ੍ਰਿਕਸ ਦੇਸਾਂ ਦੇ ਚੋਟੀ ਦੇ ਨੇਤਾ ਸਾਮਲ ਹੋ ਰਹੇ ਹਨ। ਪ੍ਰਧਾਨ ਮੰਤਰੀ ਮੋਦੀ ਨੇ ਅੱਤਵਾਦ ਨਾਲ ਨਜਿੱਠਣ ਲਈ ਵਿਸ਼ਵ ਪੱਧਰ 'ਤੇ ਸਾਂਝੇ ਯਤਨਾਂ ਦੀ ਵਕਾਲਤ ਕੀਤੀ ਅਤੇ ਕਿਹਾ ਕਿ ਇਸ ਖਤਰੇ ਨਾਲ ਲੜਨ ਲਈ ਕੋਈ "ਦੋਹਰਾ ਮਾਪਦੰਡ" ਨਹੀਂ ਹੋਣਾ ਚਾਹੀਦਾ। ਉਨ੍ਹਾਂ ਨੇ ਕਿਹਾ,"ਅੱਤਵਾਦ ਅਤੇ ਇਸ ਦੇ ਵਿੱਤ ਪੋਸਣ ਦਾ ਮੁਕਾਬਲਾ ਕਰਨ ਲਈ ਸਾਨੂੰ ਸਾਰਿਆਂ ਦੇ ਇੱਕਜੁੱਟ, ਦ੍ਰਿੜ ਸਮਰਥਨ ਦੀ ਲੋੜ ਹੈ।" ਇਸ ਗੰਭੀਰ ਮਾਮਲੇ 'ਤੇ ਦੋਹਰੇ ਮਾਪਦੰਡਾਂ ਦੀ ਕੋਈ ਥਾਂ ਨਹੀਂ ਹੈ। ਨਾਲ ਹੀ ਮੋਦੀ ਨੇ ਇਹ ਵੀ ਕਿਹਾ ਕਿ ਸਮੂਹ ਦੇ ਦੇਸਾਂ ਨੂੰ ਨੌਜਵਾਨਾਂ ਵਿੱਚ ਕੱਟੜਪੰਥੀ ਨੂੰ ਰੋਕਣ ਲਈ ਸਰਗਰਮ ਕਦਮ ਚੁੱਕਣ ਦੀ ਲੋੜ ਹੈ। ਉਨ੍ਹਾਂ ਨੇ ਕਿਹਾ,"ਸਾਨੂੰ ਅੰਤਰਰਾਸ਼ਟਰੀ ਅੱਤਵਾਦ 'ਤੇ ਸੰਯੁਕਤ ਰਾਸ਼ਟਰ ਦੇ ਵਿਆਪਕ ਸਮਝੌਤੇ ਦੇ ਲੰਬਿਤ ਮੁੱਦੇ 'ਤੇ ਮਿਲ ਕੇ ਕੰਮ ਕਰਨ ਦੀ ਜਰੂਰਤ ਹੈ।" ਉਨ੍ਹਾਂ ਨੇ ਕਿਹਾ, "ਇਸੇ ਤਰ੍ਹਾਂ ਸਾਨੂੰ ਸਾਈਬਰ ਸੁਰੱਖਿਆ ਅਤੇ ਸੁਰੱਖਿਅਤ ਏਆਈ ਲਈ ਵਿਸ਼ਵ ਪੱਧਰ 'ਤੇ ਕੰਮ ਕਰਨ ਦੀ ਜਰੂਰਤ ਹੈ।" ਉਨ੍ਹਾਂ ਨੇ ਕਿਹਾ," ਭਾਈਵਾਲ ਦੇਸਾਂ ਵਜੋਂ ਭਾਰਤ ਬ੍ਰਿਕਸ ਵਿੱਚ ਨਵੇਂ ਦੇਸ਼ਾਂ ਦਾ ਸੁਆਗਤ ਕਰਨ ਲਈ ਤਿਆਰ ਹੈ।

# ਪਾਣੀ ਦੀ ਸੰਭਾਲ ਦੇ ਯਤਨਾਂ ਤੋਂ ਬਿਨਾਂ ਸਮਾਜ ਤਰੱਕੀ ਨਹੀਂ ਕਰ ਸਕਦੈ: ਰਾਸ਼ਟਰਪਤੀ ਮੁਰਮੂ

ਨਵੀਂ ਦਿੱਲੀ 23 ਅਕਤੂਬਰ। ਰਾਸਟਰਪਤੀ ਦ੍ਰੋਪਦੀ ਮੁਰਮੂ ਨੇ ਭੂਮੀਗਤ ਪਾਣੀ ਦੀ ਘਟਦੀ ਗੁਣਵੱਤਾ ਅਤੇ ਮਾਤਰਾ 'ਤੇ ਚਿੰਤਾ ਜਾਹਰ ਕਰਦੇ ਹੋਏ ਜਲ ਸਰੋਤਾਂ ਨੂੰ ਬਚਾਉਣ ਲਈ ਸਮੂਹਿਕ ਜਿ਼ੰਮੇਵਾਰੀ ਦੀ ਮਹੱਤਵਪੂਰਨ ਭੂਮਿਕਾ 'ਤੇ ਜੋਰ ਦਿੱਤਾ। ਮੰਗਲਵਾਰ ਨੂੰ ਰਾਸਟਰੀ ਜਲ ਪੁਰਸਕਾਰ ਪ੍ਰਦਾਨ ਕਰਨ ਦੇ ਮੌਕੇ 'ਤੇ ਰਾਸਟਰਪਤੀ ਨੇ ਕਿਹਾ, "ਭੂਮੀਗਤ ਪਾਣੀ ਨਾ ਸਿਰਫ ਪ੍ਰਦੂਸਿ਼ਤ ਹੋ ਰਿਹਾ ਹੈ, ਸਗੋਂ ਇਹ ਘਟ ਵੀ ਰਿਹਾ ਹੈ। ਇਹ ਇਕ ਗੰਭੀਰ ਚਿੰਤਾ ਦਾ ਵਿਸਾ ਹੈ।" ਉਨ੍ਹਾਂ ਸੁਚੇਤ ਕੀਤਾ ਕਿ ਸੰਭਾਲ ਦੇ ਯਤਨਾਂ ਤੋਂ ਬਿਨਾਂ ਸਮਾਜ ਤਰੱਕੀ ਨਹੀਂ ਕਰ ਸਕਦਾ। ਮੁਰਮੂ ਦੇ ਅਨੁਸਾਰ, ਸਾਰੀਆਂ ਪ੍ਰਮੁੱਖ ਸਭਿਅਤਾਵਾਂ ਜਲ-ਸਥਾਨਾਂ ਦੇ ਆਲੇ-ਦੁਆਲੇ ਵਿਕਸਤ ਹੋਈਆਂ ਹਨ, ਫਿਰ ਵੀ ਆਧੁਨਿਕ ਸਮੇਂ ਵਿੱਚ ਪਾਣੀ ਦੇ



ਵਿਸੇ ਨੂੰ ਅਕਸਰ ਨਜਰਅੰਦਾਜ ਕੀਤਾ ਜਾਂਦਾ ਹੈ। ਉਹਨਾਂ ਕਿਹਾ, "ਕਈ ਵਾਰ ਅਸੀਂ ਪਾਣੀ ਦੀ ਮਹੱਤਤਾ ਨੂੰ ਭੁੱਲ ਜਾਂਦੇ ਹਾਂ।" ਮੁਰਮੂ ਨੇ ਜਲ ਪ੍ਰਬੰਧਨ ਵਿਚ ਰਾਜ ਸਰਕਾਰਾਂ ਦੀ ਭੂਮਿਕਾ 'ਤੇ ਜੋਰ ਦਿੱਤਾ ਅਤੇ ਸੰਭਾਲ ਪ੍ਰਤੀ ਸਮਰਪਣ ਲਈ ਜਲ ਸ਼ਕਤੀ ਮੰਤਰਾਲੇ ਅਤੇ ਇਸ ਵਿਭਾਗ ਦੇ ਮੰਤਰੀ ਸੀਆਈ ਪਾਟਿਲ ਦੀ ਸ਼ਲਾਘਾ ਕੀਤੀ। ਰਾਸਟਰਪਤੀ ਨੇ ਰਾਸਟਰੀ ਜਲ ਪੁਰਸਕਾਰਾਂ ਦੇ ਜੇਤੂਆਂ ਨੂੰ ਉਨ੍ਹਾਂ ਦੇ ਯਤਨਾਂ ਲਈ ਸਲਾਘਾ ਕੀਤੀ ਅਤੇ ਉਨ੍ਹਾਂ ਦੇ ਸਰਵੋਤਮ ਅਭਿਆਸਾਂ ਨੂੰ ਵਿਆਪਕ ਤੌਰ 'ਤੇ ਸਾਂਝਾ ਕਰਨ ਦੀ ਅਪੀਲ ਕੀਤੀ। ਜਲ ਸਕਤੀ ਮੰਤਰਾਲੇ ਦੇ ਅਧੀਨ ਜਲ ਸਰੋਤ ਵਿਭਾਗ ਦੁਆਰਾ ਆਯੋਜਿਤ ਕੀਤੇ ਗਏ ਪੁਰਸਕਾਰਾਂ ਨੇ ਨੌਂ ਸ੍ਰੇਣੀਆਂ ਵਿੱਚ ਕੋਸਿ਼ਸਾਂ ਨੂੰ ਮਾਨਤਾ ਦਿੱਤੀ, ਜਿਸ ਵਿੱਚ ਓਡੀਸਾ ਨੇ ਸਰਵੋਤਮ ਰਾਜ ਲਈ ਚੋਟੀ ਦਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਬਾਅਦ ਉੱਤਰ ਪ੍ਰਦੇਸ ਦੂਜੇ ਅਤੇ ਗੁਜਰਾਤ ਅਤੇ ਪੁਡੂਚੇਰੀ ਸਾਂਝੇ ਤੌਰ 'ਤੇ ਤੀਜੇ ਸਥਾਨ 'ਤੇ ਰਹੇ। ਸਰਕਾਰ ਦੇ 'ਵਾਟਰ ਰਿਚ ਇੰਡੀਆ' ਦੇ ਵਿਜਨ ਦੇ ਅਨੁਸਾਰ ਪਾਣੀ ਦੀ ਸੰਭਾਲ ਨੂੰ ਉਤਸਾਹਿਤ ਕਰਨ ਲਈ ਸਾਲ 2018 ਵਿੱਚ ਰਾਸਟਰੀ ਜਲ ਪੁਰਸਕਾਰ ਸੁਰੂ ਕੀਤੇ ਗਏ ਸਨ।

## ਵਿਜ ਬੋਲੇ- ਕਾਂਗਰਸ ਇਕ ਪਾਰਟੀ ਨਹੀਂ, ਧੜਿਆਂ ਦਾ ਸਮੂਹ

ਅੰਬਾਲਾ 23 ਅਕਤੂਬਰ। ਹਰਿਆਣਾ ਦੇ ਊਰਜਾ, ਟਰਾਂਸਪੋਰਟ ਅਤੇ ਕਿਰਤ ਮੰਤਰੀ ਅਨਿਲ ਵਿਜ ਨੇ ਮੰਗਲਵਾਰ ਨੂੰ ਕਿਹਾ ਕਿ ਕਾਂਗਰਸ ਇਕ ਪਾਰਟੀ ਨਹੀਂ ਸਗੋਂ ਵੱਖ-ਵੱਖ ਧੜਿਆਂ ਦਾ ਸਮੂਹ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਜ ਨੇ ਅੱਜ ਤੱਕ ਕਾਂਗਰਸ ਵਿਧਾਇਕ ਦਲ ਦਾ ਨੇਤਾ ਨਾ ਚੁਣੇ ਜਾਣ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ ਵਿਚ ਕਿਹਾ ਕਿ ਇਹ ਉਨ੍ਹਾਂ ਦਾ ਅੰਦਰੂਨੀ



ਮਾਮਲਾ ਹੈ ਪਰ ਕਾਂਗਰਸ ਕੋਈ ਪਾਰਟੀ ਨਹੀਂ ਹੈ, ਇਹ ਵੱਖ-ਵੱਖ ਧੜਿਆਂ ਦਾ ਸਮੂਹ ਹੈ। ਉਨ੍ਹਾਂ ਨੇ ਕਿਹਾ ਕਿ ਇਹ ਸਾਰੇ ਮਿਲ ਕੇ ਬੈਠ ਕੇ ਕੋਈ ਇਕ ਫੈਸਲਾ ਨਹੀਂ ਕਰ ਸਕਦੇ। ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਵਲੋਂ ਚੋਣਾਂ 'ਚ ਗੜਬੜੀ ਦੇ ਖਦਸੇ ਨੂੰ ਲੈ ਕੇ ਕਾਂਗਰਸ ਦੇ ਅਦਾਲਤ ਜਾਣ ਦੇ ਬਿਆਨ 'ਤੇ ਵਿਜ ਨੇ ਕਿਹਾ ਕਿ ਅਦਾਲਤਾਂ ਹਰ ਕਿਸੇ ਲਈ ਖੁੱਲ੍ਹੀਆਂ ਹਨ, ਚਾਹੇ ਉਹ ਕਿਤੇ ਵੀ ਜਾਣ। ਚੋਣਾਂ ਹੋ ਚੁੱਕੀਆਂ ਹਨ ਅਤੇ ਚੋਣ ਕਮਿਸਨ ਨੇ ਜਵਾਬ ਦੇ ਦਿੱਤਾ ਹੈ। ਉਨ੍ਹਾਂ ਦੋਸ ਲਾਇਆ ਕਿ ਜਦੋਂ ਕਾਂਗਰਸ ਹਾਰਦੀ ਹੈ ਤਾਂ ਈ. ਵੀ. ਐਮ ਖਰਾਬ ਹੋ ਜਾਂਦੀ ਹੈ। ਵਿਜ ਨੇ ਕਿਹਾ ਕਿ 25 ਅਕਤੂਬਰ ਨੂੰ ਹੋਣ ਵਾਲਾ ਸੈਸਨ ਸੀਮਤ ਮਿਆਦ ਦਾ ਹੋਵੇਗਾ, ਜਿਸ ਵਿਚ ਵਿਧਾਇਕਾਂ ਨੂੰ ਸਹੁੰ ਚੁਕਾਈ ਜਾਵੇਗੀ। ਦੀਵਾਲੀ ਤੋਂ ਬਾਅਦ ਨਿਯਮਤ ਸੈਸਨ ਹੋਵੇਗਾ।

# ਚੋਣ ਪ੍ਰਚਾਰ ਦੌਰਾਨ ਪ੍ਰਿਅੰਕਾ ਗਾਂਧੀ ਦਾ ਵੱਡਾ ਬਿਆਨ

**ਏਜੰਸੀਆਂ**

ਵਾਇਨਾਡ 23 ਅਕਤੂਬਰ। ਕਾਂਗਰਸ ਜਨਰਲ ਸਕੱਤਰ ਅਤੇ ਕੇਰਲ ਦੀ ਵਾਇਨਾਡ ਲੋਕ ਸਭਾ ਸੀਟ ਤੋਂ ਪਾਰਟੀ ਉਮੀਦਵਾਰ ਪ੍ਰਿਯੰਕਾ ਗਾਂਧੀ ਵਾਡਰਾ ਨੇ ਬੁੱਧਵਾਰ ਨੂੰ ਕਿਹਾ ਕਿ ਉਨ੍ਹਾਂ ਨੇ 1989 'ਚ 17 ਸਾਲ ਦੀ ਉਮਰ 'ਚ ਚੋਣ ਪ੍ਰਚਾਰ 'ਚ ਹਿੱਸਾ ਲੈਣਾ ਸੁਰੂ ਕੀਤਾ ਸੀ ਅਤੇ ਹੁਣ ਇਸ 'ਚ 35 ਸਾਲ ਦਾ ਅਨੁਭਵ ਹੈ। ਵਾਇਨਾਡ ਲੋਕ ਸਭਾ ਉਪ ਚੋਣ ਲਈ ਨਾਮਜਦਗੀ ਭਰਨ ਤੋਂ ਪਹਿਲਾਂ ਕਲਪੇਟਾ ਵਿੱਚ ਇੱਕ ਵਿਸਾਲ ਇਕੱਠ ਨੂੰ ਸੰਬੋਧਨ ਕਰਦਿਆਂ ਉਹਨਾਂ ਕਿਹਾ ਕਿ ਉਹ 1989 ਵਿੱਚ ਆਪਣੇ ਪਿਤਾ ਰਾਜੀਵ ਗਾਂਧੀ ਨਾਲ ਚੋਣ ਮੁਹਿੰਮ ਵਿੱਚ ਸਾਮਲ ਹੋਈ ਸੀ। ਉਸ ਤੋਂ ਬਾਅਦ 35 ਸਾਲਾਂ ਵਿੱਚ ਉਸਨੇ ਆਪਣੀ ਮਾਂ ਸੋਨੀਆ ਗਾਂਧੀ, ਭਰਾ ਰਾਹੁਲ ਗਾਂਧੀ ਅਤੇ ਪਾਰਟੀ ਦੇ ਹੋਰ ਸਾਥੀਆਂ ਲਈ ਚੋਣ ਪ੍ਰਚਾਰ ਕੀਤਾ ਹੈ। ਦੱਸ ਦੇਈਏ ਕਿ ਉਨ੍ਹਾਂ ਦਾ ਇਹ ਬਿਆਨ ਭਾਜਪਾ ਦੀ ਵਾਇਨਾਡ ਲੋਕ ਸਭਾ ਜਿ਼ਮਨੀ ਚੋਣ ਦੇ ਉਮੀਦਵਾਰ ਨਵਿਆ ਹਰੀਦਾਸ ਦੇ ਉਸ ਬਿਆਨ ਤੋਂ ਇਕ ਦਿਨ ਬਾਅਦ ਆਇਆ, ਜਿਸ ਵਿਚ ਉਹਨਾਂ ਕਿਹਾ ਕਿ ਉਹ ਲੋਕਾਂ ਦੀ ਪ੍ਰਤੀਨਿਧਤਾ ਕਰਨ ਵਿਚ ਪ੍ਰਿਯੰਕਾ




ਨਾਲੋਂ ਜਿ਼ਆਦਾ ਤਜਰਬੇਕਾਰ ਹੈ। ਪ੍ਰਿਅੰਕਾ ਗਾਂਧੀ ਦੇ ਭਾਸਣ ਦੌਰਾਨ ਮੰਚ 'ਤੇ ਕਾਂਗਰਸ ਸੰਸਦੀ ਦਲ ਦੀ ਪ੍ਰਧਾਨ ਸੋਨੀਆ ਗਾਂਧੀ, ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ, ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ, ਕਰਨਾਟਕ ਦੇ ਮੁੱਖ ਮੰਤਰੀ ਸਿੱਧਰਮਈਆ ਅਤੇ ਪਾਰਟੀ ਦੇ ਹੋਰ ਸੀਨੀਅਰ ਨੇਤਾ ਮੌਜੂਦ ਸਨ। ਕਾਂਗਰਸ ਜਨਰਲ ਸਕੱਤਰ ਨੇ ਇਹ ਵੀ ਕਿਹਾ ਕਿ ਉਹ ਵਾਇਨਾਡ ਦੇ ਲੋਕਾਂ ਦੀ ਨੁਮਾਇੰਦਗੀ ਲਈ ਉਮੀਦਵਾਰ ਬਣਾਏ ਜਾਣ ਨੂੰ ਸਨਮਾਨ ਸਮਝਦੀ ਹੈ। ਉਹ ਜਿ਼ਲ੍ਹੇ ਵਿੱਚ ਜਮੀਨ ਖਿਸਕਣ ਦੌਰਾਨ ਵਾਇਨਾਡ ਦੇ ਲੋਕਾਂ ਦੁਆਰਾ ਦਿਖਾਈ ਗਈ ਹਿੰਮਤ ਤੋਂ ਬਹੁਤ ਪ੍ਰਭਾਵਿਤ ਹੋਈ ਹੈ। ਪ੍ਰਿਅੰਕਾ ਦਾ ਮੁਕਾਬਲਾ ਖੱਬੇ ਪੱਖੀ ਗਠਜੋੜ ਐੱਲਡੀਐੱਫ ਉਮੀਦਵਾਰ ਸੱਤਿਆਨ ਮੋਕੇਰੀ ਅਤੇ ਭਾਜਪਾ ਦੇ ਨਵਿਆ ਹਰੀਦਾਸ ਨਾਲ ਹੋਵੇਗਾ। ਇਸ ਲੋਕ ਸਭਾ ਚੋਣ ਵਿੱਚ ਵਾਇਨਾਡ ਦੇ ਨਾਲ-ਨਾਲ ਰਾਹੁਲ ਗਾਂਧੀ ਉੱਤਰ ਪ੍ਰਦੇਸ ਦੇ ਰਾਏਬਰੇਲੀ ਤੋਂ ਵੀ ਚੁਣੇ ਗਏ ਸਨ। ਬਾਅਦ ਵਿੱਚ ਉਸ ਨੇ ਵਾਇਨਾਡ ਸੀਟ ਛੱਡਣ ਦਾ ਫੈਸਲਾ ਕੀਤਾ। ਇਸ ਕਾਰਨ ਇੱਥੇ ਉਪ ਚੋਣਾਂ ਹੋ ਰਹੀਆਂ ਹਨ। ਵਾਇਨਾਡ 'ਚ 13 ਨਵੰਬਰ ਨੂੰ ਵੋਟਿੰਗ ਹੋਵੇਗੀ ਅਤੇ 23 ਨਵੰਬਰ ਨੂੰ ਵੋਟਾਂ ਦੀ ਗਿਣਤੀ ਹੋਵੇਗੀ।

## ਕਿਸਾਨ, ਜਵਾਨ ਤੇ ਖਿਡਾਰੀਆਂ ਲਈ ਜਦੋਂ ਤੱਕ ਜਿਉਂਦੀ ਹਾਂ ਲੜਦੀ ਰਹਾਂਗੀ : ਵਿਨੇਸ਼ ਫੋਗਾਟ

ਹਰਿਆਣਾ 23 ਅਕਤੂਬਰ। ਪਹਿਲਵਾਨ ਅਤੇ ਹਰਿਆਣਾ 'ਚ ਜੁਲਾਨਾ ਤੋਂ ਕਾਂਗਰਸ ਵਿਧਾਇਕ ਵਿਨੇਸ਼ ਫੋਗਾਟ ਨੇ ਕਿਹਾ ਕਿ ਉਹ ਜਦੋਂ ਤੱਕ ਜਿਉਂਦੀ ਹੈ, ਕਿਸਾਨ, ਜਵਾਨ ਅਤੇ ਖਿਡਾਰੀਆਂ ਲਈ ਲੜਦੀ ਰਹੇਗੀ। ਵਿਨੇਸ਼ ਨੇ ਇੱਥੇ ਮੀਡੀਆ ਨਾਲ ਗੱਲਬਾਤ 'ਚ ਕਿਹਾ ਕਿ ਕਿਸਾਨਾਂ ਲਈ ਜਦੋਂ ਉਹ ਰਾਜਨੀਤੀ 'ਚ ਨਹੀਂ ਸੀ, ਉਦੋਂ ਵੀ ਆਵਾਜ ਚੁੱਕੀ ਸੀ। ਉਸ ਨੇ ਕਿਹਾ ਕਿ ਕਿਸਾਨ, ਜਵਾਨ ਅਤੇ ਖਿਡਾਰੀ ਦੇਸ਼ ਦੀ ਨੀਂਹ ਹਨ ਅਤੇ ਉਨ੍ਹਾਂ ਲਈ ਸਦਾ ਲੜੇਗੀ। ਰਾਜਨੀਤੀ 'ਚ ਆਉਣ ਅਤੇ ਵਿਧਾਇਕ ਬਣਨ ਤੋਂ ਬਾਅਦ ਉਸ 'ਤੇ ਆਈ ਜਿ਼ੰਮੇਵਾਰੀ ਦੇ ਸਵਾਲ ਦੇ



ਜਵਾਬ 'ਚ ਉਸ ਨੇ ਕਿਹਾ ਕਿ ਜਿ਼ੰਮੇਵਾਰੀ ਤਾਂ ਉਦੋਂ ਵੀ ਉਸ ਦੇ ਉੱਪਰ ਰਹਿੰਦੀ ਸੀ, ਜਦੋਂ ਉਹ ਦੇਸ਼ ਲਈ ਖੇਡਦੀ ਸੀ। ਹੁਣ ਵਿਧਾਇਕ ਬਣਨ ਤੋਂ ਬਾਅਦ ਚੋਣ ਖੇਤਰ ਦੇ ਲੋਕਾਂ ਦੀ ਤਾਂ ਆਸ ਹੈ ਹੀ, ਦੇਸ਼ ਦੀ ਨਜਰ ਉਸ 'ਤੇ ਹੈ। ਉਸ ਨੇ ਕਿਹਾ,"ਮੈਂ ਭਰੋਸਾ ਦਿਵਾਉਣਾ ਚਾਹੁੰਦੀ ਹਾਂ ਕਿ ਅਸੀਂ ਜੋ ਲੜਾਈ ਲੜੀ ਸੀ, ਉਹ ਹਰ ਉਸ ਭੈਣ-ਧੀ ਦੀ ਲੜਾਈ ਹੈ ਜੋ ਲੜਨਾ ਜਾਣਦੀ ਹੈ, ਜੋ ਲੜਨਾ ਚਾਹੁੰਦੀ ਹੈ, ਉਸ ਦੀ ਲੜਾਈ ਲੜਨ ਦਾ ਕੰਮ ਅਸੀਂ ਕਰਾਂਗੇ।" ਸਾਕਸ਼ੀ ਮਲਿਕ ਦੇ ਇਸ ਬਿਆਨ ਕਿ ਲੜਾਈ ਕਮਜੋਰ ਹੋ ਗਈ ਹੈ, ਵਿਨੇਸ਼ ਨੇ ਕਿਹਾ ਕਿ ਲੜਾਈ ਕਮਜੋਰ ਨਹੀਂ ਹੋਈ ਹੈ, ਜਦੋਂ ਤੱਕ ਉਹ ਕਮਜੋਰ ਨਹੀਂ ਹੁੰਦੇ, ਲੜਾਈ ਕਮਜੋਰ ਨਹੀਂ ਹੋ ਸਕਦੀ ਹੈ। ਉਸ ਨੇ ਕਿਹਾ ਕਿ ਜਦੋਂ ਤੱਕ ਸਾਕਸ਼ੀ, ਬਜਰੰਗ ਅਤੇ ਵਿਨੇਸ਼ ਜਿਊਂਦੀ ਹੈ, ਲੜਾਈ ਕਮਜੋਰ ਨਹੀਂ ਹੋ ਸਕਦੀ ਹੈ। ਉਸ ਨੇ ਇਹ ਵੀ ਕਿਹਾ ਕਿ ਕਦੇ ਹਿੰਮਤ ਨਹੀਂ ਹਾਰਨੀ ਚਾਹੀਦੀ ਅਤੇ ਡਟ ਕੇ ਮੈਦਾਨ 'ਚ ਰਹਿਣਾ ਚਾਹੀਦਾ, ਸੰਘਰਸ਼ ਕਰਨਾ ਚਾਹੀਦਾ, ਜਿਸ ਲਈ ਉਹ ਤਿਆਰ ਹੈ।

# ਈ.ਡੀ. ਨੇ ਸਰਹੱਦ ਪਾਰ ਤਸਕਰੀ ਦੇ ਮਾਮਲੇ 'ਚ 6 ਲੋਕਾਂ ਨੂੰ ਕੀਤਾ ਗ੍ਰਿਫਤਾਰ

**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 23 ਅਕਤੂਬਰ। ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਕਿਹਾ ਕਿ ਏਜੰਸੀ ਨੇ ਅਫਗਾਨਿਸਤਾਨ ਤੋਂ ਭਾਰਤ ਵਿਚ ਕਥਿਤ ਤੌਰ 'ਤੇ ਨਸੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਇਕ ਗਿਰੋਹ ਨਾਲ ਸਬੰਧਤ ਮਨੀ ਲਾਂਡਰਿੰਗ ਮਾਮਲੇ ਦੀ ਜਾਂਚ ਦੇ ਸਬੰਧ ਵਿਚ 6 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਏਜੰਸੀ ਨੇ ਇਕ ਬਿਆਨ 'ਚ ਕਿਹਾ ਕਿ ਲਵਜੀਤ ਸਿੰਘ ਉਰਫ ਲੱਬਾ, ਮਨਜੀਤ ਸਿੰਘ ਉਰਫ ਮੰਨਾ ਨੂੰ 11 ਅਕਤੂਬਰ ਨੂੰ ਮਨੀ ਲਾਂਡਰਿੰਗ ਰੋਕੂ ਕਾਨੂੰਨ (ਪੀਐੱਮਐੱਲਏ) ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਹਿਰਾਸਤ 'ਚ ਲਿਆ ਗਿਆ ਸੀ। ਏਜੰਸੀ ਮੁਤਾਬਕ ਪ੍ਰਭਜੀਤ ਸਿੰਘ, ਗੁਰਜੋਤ ਸਿੰਘ, ਰਮਨਦੀਪ ਸਿੰਘ ਨੂੰ 18 ਅਕਤੂਬਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ, ਜਦਕਿ ਗੁਰਪ੍ਰੀਤ ਸਿੰਘ ਨੂੰ 20 ਅਕਤੂਬਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਇਹ ਮਨੀ ਲਾਂਡਰਿੰਗ ਕੇਸ ਡਾਇਰੈਕਟੋਰੇਟ ਆਫ ਰੈਵੇਨਿਊ ਇੰਟੈਲੀਜੈਂਸ (ਡੀਆਰਆਈ) ਅਤੇ ਦਿੱਲੀ ਪੁਲਸ ਦੇ ਸਪੈਸਲ ਸੈੱਲ ਦੀ ਸਿ਼ਕਾਇਤ ਤੋਂ ਬਾਅਦ ਦਰਜ ਕੀਤਾ ਗਿਆ ਸੀ। ਪੁਲਸ ਨੇ ਸੰਧੂ ਐਕਸਪੋਰਟ ਨਾਮੀ ਕੰਪਨੀ ਦੁਆਰਾ ਦਰਾਮਦ ਕੀਤੇ ਗਏ ਕੰਟੇਨਰਾਂ 'ਚ ਮੁੰਬਈ ਦੇ ਨਹਾਵਾ ਸੇਵਾ ਬੰਦਰਗਾਹ ਤੋਂ 293.81 ਕਿਲੋਗ੍ਰਾਮ




ਹੈਰੋਇਨ ਅਤੇ ਫਰੀਦਾਬਾਦ, ਹਰਿਆਣਾ ਦੇ 2 ਵਾਹਨਾਂ ਅਤੇ ਇਕ ਫਲੈਟ ਤੋਂ 352.71 ਕਿਲੋ ਹੈਰੋਇਨ ਬਰਾਮਦ ਕੀਤੀ ਸੀ। ਏਜੰਸੀ ਨੇ ਕਿਹਾ ਕਿ ਦੋਸੀ ਪੰਜਾਬ, ਹਰਿਆਣਾ ਅਤੇ ਦਿੱਲੀ 'ਚ ਹੈਰੋਇਨ ਦੀ ਤਸਕਰੀ, ਨਸ਼ੀਲੇ ਪਦਾਰਥ ਨੂੰ ਸਟੋਰ ਕਰਨ ਅਤੇ ਉਸ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਕੰਮ ਕਰਦੇ ਸਨ।" ਈ.ਡੀ. ਨੇ ਦੱਸਿਆ,"ਇਹ ਲੋਕ ਇਕ ਗਿਰੋਹ ਦੇ ਮੁੱਖ ਮੈਂਬਰ ਹਨ, ਜੋ ਅਫਗਾਨਿਸਤਾਨ ਅਤੇ ਈਰਾਨ ਤੋਂ ਟੈਲਕ ਸਟੋਨ ਅਤੇ ਜਿਪਸਮ ਪਾਊਡਰ ਦੀ ਖੇਪ 'ਚ ਹੈਰੋਇਨ ਲੁਕਾ ਕੇ ਤਸਕਰੀ ਕਰਦੇ ਸਨ।" ਏਜੰਸੀ ਨੇ ਦੋਸ਼ ਲਗਾਇਆ ਕਿ ਇਨ੍ਹਾਂ ਲੋਕਾਂ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਲਈ ਪ੍ਰਭਜੀਤ ਸਿੰਘ ਦੀ ਮੁਲਕੀਅਤ ਵਾਲੀ 'ਸੰਧੂ ਐਕਸਪੋਰਟਸ' ਨਾਮੀ ਕੰਪਨੀ ਬਣਾਈ ਸੀ। ਈ.ਡੀ. ਨੇ ਦੱਸਿਆ,"ਈਰਾਨ ਅਤੇ ਅਫਗਾਨਿਸਤਾਨ ਤੋਂ ਤਸਕਰੀ ਕਰ ਕੇ ਲਿਆਂਦੇ ਗਏ ਨਸ਼ੀਲੇ ਪਦਾਰਥਾਂ ਨੂੰ ਨਹਾਵਾ ਸ਼ੇਵਾ ਬੰਦਰਗਾਹ ਤੋਂ ਆਯਾਤ ਕੀਤਾ ਜਾਂਦਾ ਸੀ ਅਤੇ ਬਾਅਦ 'ਚ ਇਨ੍ਹਾਂ ਨੂੰ ਮੱਧ ਪ੍ਰਦੇਸ਼ ਦੇ ਸ਼ਿਵਪੁਰੀ 'ਚ ਕਿਰਾਏ ਦੇ ਇਕ ਗੋਦਾਮ 'ਚ ਇਕੱਠਾ ਕੀਤਾ ਜਾਂਦਾ ਸੀ। ਦਿੱਲੀ, ਪੰਜਾਬ ਅਤੇ ਹਰਿਆਣਾ ਦੇ ਕੁਝ ਹਿੱਸਿਆਂ 'ਚ ਇਸ ਦੀ ਤਸਕਰੀ ਕੀਤੀ ਜਾਂਦੀ ਸੀ।" ਏਜੰਸੀ ਨੇ ਦੱਸਿਆ,"ਕਾਨੂੰਨ ਇਨਫੋਰਸਮੈਂਟ ਏਜੰਸੀਆਂ ਦੀ ਨਜਰ ਤੋਂ ਬਚਣ ਲਈ 10 ਕਿਲੋਗ੍ਰਾਮ ਤੋਂ ਘੱਟ ਮਾਤਰਾ 'ਚ ਨਸ਼ੀਲਾ ਪਦਾਰਥ ਲਿਆਇਆ ਲਿਜਾਇਆ ਜਾਂਦਾ ਸੀ।"

## ਮੁੰਬਈ ਪੁਲਸ ਵਲੋਂ ਬਾਬਾ ਸਿੱਦੀਕੀ ਕਤਲ ਕੇਸ 'ਚ 11ਵੀਂ ਗ੍ਰਿਫਤਾਰੀ

ਮੁੰਬਈ 23 ਅਕਤੂਬਰ। ਮੁੰਬਈ ਪੁਲਸ ਨੇ ਬੁੱਧਵਾਰ ਨੂੰ ਰਾਸਟਰਵਾਦੀ ਕਾਂਗਰਸ ਪਾਰਟੀ (ਐੱਨ.ਸੀ.ਪੀ.) ਨੇਤਾ ਬਾਬਾ ਸਿੱਦੀਕੀ ਦੇ ਕਤਲ ਦੇ ਮਾਮਲੇ 'ਚ ਇਕ ਹੋਰ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ, ਜਿਸ ਨਾਲ ਇਸ ਮਾਮਲੇ 'ਚ ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਦੀ ਗਿਣਤੀ 11 ਹੋ ਗਈ ਹੈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਮੁਲਜਮ ਦੀ ਪਛਾਣ ਅਮਿਤ ਹਿਸਾਮਸਿੰਘ ਕੁਮਾਰ (29) ਵਜੋਂ ਹੋਈ ਹੈ ਅਤੇ ਹੋਰ ਮੁਲਜਮਾਂ ਤੋਂ ਪੁੱਛਗਿੱਛ ਦੌਰਾਨ ਅਪਰਾਧ ਵਿਚ ਉਸ ਦੀ ਭੂਮਿਕਾ ਦੇ ਸਾਹਮਣੇ ਆਉਣ ਤੋਂ ਬਾਅਦ ਉਸ ਨੂੰ ਹਰਿਆਣਾ ਤੋਂ ਗ੍ਰਿਫਤਾਰ ਕਰ ਲਿਆ ਗਿਆ। ਸਿੱਦੀਕੀ ਦੀ 12 ਅਕਤੂਬਰ ਨੂੰ ਮੁੰਬਈ ਦੇ ਬਾਂਦਰਾ ਇਲਾਕੇ 'ਚ ਉਨ੍ਹਾਂ ਦੇ ਪੁੱਤਰ ਅਤੇ ਵਿਧਾਇਕ ਜੀਸਾਨ ਸਿੱਦੀਕੀ ਦੇ ਦਫਤਰ ਦੇ ਬਾਹਰ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਜਾਂਚਕਰਤਾਵਾਂ ਨੂੰ ਅਜੇ ਤੱਕ ਕਤਲ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਉਹ ਮਾਮਲੇ ਦੀ ਵੱਖ-ਵੱਖ ਪਹਿਲੂਆਂ ਤੋਂ ਜਾਂਚ ਕਰ ਰਹੇ ਹਨ, ਜਿਸ 'ਚ ਸੁਪਾਰੀ ਕਤਲ, ਕਾਰੋਬਾਰੀ ਦੁਸਮਣੀ ਜਾਂ ਮੁੰਬਈ 'ਚ ਝੁੱਗੀ-ਝੌਂਪੜੀ ਦੇ ਮੁੜ ਵਸੇਬਾ ਪ੍ਰਾਜੈਕਟ ਨੂੰ ਲੈ ਕੇ ਉਨ੍ਹਾਂ ਨੂੰ ਮਿਲੀਆਂ ਧਮਕੀਆਂ ਸਾਮਲ ਹਨ। ਪੁਲਸ ਨੇ ਹੁਣ ਤੱਕ ਦੋ ਸੱਕੀ ਸੂਟਰਾਂ ਸਮੇਤ 10 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ, ਜਦੋਂ ਕਿ ਮੁੱਖ ਸੂਟਰ ਅਤੇ ਦੋ ਸਾਜਿ਼ਸਕਾਰ ਫਰਾਰ ਹਨ।

# ਹਵਾ ਪ੍ਰਦੂਸ਼ਣ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਕੋਵਿਡ-19 ਤੋਂ ਹੋ ਸਕਦੀ ਵੱਧ : ਡਾ: ਗੁਲੇਰੀਆ

**ਤੇਜਿੰਦਰ ਕੌਰ ਬੱਬਰ**

ਨੈਸਨਲ ਡੈਸਕ 23 ਅਕਤੂਬਰ। ਦਿੱਲੀ ਵਿੱਚ ਵਧ ਰਹੇ ਹਵਾ ਪ੍ਰਦੂਸਣ ਨੂੰ ਲੈ ਕੇ ਮੇਦਾਂਤਾ ਦੇ ਇੰਟਰਨਲ ਮੈਡੀਸਨ, ਰੈਸਪੀਰੇਟਰੀ ਐਂਡ ਸਲੀਪ ਮੈਡੀਸਨ ਦੇ ਚੇਅਰਮੈਨ ਅਤੇ ਏਮਜ ਦਿੱਲੀ ਦੇ ਸਾਬਕਾ ਡਾਇਰੈਕਟਰ ਡਾਕਟਰ ਰਣਦੀਪ ਗੁਲੇਰੀਆ ਨੇ ਗੰਭੀਰ ਚੇਤਾਵਨੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਹਵਾ ਪ੍ਰਦੂਸਣ ਕਾਰਨ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਕੋਵਿਡ-19 ਨਾਲੋਂ ਕਿਤੇ ਜਿ਼ਆਦਾ ਹੋ ਸਕਦੀ ਹੈ। ਹਾਲ ਹੀ 'ਚ ਦਿੱਲੀ 'ਚ ਏਅਰ ਕੁਆਲਿਟੀ ਇੰਡੈਕਸ () ਡਿੱਗ ਰਿਹਾ ਹੈ। ਬਹੁਤ ਸਾਰੇ ਹਿੱਸਿਆਂ ਵਿੱਚ ਧੂੰਆਂ ਹੈ ਅਤੇ ਅੱਜ ਸਵੇਰੇ 354 ਦਰਜ ਕੀਤਾ ਗਿਆ, ਜੋ "ਬਹੁਤ ਖਰਾਬ" ਸ੍ਰੇਣੀ ਵਿੱਚ ਆਉਂਦਾ ਹੈ। ਡਾ: ਗੁਲੇਰੀਆ ਨੇ ਕਿਹਾ ਕਿ 2021 ਵਿੱਚ ਹਵਾ ਪ੍ਰਦੂਸਣ ਕਾਰਨ ਦੁਨੀਆ ਭਰ ਵਿੱਚ 80 ਲੱਖ ਲੋਕਾਂ ਦੀ ਮੌਤ ਹੋਈ, ਜੋ ਕੋਵਿਡ-19 ਕਾਰਨ ਹੋਈਆਂ ਮੌਤਾਂ ਦੀ ਗਿਣਤੀ ਤੋਂ ਵੱਧ ਹੈ। ਉਹਨਾਂ ਨੇ ਕਿਹਾ, 'ਅਸੀਂ ਕੋਵਿਡ ਨੂੰ ਲੈ ਕੇ ਚਿੰਤਤ ਹਾਂ ਪਰ ਹਵਾ ਪ੍ਰਦੂਸਣ ਦੀ ਗੰਭੀਰਤਾ ਨੂੰ ਨਜਰਅੰਦਾਜ ਕਰ ਰਹੇ ਹਾਂ।' ਭਾਰਤ ਦੇ ਤਾਜਾ ਅੰਕੜਿਆਂ ਅਨੁਸਾਰ 2.5 ਮਾਈਕ੍ਰੋਮੀਟਰ ਜਾਂ ਇਸ ਤੋਂ ਛੋਟੇ (ਪੀ. ਐੱਮ. 2.5) ਦੇ ਕਣਾਂ ਦਾ ਵਾਧਾ ਮੌਤ ਦਰ ਨੂੰ



ਵਧਾਉਂਦਾ ਹੈ। ਇਹ ਕਣ ਸਾਹ ਅਤੇ ਦਿਲ ਸਬੰਧੀ ਸਮੱਸਿਆਵਾਂ ਨੂੰ ਵਧਾਉਂਦੇ ਹਨ, ਜਿਸ ਨਾਲ ਬਹੁਤ ਸਾਰੇ ਮਰੀਜ ਆਈਸੀਯੂ ਜਾਂ ਵੈਂਟੀਲੇਟਰਾਂ ਤੱਕ ਪਹੁੰਚ ਜਾਂਦੇ ਹਨ। ਡਾ: ਗੁਲੇਰੀਆ ਨੇ ਇਹ ਵੀ ਕਿਹਾ ਕਿ ਹਵਾ ਪ੍ਰਦੂਸਣ ਦਿਲ ਦੇ ਮਰੀਜਾਂ ਦੀਆਂ ਨਾੜੀਆਂ ਵਿੱਚ ਸੋਜ ਦਾ ਕਾਰਨ ਬਣ ਸਕਦਾ ਹੈ, ਜਿਸ ਨਾਲ ਦਿਲ ਦੇ ਦੌਰੇ ਦਾ ਖਤਰਾ ਵੱਧ ਜਾਂਦਾ ਹੈ। ਪ੍ਰਦੂਸਣ ਸਿਰਫ ਫੇਫੜਿਆਂ ਅਤੇ ਦਿਲ ਤੱਕ ਸੀਮਤ ਨਹੀਂ, ਸਗੋਂ ਇਹ ਸਰੀਰ ਦੇ ਹੋਰ ਅੰਗਾਂ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ। ਵਾਤਾਵਰਣ ਮੰਤਰਾਲੇ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਦਿੱਲੀ ਦਾ "ਬਹੁਤ ਮਾੜੀ" ਸ੍ਰੇਣੀ ਵਿੱਚ ਰਹਿਣ ਦੀ ਸੰਭਾਵਨਾ ਹੈ। ਕਮਿਸਨ ਫਾਰ ਏਅਰ ਕੁਆਲਿਟੀ ਮੈਨੇਜਮੈਂਟ () ਨੇ ਪ੍ਰਦੂਸਣ ਨੂੰ ਰੋਕਣ ਲਈ (ਗ੍ਰੇਡਡ ਰਿਸਪਾਂਸ ਐਕਸਨ ਪਲਾਨ) ਦਾ ਦੂਜਾ ਪੜਾਅ ਲਾਗੂ ਕੀਤਾ ਹੈ, ਜਿਸ ਵਿੱਚ 11-ਪੁਆਇੰਟ ਐਕਸਨ ਪਲਾਨ ਸਾਮਲ ਹੈ। ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜਨਤਕ ਟਰਾਂਸਪੋਰਟ ਦੀ ਵਰਤੋਂ ਕਰੋ, ਨਿੱਜੀ ਵਾਹਨਾਂ ਦੀ ਵਰਤੋਂ ਘੱਟ ਕਰੋ ਅਤੇ ਆਪਣੇ ਵਾਹਨਾਂ ਦੇ ਏਅਰ ਫਿਲਟਰ ਨੂੰ ਨਿਯਮਤ ਰੂਪ ਵਿੱਚ ਬਦਲੋ। ਲੋਕਾਂ ਨੂੰ ਧੂੜ ਪੈਦਾ ਕਰਨ ਵਾਲੀਆਂ ਗਤੀਵਿਧੀਆਂ ਅਤੇ ਠੋਸ ਰਹਿੰਦ-ਖੂੰਹਦ ਨੂੰ ਖੁੱਲ੍ਹੇਆਮ ਸਾੜਨ ਤੋਂ ਬਚਣ ਦੀ ਵੀ ਸਲਾਹ ਦਿੱਤੀ ਗਈ ਹੈ। ਇਸ ਦੌਰਾਨ ਦਿੱਲੀ ਦੀ ਯਮੁਨਾ ਨਦੀ 'ਚ ਵੀ ਜਹਿਰੀਲਾ ਝੱਗ ਦੇਖਿਆ ਗਿਆ ਹੈ, ਜਿਸ ਨਾਲ ਪ੍ਰਦੂਸਣ ਦਾ ਪੱਧਰ ਹੋਰ ਵਧ ਗਿਆ ਹੈ।

## ਐੱਨਸੀਪੀ ਨੇ ਵਿਧਾਨ ਸਭਾ ਚੋਣਾਂ ਲਈ 27 ਸਟਾਰ ਪ੍ਰਚਾਰਕਾਂ ਦੀ ਸੂਚੀ ਕੀਤੀ ਜਾਰੀ

ਮੁੰਬਈ 23 ਅਕਤੂਬਰ। ਰਾਸਟਰਵਾਦੀ ਕਾਂਗਰਸ ਪਾਰਟੀ (ਐੱਨਸੀਪੀ) ਦੇ ਮੁਖੀ ਅਜੀਤ ਪਵਾਰ ਨੇ ਮਹਾਰਾਸਟਰ ਵਿਧਾਨ ਸਭਾ ਚੋਣਾਂ ਲਈ 27 ਸਟਾਰ ਪ੍ਰਚਾਰਕਾਂ ਦੀ ਸੂਚੀ ਜਾਰੀ ਕੀਤੀ ਹੈ। ਪਾਰਟੀ ਵੱਲੋਂ ਜਾਰੀ ਅਧਿਕਾਰਤ ਪ੍ਰੈੱਸ ਬਿਆਨ ਮੁਤਾਬਕ ਪ੍ਰਚਾਰਕਾਂ 'ਚ ਐੱਨ.ਸੀ.ਪੀ. ਦੇ ਰਾਸਟਰੀ ਪ੍ਰਧਾਨ ਅਤੇ ਉਪ ਮੁੱਖ ਮੰਤਰੀ ਅਜੀਤ ਪਵਾਰ, ਰਾਸਟਰੀ ਕਾਰਜਕਾਰੀ ਪ੍ਰਧਾਨ ਅਤੇ ਸੰਸਦ ਮੈਂਬਰ ਪ੍ਰਫੁੱਲ ਪਟੇਲ, ਸੂਬਾ ਪ੍ਰਧਾਨ ਸੰਸਦ ਮੈਂਬਰ ਸੁਨੀਲ ਤਟਕਰੇ, ਸੀਨੀਅਰ ਨੇਤਾ ਮੰਤਰੀ ਛਗਨ ਭੁਜਬਲ, ਸਹਿਕਾਰਤਾ ਮੰਤਰੀ ਦਿਲੀਪ ਵਾਲਸੇ ਪਾਟਿਲ, ਖੇਤੀਬਾੜੀ ਮੰਤਰੀ ਧਨੰਜੈ ਮੁੰਡੇ, ਮੈਡੀਕਲ ਸਿੱਖਿਆ ਮੰਤਰੀ ਹਸਨ ਮੁਸਰਿਫ, ਵਿਧਾਨ ਸਭਾ ਦੇ ਡਿਪਟੀ ਸਪੀਕਰ ਨਰਹਰੀ ਜਰਵਾਲ ਅਤੇ ਮਹਿਲਾ ਤੇ ਬਾਲ ਵਿਕਾਸ ਮੰਤਰੀ ਅਦਿਤੀਤਾਈ ਸਾਮਲ ਹਨ। ਮਹਾਰਾਸਟਰ ਦੀ 288 ਮੈਂਬਰੀ ਵਿਧਾਨ ਸਭਾ ਲਈ 20 ਨਵੰਬਰ ਨੂੰ ਇਕ ਪੜਾਅ ਵਿੱਚ ਵੋਟਿੰਗ ਹੋਵੇਗੀ, ਜਦੋਂ ਕਿ ਵੋਟਾਂ ਦੀ ਗਿਣਤੀ 23 ਨਵੰਬਰ ਨੂੰ ਹੋਵੇਗੀ। 2019 ਦੀਆਂ ਵਿਧਾਨ ਸਭਾ ਚੋਣਾਂ ਰਾਸਟਰੀ ਜਮਹੂਰੀ ਗਠਜੋੜ (ਐੱਨਡੀਏ) ਦੇ ਬੈਨਰ ਹੇਠ ਭਾਜਪਾ ਅਤੇ ਅਣਵੰਡੇ ਸਿ਼ਵ ਸੈਨਾ ਦੁਆਰਾ ਸਾਂਝੇ ਤੌਰ 'ਤੇ ਲੜੀਆਂ ਗਈਆਂ ਸਨ। ਰਾਜ ਦੀ 288 ਮੈਂਬਰੀ ਵਿਧਾਨ ਸਭਾ ਵਿੱਚ ਭਾਜਪਾ ਨੇ 165



ਸੀਟਾਂ 'ਤੇ ਉਮੀਦਵਾਰ ਉਤਾਰੇ ਸਨ ਅਤੇ ਉਹ 105 ਸੀਟਾਂ ਜਿੱਤ ਕੇ ਸਭ ਤੋਂ ਵੱਡੀ ਪਾਰਟੀ ਬਣ ਗਈ ਸੀ। ਸਿ਼ਵ ਸੈਨਾ ਨੇ 126 ਸੀਟਾਂ 'ਤੇ ਚੋਣ ਲੜੀ ਅਤੇ 56 'ਤੇ ਜਿੱਤ ਹਾਸਲ ਕੀਤੀ। ਦੂਜੇ ਪਾਸੇ ਕਾਂਗਰਸ ਨੇ 147 ਸੀਟਾਂ 'ਤੇ ਉਮੀਦਵਾਰ ਖੜ੍ਹੇ ਕੀਤੇ ਸਨ ਅਤੇ ਉਸ ਨੂੰ 44 ਸੀਟਾਂ 'ਤੇ ਜਿੱਤ ਮਿਲੀ ਸੀ, ਜਦਕਿ ਐੱਨਸੀਪੀ ਨੇ 121 ਵਿੱਚੋਂ 54 ਸੀਟਾਂ ਜਿੱਤੀਆਂ ਸਨ।

# ਜਨਸੇਵਾ ਨੇ 5 ਅਤੇ ਸਰਯੂ-ਯਮੁਨਾ ਐਕਸਪ੍ਰੈੱਸ ਨੇ 4 ਘੰਟੇ ਕਰਵਾਈ ਉਡੀਕ

ਜਲੰਧਰ 23 ਅਕਤੂਬਰ। ਟਰੇਨਾਂ ਦੀ ਦੇਰੀ ਕਾਰਨ ਯਾਤਰੀਆਂ ਦੀ ਪ੍ਰੇਸ਼ਾਨੀ ਰੁਕਣ ਦਾ ਨਾਂ ਨਹੀਂ ਲੈ ਰਹੀ। ਕਰਤਾਰਪੁਰ ਵਾਲੇ ਟਰੈਕ 'ਤੇ ਇੰਟਰਲਾਕਿੰਗ ਦਾ ਕੰਮ ਚੱਲ ਰਿਹਾ ਹੈ, ਜਿਸ ਕਾਰਨ ਅੰਮ੍ਰਿਤਸਰ ਵੱਲ ਜਾਣ ਵਾਲੀਆਂ ਟਰੇਨਾਂ ਨੂੰ ਦਿੱਕਤਾਂ ਪੇਸ਼ ਆ ਰਹੀਆਂ ਹਨ। ਉਥੇ ਹੀ, ਦਿੱਲੀ ਤੋਂ ਆਉਣ ਵਾਲੀਆਂ ਟਰੇਨਾਂ ਲੇਟ ਹੋਣ ਕਾਰਨ ਯਾਤਰੀਆਂ ਨੂੰ ਸਟੇਸ਼ਨ 'ਤੇ ਲੰਮੀ ਉਡੀਕ ਕਰਨੀ ਪੈ ਰਹੀ ਹੈ। ਇਸੇ ਸਿਲਸਿਲੇ ਵਿਚ ਪੰਜਾਬ ਨਾਲ ਸਬੰਧਤ ਮਹੱਤਵਪੂਰਨ 12029 ਸਵਰਨ ਸ਼ਤਾਬਦੀ ਆਪਣੇ ਨਿਰਧਾਰਿਤ ਸਮੇਂ 12.06 ਤੋਂ 2 ਘੰਟੇ ਦੀ ਦੇਰੀ ਨਾਲ ਦੁਪਹਿਰ 2.10 ਵਜੇ ਤੋਂ ਬਾਅਦ ਸਿਟੀ ਸਟੇਸ਼ਨ 'ਤੇ ਪਹੁੰਚੀ। ਇਸੇ ਤਰ੍ਹਾਂ ਨਾਲ ਸਰਯੂ-ਯਮੁਨਾ ਐਕਸਪ੍ਰੈੱਸ 14649 ਆਪਣੇ ਨਿਰਧਾਰਿਤ ਸਮੇਂ ਦੁਪਹਿਰ 3.09 ਤੋਂ ਸਾਢੇ 4 ਘੰਟੇ ਦੀ ਦੇਰੀ ਨਾਲ ਸ਼ਾਮ 7.40 ਵਜੇ ਕੈਂਟ ਸਟੇਸ਼ਨ 'ਤੇ ਪੁੱਜੀ। ਅਕਾਲ ਤਖਤ ਦੁਪਹਿਰ 3.40 ਤੋਂ ਲਗਭਗ 6 ਘੰਟੇ ਦੀ ਦੇਰੀ ਨਾਲ ਰਾਤ ਸਾਢੇ 9 ਵਜੇ ਦੇ ਲਗਭਗ ਜਲੰਧਰ ਆਈ। 14617 ਪੂਰਨੀਆ ਕੋਟ ਤੋਂ ਅੰਮ੍ਰਿਤਸਰ ਜਾਣ ਵਾਲੀ ਜਨਸੇਵਾ ਐਕਸਪ੍ਰੈੱਸ ਸਾਢੇ 5 ਘੰਟੇ ਦੀ ਦੇਰੀ ਨਾਲ ਰਾਤ 8.37 'ਤੇ, 14649 ਸਰਯੂ-ਯਮੁਨਾ ਐਕਸਪ੍ਰੈੱਸ ਸਾਢੇ 4 ਘੰਟੇ ਦੀ ਦੇਰੀ ਨਾਲ 7.51 ਅਤੇ ਇੰਟਰਸਿਟੀ ਐਕਸਪ੍ਰੈੱਸ ਦਿੱਲੀ 12460 ਆਪਣੇ ਨਿਰਧਾਰਿਤ ਸਮੇਂ ਤੋਂ ਢਾਈ ਘੰਟੇ ਦੀ ਦੇਰੀ ਨਾਲ ਪੁੱਜੀ। 3 ਘੰਟੇ ਦੀ ਦੇਰੀ ਨਾਲ ਪਹੁੰਚਣ ਵਾਲੀਆਂ ਟਰੇਨਾਂ ਵਿਚ 15707 ਆਮਰਪਾਲੀ ਐਕਸਪ੍ਰੈੱਸ,



ਗਰੀਬ ਰੱਥ ਐਕਸਪ੍ਰੈੱਸ 12203 ਅਤੇ ਅੰਮ੍ਰਿਤਸਰ ਐਕਸਪ੍ਰੈੱਸ 14506 ਸ਼ਾਮਲ ਰਹੀ। ਵੈਸ਼ਨੋ ਦੇਵੀ ਕਟੜਾ ਸਮਰ ਸਪੈਸ਼ਲ 04075 ਢਾਈ ਘੰਟੇ ਦੀ ਦੇਰੀ ਨਾਲ ਪੁੱਜੀ, ਜਦਕਿ ਅੰਮ੍ਰਿਤਸਰ ਐਕਸਪ੍ਰੈੱਸ 11057 ਅਤੇ 14661 ਸ਼ਾਲੀਮਾਰ ਲੱਗਭਗ 1-1 ਘੰਟੇ ਦੀ ਦੇਰੀ ਨਾਲ ਸਪਾਟ 'ਤੇ ਰਿਕਾਰਡ ਹੋਈਆਂ। ਟਰੇਨਾਂ ਦੀ ਦੇਰੀ ਤੋਂ ਇਲਾਵਾ ਡਾਇਵਰਟ ਰੂਟਾਂ ਤੋਂ ਚੱਲਣ ਵਾਲੀਆਂ ਟਰੇਨਾਂ 'ਚੋਂ ਕਈ ਟਰੇਨਾਂ 12 ਜੁਲਾਈ ਤਕ ਦੂਜੇ ਰੂਟਾਂ ਜਰੀਏ ਆਪਣੀ ਮੰਜ਼ਿਲ 'ਤੇ ਪਹੁੰਚਣ ਵਾਲੀਆਂ ਹਨ। ਇਸੇ ਸਿਲਸਿਲੇ ਵਿਚ ਪੁਰਾਣੀ ਦਿੱਲੀ ਤੋਂ ਪਠਾਨਕੋਟ ਦੇ ਵਿਚਕਾਰ ਚੱਲਣ ਵਾਲੀ 22429-22430 ਜਲੰਧਰ ਕੈਂਟ ਤੋਂ ਮੁਕੇਰੀਆਂ ਹੁੰਦੇ ਹੋਏ ਪਠਾਨਕੋਟ ਪਹੁੰਚੇਗੀ। ਇਸੇ ਤਰ੍ਹਾਂ ਨਾਲ ਵਾਪਸੀ ਦੇ ਰੂਟ 'ਤੇ ਪਠਾਨਕੋਟ ਤੋਂ ਮੁਕੇਰੀਆਂ ਹੁੰਦੇ ਹੋਏ ਜਲੰਧਰ ਕੈਂਟ ਆਵੇਗੀ। ਰੇਲਵੇ ਵੱਲੋਂ ਅਮਰਨਾਥ ਯਾਤਰਾ ਦੇ ਮੱਦੇਨਜਰ ਸਪੈਸ਼ਲ ਟਰੇਨ ਚਲਾਈ ਜਾ ਰਹੀ ਹੈ, ਜਿਹੜੀ ਕਿ ਜਬਲਪੁਰ ਤੋਂ ਵੈਸ਼ਨੋ ਦੇਵੀ ਕਟੜਾ ਦੇ ਵਿਚਕਾਰ ਚੱਲੇਗੀ। ਇਹ ਟਰੇਨ ਜਲੰਧਰ ਤੋਂ ਹਰੇਕ ਸੋਮਵਾਰ ਨੂੰ ਚੱਲਿਆ ਕਰੇਗੀ, ਜਦੋਂ ਕਿ ਮੰਗਲਵਾਰ ਨੂੰ ਕਟੜਾ ਤੋਂ ਚੱਲਿਆ ਕਰੇਗੀ। 15 ਜੁਲਾਈ ਤੋਂ ਲੈ ਕੇ 6 ਅਗਸਤ ਤਕ 01707-01708 ਅਮਰਨਾਥ ਯਾਤਰਾ ਸਪੈਸ਼ਲ ਟਰੇਨ ਦੇ ਨਾਂ ਨਾਲ ਚਲਾਈ ਜਾ ਰਹੀ ਹੈ। ਹਰੇਕ ਸੋਮਵਾਰ ਉਕਤ ਟਰੇਨ ਜਲੰਧਰ ਕੈਂਟ ਸਵੇਰੇ 6.31 ਵਜੇ ਪਹੁੰਚੇਗੀ ਅਤੇ 6.36 'ਤੇ ਚੱਲੇਗੀ। ਇਸੇ ਤਰ੍ਹਾਂ ਵਾਪਸੀ 'ਤੇ ਮੰਗਲਵਾਰ ਨੂੰ ਰਾਤ 11.25 ਵਜੇ ਕੈਂਟ ਸਟੇਸ਼ਨ 'ਤੇ ਪਹੁੰਚਿਆ ਕਰੇਗੀ।

### ਵਿਦੇਸ਼ ਭੇਜਣ ਦੇ ਬਹਾਨੇ ਠੱਗੀ ਮਾਰਨ ਵਾਲਾ ਭਗੌੜਾ ਫਰਜ਼ੀ ਟ੍ਰੈਵਲ ਏਜੰਟ ਗ੍ਰਿਫ਼ਤਾਰ

ਨਵਾਂਸ਼ਹਿਰ 23 ਅਕਤੂਬਰ। ਥਾਣਾ ਸਿਟੀ ਨਵਾਂਸ਼ਹਿਰ ਦੀ ਪੁਲਸ ਨੇ ਵਿਦੇਸ਼ ਭੇਜਣ ਦੇ ਬਹਾਨੇ ਠੱਗੀ ਮਾਰਨ ਵਾਲੇ ਭਗੌੜੇ ਫਰਜ਼ੀ ਟ੍ਰੈਵਲ ਏਜੰਟ ਨੂੰ ਗ੍ਰਿਫ਼ਤਾਰ ਕਰਨ 'ਚ ਸਫ਼ਲਤਾ ਹਾਸਲ ਕੀਤੀ ਹੈ। ਐੱਸ. ਐੱਚ. ਓ. ਸਬ-ਇੰਸਪੈਕਟਰ ਮਹਿੰਦਰ ਸਿੰਘ ਨੇ ਦੱਸਿਆ ਕਿ ਵਿਜੈ ਕੁਮਾਰ ਪੁੱਤਰ ਸੋਹਣ ਲਾਲ ਵਾਸੀ ਪਿੰਡ ਲੰਗੜੋਆ ਨੇ ਆਪਣੀ ਸ਼ਿਕਾਇਤ 'ਚ ਦੱਸਿਆ ਸੀ ਕਿ ਉਹ ਪਸ਼ੂ ਹਸਪਤਾਲ 'ਚ ਪਰਮਿੰਦਰ ਸਿੰਘ ਪੁੱਤਰ ਦੀਦਾਰ ਸਿੰਘ ਵਾਸੀ ਗੜ੍ਹਸ਼ੰਕਰ ਨੂੰ ਮਿਲਿਆ ਸੀ, ਜਿਸ ਨੇ ਉਸ ਨੂੰ ਆਪਣੇ ਭਰਾ ਨੂੰ ਵਿਦੇਸ਼ ਭੇਜਣ ਦੇ ਝਾਂਸੇ ਵਿਚ ਲੈ ਕੇ ਠੱਗੀ ਕੀਤੀ। ਉਕਤ ਸ਼ਿਕਾਇਤ ਦੇ ਆਧਾਰ 'ਤੇ ਉਕਤ ਪਰਮਿੰਦਰ ਸਿੰਘ ਖ਼ਿਲਾਫ ਥਾਣਾ ਸਿਟੀ ਨਵਾਂਸ਼ਹਿਰ 'ਚ ਧਾਰਾ 406,420 ਦਾ ਪਰਚਾ ਦਰਜ ਕੀਤਾ ਗਿਆ ਸੀ, ਜਿਸ 'ਚ ਉਕਤ ਦੋਸ਼ੀ ਭਗੌੜਾ ਸੀ। ਨਵਾਂਸ਼ਹਿਰ ਦੇ ਥਾਣਾ ਸਿਟੀ ਦੀ ਪੁਲਸ ਨੇ ਉਕਤ ਭਗੌੜੇ ਨੂੰ ਗ੍ਰਿਫਤਾਰ ਕਰਨ 'ਚ ਸਫਲਤਾ ਹਾਸਲ ਕੀਤੀ ਹੈ। ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਮੁਲਜ਼ਮਾਂ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ।

## ਕੈਦੀ ਅਤੇ ਹਵਾਲਾਤੀ ਕੋਲੋਂ 135 ਨਸ਼ੇ ਵਾਲੀਆਂ ਗੋਲੀਆਂ ਬਰਾਮਦ

ਗੁਰਦਾਸਪੁਰ 23 ਅਕਤੂਬਰ। ਕੇਂਦਰੀ ਜੇਲ੍ਹ 'ਚ ਬੰਦ ਕੈਦੀ ਅਤੇ ਹਵਾਲਾਤੀ ਤੋਂ 135 ਨਸ਼ੇ ਵਾਲੀਆਂ ਗੋਲੀਆਂ ਬਰਾਮਦ ਹੋਣ 'ਤੇ ਸਿਟੀ ਪੁਲਸ ਗੁਰਦਾਸਪੁਰ ਨੇ ਦੋਵਾਂ ਦੇ ਖਿਲਾਫ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਸਬ-ਇੰਸਪੈਕਟਰ ਬਨਾਰਸੀ ਦਾਸ ਨੇ ਦੱਸਿਆ ਕਿ ਮੰਗਲ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਗੁਰਦਾਸਪੁਰ ਨੇ ਦੱਸਿਆ ਕਿ ਜਦ ਜੇਲ੍ਹ ਸਟਾਫ ਵੱਲੋਂ ਬੈਰਕ ਨੰਬਰ 9/2 ਦੀ ਤਾਲਾਸ਼ੀ ਕੀਤੀ ਗਈ ਤਾਂ ਹਵਾਲਾਤੀ ਅਕਾਸ਼ਦੀਪ ਸਿੰਘ ਪੁੱਤਰ ਗੁਰਿੰਦਰ ਸਿੰਘ ਵਾਸੀ ਬਟਾਲਾ ਦੇ ਬੈਗ 'ਚੋਂ ਜੀਨ ਦੀ ਪੈਂਟ ਵਿਚ ਲੁਕਾ ਕੇ ਰੱਖੀਆਂ ਹੋਈਆਂ 85 ਨਸ਼ੇ ਵਾਲੀਆਂ ਗੋਲੀਆਂ ਬਰਾਮਦ ਹੋਈਆਂ। ਇਸ ਤਰ੍ਹਾਂ ਜੇਲ੍ਹ ਦੀ ਬੈਰਕ ਨੰਬਰ 4 ਦੀ ਤਾਲਾਸ਼ੀ ਕੀਤੀ ਗਈ ਤਾਂ ਕੈਦੀ ਵਜੀਰ ਉਰਫ ਸਾਬੀ ਪੁੱਤਰ ਬੂਟਾ ਮਸੀਹ ਵਾਸੀ ਵਿੰਜਵਾਂ ਹਾਲ ਵਾਸੀ ਭੁੱਲਰ ਰੋਡ ਬਟਾਲਾ ਦੇ ਪਹਿਨੇ ਹੋਏ ਲੋਅਰ ਦੀ ਸੱਜੀ ਜੇਬ 'ਚੋਂ 50 ਨਸ਼ੇ ਵਾਲੀਆਂ ਗੋਲੀਆਂ ਬਰਾਮਦ ਹੋਈਆਂ। ਜਿਸ 'ਤੇ ਦੋਵਾਂ ਦੇ ਖਿਲਾਫ ਮਾਮਲਾ ਦਰਜ ਕੀਤਾ ਗਿਆ।

### 66 ਕਿੱਲੋ ਅਫੀਮ ਦੀ ਰਿਕਵਰੀ ਮਾਮਲੇ 'ਚ ਪੁਲਸ ਦੇ ਹੱਥ ਲੱਗੀ ਵੱਡੀ ਸਫਲਤਾ, ਮਾਸਟਰਮਾਈਂਡ ਨੂੰ ਕੀਤਾ ਕਾਬੂ

ਫਾਜ਼ਿਲਕਾ 23 ਅਕਤੂਬਰ। ਫਾਜ਼ਿਲਕਾ ਪੁਲਸ ਵੱਲੋਂ ਪਿਛਲੇ ਦਿਨੀਂ 66 ਕਿਲੋ ਅਫੀਮ ਦੀ ਵੱਡੀ ਰਿਕਵਰੀ ਕਰ ਕੇ ਦੋ ਮੁਲਜਮਾਂ ਨੂੰ ਕਾਬੂ ਕੀਤਾ ਗਿਆ ਸੀ, ਜਿਸ 'ਤੇ ਮੁੱਕਦਮਾ 26-6-2024 ਨੂੰ ਥਾਣਾ ਖੂਈਆਂ ਸਰਵਰ 'ਚ ਦਰਜ ਕਰ ਕੇ ਕਰਵਾਈ ਅਮਲ 'ਚ ਲਿਆਂਦੀ ਗਈ ਸੀ। ਇਸ ਮਾਮਲੇ 'ਚ ਦੋ ਮੁਲਜਮਾਂ ਨੂੰ ਮੌਕੇ 'ਤੇ ਕਾਬੂ ਕੀਤਾ ਗਿਆ ਸੀ, ਜਦ ਕਿ ਇਸ ਮਾਮਲੇ 'ਚ ਨਾਮਜ਼ਦ ਹੋਰ ਮੁਲਜਮਾਂ ਨੂੰ ਕਾਬੂ ਕਰਨ ਲਈ ਲਗਾਤਾਰ ਕੋਸ਼ਿਸ਼ਾਂ ਕੀਤੀਆਂ




ਜਾ ਰਹੀਆਂ ਸਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪੁਲਸ ਮੁਖੀ ਡਾ. ਪ੍ਰਗਿਆ ਜੈਨ ਨੇ ਦੱਸਿਆ ਕਿ ਇਸ ਮਾਮਲੇ 'ਚ ਫਾਜ਼ਿਲਕਾ ਪੁਲਸ ਨੂੰ ਉਸ ਵੇਲੇ ਵੱਡੀ ਸਫਲਤਾ ਹਾਸਲ ਹੋਈ ਜਦੋਂ ਇਸ ਕੇਸ 'ਚ ਮਾਸਟਰ ਮਾਈਂਡ ਕਮਲ ਖਾਨ, ਜੋ ਕਿ ਝਾਰਖੰਡ ਦਾ ਰਹਿਣ ਵਾਲਾ ਹੈ ਅਤੇ ਉਥੋਂ ਟਰੱਕਾਂ 'ਚ ਅਫੀਮ ਲੋਡ ਕਰਵਾ ਕੇ ਪੰਜਾਬ ਭੇਜਦਾ ਸੀ। ਜਿਸ ਨੂੰ ਫੜਨ ਲਈ ਫਾਜ਼ਿਲਕਾ ਪੁਲਸ ਦੀ ਸਪੈਸ਼ਲ ਟੀਮ ਪਿਛਲੇ ਕੁਝ ਦਿਨਾਂ ਤੋਂ ਝਾਰਖੰਡ ਜਾ ਕੇ ਉਸ ਬਾਰੇ ਖੁਫੀਆ ਸੋਰਸ ਲਾ ਕੇ ਲਗਾਤਾਰ ਕੋਸ਼ਿਸ਼ ਕਰ ਰਹੀ ਸੀ, ਜਿਸ 'ਚ ਕਾਮਯਾਬੀ ਹਾਸਲ ਹੋ ਗਈ ਹੈ। ਫੜੇ ਗਏ ਮੁਲਜਮ ਦੀ ਪ੍ਰਾਪਰਟੀ ਅਤੇ ਇਸ ਦੇ ਪੰਜਾਬ 'ਚ ਲਿੰਕ ਬਾਰੇ ਪੜਤਾਲ ਕੀਤੀ ਜਾ ਰਹੀ ਹੈ। ਆਉਣ ਵਾਲੇ ਸਮੇਂ 'ਚ ਇਸ ਕੇਸ 'ਚ ਹੋਰ ਵੀ ਡੂੰਘਾਈ ਨਾਲ ਤਫਤੀਸ਼ ਕਰ ਕੇ ਹੋਰ ਵੀ ਅਫੀਮ ਦੇ ਸਮੱਗਲਰਾਂ ਨੂੰ ਨਾਮਜ਼ਦ ਕਰ ਕੇ ਗ੍ਰਿਫਤਾਰ ਕੀਤਾ ਜਾਵੇਗਾ।

### ਫੌਜੀ ਦੀ ਘਰਵਾਲੀ ਨੇ ਆਸ਼ਕ ਨਾਲ ਮਿਲ ਕੇ ਕਰ 'ਤਾ ਵੱਡਾ ਕਾਂਡ, ਖਬਰ ਜਾਣ ਕੇ ਖੜ੍ਹੇ ਹੋ ਜਾਣਗੇ ਰੌਂਗਟੇ

ਗੁਰਦਾਸਪੁਰ 23 ਅਕਤੂਬਰ। ਗੁਰਦਾਸਪੁਰ ਤੋਂ ਬੇਹੱਦ ਹੈਰਾਨ ਕਰ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਜਿਥੇ ਘਰਵਾਲਾ ਅਤੇ ਘਰਵਾਲੀ ਦੇ ਰਿਸ਼ਤੇ ਤਾਰ-ਤਾਰ ਹੁੰਦੇ ਨਜਰ ਆਏ ਹਨ। ਮਾਮਲਾ ਇਹ ਹੈ ਕਿ ਫੌਜੀ ਦੀ ਘਰਵਾਲੀ ਨੇ ਆਪਣੇ ਪਤੀ ਨੂੰ ਖਾਣੇ 'ਚ ਜਹਿਰ ਦੇ ਕੇ ਮਾਰਨ ਦੀ ਕੋਸ਼ਿਸ਼ ਕੀਤੀ ਹੈ। ਜਾਣਕਾਰੀ ਮੁਤਾਬਕ ਫੌਜੀ ਬੀ. ਐੱਸ. ਐੱਫ 'ਚ ਤਾਇਨਾਤ ਹੈ ਅਤੇ ਛੁੱਟੀ ਕੱਟਣ ਲਈ ਘਰ ਆਇਆ ਹੋਇਆ ਸੀ ਪਰ ਘਰਵਾਲੀ ਵਲੋਂ ਉਸ ਨੂੰ ਖਾਣੇ 'ਚ ਜਹਿਰ ਮਿਲਾ ਕੇ ਮਾਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਦਰਅਸਲ ਫੌਜੀ ਦੀ ਘਰਵਾਲੀ ਦਾ ਕਿਸੇ ਵਿਅਕਤੀ ਨੇ ਪ੍ਰੇਮ ਸੰਬੰਧ ਹਨ ਜਿਸ ਦੇ ਚੱਲਦੇ ਉਸ ਨੇ ਇਸ ਘਟਨਾ ਨੂੰ ਅੰਜਾਮ ਦਿੱਤਾ ਹੈ। ਆਸ਼ਕ ਦੇ ਪਿਆਰ 'ਚ ਅੰਨ੍ਹੀ ਹੋਈ ਨੇ ਆਪਣੇ ਪਤੀ ਦੇ ਤਰਸ ਵੀ ਨਹੀਂ ਖਾਂਦਾ ਅਤੇ ਬਹੁਤ ਆਸਾਨੀ ਨਾਲ ਖਾਣੇ 'ਚ ਜਹਿਰ ਦੇ ਦਿੱਤਾ। ਦੱਸ ਦੇਈਏ ਫੌਜੀ ਛੁੱਟੀ 'ਤੇ ਘਰ ਆਇਆ ਸੀ ਅਤੇ 2 ਦਿਨ ਬਾਅਦ ਪਤਨੀ ਵੱਲੋਂ ਕਾਲੀ ਕਰਤੂਤ ਕੀਤੀ ਗਈ। ਜਦੋਂ ਫੌਜੀ ਦੀ ਸਿਹਤ ਖਰਾਬ ਹੋਈ ਤਾਂ ਉਸ ਨੂੰ ਹਸਪਤਾਲ ਲਿਆਂਦਾ ਗਿਆ ਜਿੱਥੇ ਪਤਾ ਲੱਗਾ ਕਿ ਉਸ ਨੂੰ ਖਾਣੇ 'ਚ ਜਹਿਰ ਦਿੱਤਾ ਗਿਆ ਹੈ। ਹਸਪਤਾਲ 'ਚ ਫੌਜੀ ਦਾ ਇਲਾਜ ਚੱਲ ਰਿਹਾ ਹੈ। ਪੁਲਸ ਨੇ ਘਰਵਾਲੀ ਨੂੰ ਗ੍ਰਿਫਤਾਰ ਕਰ ਲਿਆ ਹੈ ਫਿਲਹਾਲ ਆਸ਼ਕ ਅਜੇ ਫਰਾਰ ਦੱਸਿਆ ਜਾ ਰਿਹਾ ਹੈ, ਪੁਲਸ ਜਲਦ ਹੀ ਜਲਦ ਹੀ ਆਸ਼ਕ ਨੂੰ ਵੀ ਗ੍ਰਿਫਤਾਰ ਕਰ ਲਿਆ ਜਾਵੇਗਾ।

## ਹਾਈਵੇਅ 'ਤੇ ਟਰੱਕ ਚਾਲਕਾਂ ਨੂੰ ਘੇਰ ਕੇ ਲੁੱਟਾਂ-ਖੋਹਾਂ ਕਰਨ ਵਾਲੇ 3 ਗ੍ਰਿਫਤਾਰ

ਸੰਗਤ ਮੰਡੀ 23 ਅਕਤੂਬਰ। ਬਠਿੰਡਾਡੱਬਵਾਲੀ ਰਾਸ਼ਟਰੀ ਮਾਰਗ 'ਤੇ ਲਿਫਟ ਲੈ ਕੇ ਟਰੱਕ ਚਾਲਕਾਂ ਨੂੰ ਲੁੱਟਣ ਵਾਲੇ ਗਿਰੋਹ ਦਾ ਪਰਦਾਫਾਸ ਕਰਦਿਆਂ ਤਿੰਨ ਵਿਅਕਤੀਆਂ ਨੂੰ ਕਾਬੂ ਕੀਤਾ ਗਿਆ ਹੈ। ਡੀ. ਐੱਸ. ਪੀ. ਮਨਜੀਤ ਸਿੰਘ ਨੇ ਪ੍ਰੈੱਸ ਕਾਨਫਰੰਸ ਦੌਰਾਨ ਜਾਣਕਾਰੀ ਦਿੰਦੇ ਦੱਸਿਆ ਕਿ ਪੁਲਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਕੁੱਝ ਵਿਅਕਤੀ ਰਾਸ਼ਟਰੀ ਮਾਰਗ 'ਤੇ ਟਰੱਕ ਚਾਲਕਾਂ ਤੋਂ ਲਿਫਟ ਲੈਣ ਦਾ ਡਰਾਮਾ ਕਰ ਕੇ ਉਨ੍ਹਾਂ ਦੀ ਲੁੱਟ-ਖੋਹ ਕਰਦੇ ਹਨ। ਪੁਲਸ ਚੌਂਕੀ ਪਥਰਾਲਾ ਦੇ ਸਹਾਇਕ ਥਾਣੇਦਾਰ ਗੁਰਤੇਜ ਸਿੰਘ ਵੱਲੋਂ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਨਵਦੀਪ ਸਿੰਘ ਉਰਫ ਦੀਪਾ ਪੁੱਤਰ ਕਰਮ ਸਿੰਘ ਵਾਸੀ ਪਿੰਡ ਅਜਨੌਦ ਜ਼ਿਲ੍ਹਾ ਲੁਧਿਆਣਾ, ਜਗਸੀਰ ਸਿੰਘ ਉਰਫ ਗਨੀ ਪੁੱਤਰ ਰਣਜੀਤ ਸਿੰਘ ਵਾਸੀ ਬਸਤੀ ਨੰਬਰ-6 ਬੀੜ ਤਲਾਬ ਬਠਿੰਡਾ ਅਤੇ ਧਰਮਿੰਦਰ ਸਿੰਘ ਉਰਫ ਸੋਨੂੰ ਪੁੱਤਰ ਅਜਮੇਰ ਸਿੰਘ ਵਾਸੀ ਸੀੜੀਆਂ ਵਾਲਾ ਮੁਹੱਲਾ ਬਠਿੰਡਾ ਨੂੰ ਗ੍ਰਿਫਤਾਰ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਉਕਤ ਮੁਲਜਮਾਂ ਵੱਲੋਂ ਜੱਸੀ ਬਾਗਵਾਲੀ ਪਿੰਡ ਨਜਦੀਕ ਟਰਾਲਾ ਚਾਲਕ ਗੁਰਵਿੰਦਰ ਸਿੰਘ ਉਰਫ ਸਾਭਾ ਪੁੱਤਰ ਜਰਨੈਲ ਸਿੰਘ ਵਾਸੀ ਮਨਿਆਲ ਜ਼ਿਲ੍ਹਾ ਤਰਨਤਾਰਨ ਤੋਂ ਲਿਫਟ ਲੈਣ ਦਾ ਬਹਾਨਾ ਬਣਾ ਕੇ ਉਸ ਨੂੰ ਰੋਕ ਕੇ ਉਸ ਦੇ ਪਰਸ ਜਿਸ 'ਚੋਂ ਏ. ਟੀ. ਐੱਮ. ਕਾਰਡ, ਆਧਾਰ ਕਾਰਡ, 1500 ਰੁਪਏ, ਮੋਬਾਇਲ ਫੋਨ, ਗੱਡੀ ਦੇ ਕਾਗਜਾਤ ਵਾਲੀ ਫਾਈਲ, ਅਤੇ ਟਰਾਲੇ 'ਚ ਲੱਗੇ ਡੈੱਕ ਦੀ ਲੁੱਟ ਕੀਤੀ। ਉਨ੍ਹਾਂ ਦੱਸਿਆ ਕਿ ਮੁਲਜਮਾਂ ਨੂੰ ਅਦਾਲਤ 'ਚ ਪੇਸ਼ ਕਰ ਕੇ ਰਿਮਾਂਡ ਹਾਸਲ ਕਰ ਕੇ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ। ਮੁਲਜਮਾਂ ਤੋਂ ਹੋਰ ਵੀ ਅਜਿਹੇ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।

### ਹੋਮ ਕੇਅਰ ਤੋਂ ਵਰਕ ਪਰਮਿਟ 'ਚ ਵੀਜ਼ਾ ਚੇਂਜ ਕਰਵਾਉਣ ਦੇ ਨਾਂ 'ਤੇ ਠੱਗੇ 10 ਲੱਖ

ਲੁਧਿਆਣਾ 23 ਅਕਤੂਬਰ। ਹੋਮ ਕੇਅਰ ਤੋਂ ਵਰਕ ਪਰਮਿਟ 'ਚ ਵੀਜ਼ਾ ਚੇਂਜ ਕਰਵਾਉਣ ਦੇ ਨਾਂ 'ਤੇ 10 ਲੱਖ ਦੀ ਠੱਗੀ ਮਾਰਨ ਦੇ ਦੋਸ਼ 'ਚ ਥਾਣਾ ਹੈਬੋਵਾਲ ਦੀ ਪੁਲਸ ਨੇ ਧਾਰਾ 406, 420, 120-ਬੀ ਸਮੇਤ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਮਾਡਲ ਟਾਊਨ ਦੇ ਰਹਿਣ ਵਾਲੇ ਦੁਸ਼ਯੰਤ ਅਤੇ ਉਸ ਦੀ ਪਤਨੀ ਅਨੁਰਾਧਾ ਵਰਮਾ ਵਜੋਂ ਹੋਈ ਹੈ, ਜੋ ਇਸ ਸਮੇਂ ਇੰਗਲੈਂਡ 'ਚ ਰਹਿ ਰਹੇ ਹਨ। ਪੁਲਸ ਨੂੰ 10 ਮਈ 2024 ਨੂੰ ਦਿੱਤੀ ਗਈ ਸ਼ਿਕਾਇਤ 'ਚ ਰਾਕੇਸ਼ ਕੁਮਾਰ ਨਿਵਾਸੀ ਰਾਜੇਸ਼ ਨਗਰ, ਹੈਬੋਵਾਲ ਨੇ ਦੱਸਿਆ ਕਿ ਉਸ ਦਾ ਬੇਟਾ ਇੰਗਲੈਂਡ 'ਚ ਆਪਣੀ ਪਤਨੀ ਨਾਲ ਰਹਿੰਦਾ ਸੀ। ਉਕਤ ਮੁਲਜ਼ਮਾਂ ਨੇ ਉਨ੍ਹਾਂ ਨੂੰ ਹੋਮ ਕੇਅਰ ਤੋਂ ਵਰਕ ਪਰਮਿਟ 'ਚ ਵੀਜ਼ਾ ਤਬਦੀਲ ਕਰਵਾਉਣ ਦਾ ਝਾਂਸਾ ਦੇ ਕੇ 10 ਲੱਖ ਰੁਪਏ ਹਾਸਲ ਕਰ ਲਏ ਪਰ ਨਾ ਤਾਂ ਵੀਜ਼ਾ ਚੇਂਜ ਕਰਵਾਇਆ ਅਤੇ ਨਾ ਹੀ ਪੈਸੇ ਵਾਪਸ ਕੀਤੇ।

## ਸਪੀਕਰ ਕੁਲਤਾਰ ਸੰਧਵਾਂ ਦੀ ਆਵਾਜ 'ਚ ਕੀਤਾ ਫੋਨ, ਮੰਗੇ 27 ਹਜਾਰ, ਅਖੀਰ ਪੁਲਸ ਨੇ ਇੰਝ ਚੁੱਕਿਆ

ਫਰੀਦਕੋਟ 23 ਅਕਤੂਬਰ। ਕੋਟਕਪੂਰਾ ਦੇ ਇੱਕ ਵਪਾਰੀ ਨੂੰ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੀ ਆਵਾਜ 'ਚ ਫੋਨ ਕਰਕੇ 27 ਹਜਾਰ ਰੁਪਏ ਦੀ ਮੰਗ ਕਰਨ ਵਾਲੇ 2 ਵਿਅਕਤੀਆਂ ਨੂੰ ਪੁਲਸ ਨੇ ਗ੍ਰਿਫਤਾਰ ਕੀਤਾ ਹੈ। ਇਹ ਦੋਵੇਂ ਮੁਲਜਮ ਹੁਸ਼ਿਆਰਪੁਰ ਜੇਲ੍ਹ 'ਚ ਬੰਦ ਸਨ ਅਤੇ ਉਨ੍ਹਾਂ ਵੱਲੋਂ ਉਥੋਂ ਫੋਨ ਕਰਕੇ ਇਸ ਧੋਖਾਧੜੀ ਨੂੰ ਅੰਜਾਮ ਦਿੱਤਾ ਗਿਆ ਸੀ। ਜਾਣਕਾਰੀ ਮੁਤਾਬਕ 28 ਜੂਨ ਨੂੰ ਕੋਟਕਪੂਰਾ ਦੇ ਕਾਰੋਬਾਰੀ ਰਾਜਨ ਕੁਮਾਰ ਜੈਨ ਨੂੰ ਕਿਸੇ ਅਣਪਛਾਤੇ ਵਿਅਕਤੀ ਨੇ ਵਟਸਐਪ 'ਤੇ ਫੋਨ ਕੀਤਾ। ਉਸ ਨੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾ ਦੀ ਆਵਾਜ ਰਾਹੀਂ ਆਪਣੇ ਬੱਚੇ ਦੀ ਪੜ੍ਹਾਈ ਲਈ ਚੰਡੀਗੜ੍ਹ ਯੂਨੀਵਰਸਿਟੀ ਦੇ ਖਾਤੇ 'ਚ 27543 ਰੁਪਏ ਜਮ੍ਹਾਂ ਕਰਵਾਉਣ ਦੀ ਲਈ ਕਿਹਾ ਸੀ। ਉਸ ਵੱਲੋਂ ਪਿੰਡ ਸੰਧਵਾਂ ਕੋਠੀ 'ਚ ਪੈਸੇ ਲੈਣ ਦੀ ਗੱਲ ਵੀ ਕੀਤੀ। ਉਕਤ ਕਾਰੋਬਾਰੀ ਨੇ ਜਦੋਂ ਇਸ ਸਬੰਧੀ ਸਪੀਕਰ ਸੰਧਵਾਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਅਜਿਹੀ ਕਿਸੇ ਵੀ ਗੱਲ ਤੋਂ ਇਨਕਾਰ ਕੀਤਾ। ਇਸ ਤੋਂ ਬਾਅਦ ਰਾਜਨ ਜੈਨ ਵੱਲੋਂ ਇਸ ਸਬੰਧੀ ਸ਼ਿਕਾਇਤ ਐੱਸ. ਐੱਸ. ਪੀ. ਨੂੰ ਦਿੱਤੀ ਗਈ। ਥਾਣਾ ਸਿਟੀ ਕੋਟਕਪੂਰਾ ਦੀ ਪੁਲਸ ਨੇ ਅਣਪਛਾਤੇ



ਵਿਅਕਤੀਆਂ ਖ਼ਿਲਾਫ ਮਾਮਲਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਸੀ। ਇਸ ਮਾਮਲੇ ਦੀ ਪੁਲਸ ਜਾਂਚ 'ਚ ਸਾਹਮਣੇ ਆਇਆ ਹੈ ਕਿ ਇਹ ਕਾਲ ਹੁਸ਼ਿਆਰਪੁਰ ਜੇਲ੍ਹ 'ਚ ਬੰਦ 2 ਮੁਲਜਮਾਂ ਭਲਿੰਦਰ ਸਿੰਘ ਉਰਫ ਜਸਰਾਜ ਸਹਿਗਲ ਅਤੇ ਸਵੇਤ ਠਾਕੁਰ ਵੱਲੋਂ ਕੀਤੀ ਗਈ ਸੀ। ਇਸ ਤੋਂ ਬਾਅਦ ਉਨ੍ਹਾਂ ਨੂੰ ਨਾਮਜਦ ਕਰ ਲਿਆ ਗਿਆ। ਡੀ. ਐੱਸ. ਪੀ. ਜਤਿੰਦਰ ਕੁਮਾਰ ਨੇ ਦੱਸਿਆ ਕਿ ਉਕਤ ਲੋਕਾਂ ਨੂੰ ਰਿਮਾਂਡ 'ਤੇ ਲਿਆ ਕੇ ਪੁੱਛਗਿੱਛ ਕੀਤੀ ਗਈ ਤਾਂ ਇਹ ਗੱਲ ਸਾਹਮਣੇ ਆਈ ਕਿ ਇਸ ਫਰਜੀ ਕਾਲ ਲਈ ਵਰਤਿਆ ਗਿਆ ਮੋਬਾਇਲ ਫੋਨ ਸਵੇਤ ਠਾਕੁਰ ਦਾ ਸੀ ਅਤੇ ਫੋਨ ਕਾਲ ਭਲਿੰਦਰ ਸਿੰਘ ਨੇ ਕੀਤੀ ਸੀ। ਉਨ੍ਹਾਂ ਦੱਸਿਆ ਕਿ ਫੋਨ ਕਰਕੇ ਪੈਸੇ ਮੰਗਣ ਵਾਲਾ ਮੁਲਜਮ ਭਲਿੰਦਰ ਸਿੰਘ ਮੋਹਾਲੀ ਦਾ ਵਸਨੀਕ ਹੈ। ਇਸ ਤੋਂ ਇਲਾਵਾ ਉਹ ਮੁੰਬਈ ਅਤੇ ਉੱਤਰਾਖੰਡ ਖੇਤਰ 'ਚ ਵੀ ਰਹਿ ਚੁੱਕੇ ਹਨ। ਭਲਿੰਦਰ ਸਿੰਘ ਖ਼ਿਲਾਫ ਪਹਿਲਾਂ ਵੀ ਵੱਖ-ਵੱਖ ਥਾਣਿਆਂ 'ਚ ਧੋਖਾਧੜੀ ਦੇ 13 ਕੇਸ ਦਰਜ ਹਨ ਅਤੇ 14ਵਾਂ ਕੇਸ ਕੋਟਕਪੂਰਾ 'ਚ ਦਰਜ ਕੀਤਾ ਗਿਆ ਹੈ। ਇਹ ਸਾਰੇ ਮਾਮਲੇ ਇੱਕ ਸਮਾਨ ਧੋਖਾਧੜੀ ਦੇ ਹਨ ਅਤੇ ਪੁਲਸ ਮੁਤਾਬਕ ਉਹ ਪਹਿਲਾਂ ਵੀ ਤਿੰਨ-ਚਾਰ ਵਿਧਾਇਕਾਂ ਦੇ ਨਾਂ 'ਤੇ ਪੈਸੇ ਮੰਗ ਕੇ ਲੋਕਾਂ ਨੂੰ ਠੱਗ ਚੁੱਕਾ ਹੈ। ਇਸ ਸਬੰਧੀ ਉਸ ਖ਼ਿਲਾਫ ਥਾਣਾ ਫਤਿਹਗੜ੍ਹ ਸਾਹਿਬ ਵਿੱਚ ਵੀ ਕੇਸ ਦਰਜ ਕੀਤਾ ਗਿਆ ਹੈ।

## ਕੀ ਤੁਸੀਂ ਵੀ ਪੁਰਾਣਾ ਰੇਸ਼ਾ, ਜੁਕਾਮ, ਸਾਹ ਦੀ ਐਲਰਜੀ, ਦਮਾ-ਅਸਥਮਾ ਤੋਂ ਪਰੇਸ਼ਾਨ ਹੋ?

ਜਲੰਧਰ 23 ਅਕਤੂਬਰ। ਪੁਰਾਣਾ ਰੇਸ਼ਾ, ਜੁਕਾਮ, ਖਾਂਸੀ, ਸਾਹ ਦੀ ਐਲਰਜੀ, ਦਮਾ, ਅਸਥਮਾ ਦੇ ਮਰੀਜਾਂ ਨੂੰ ਸਭ ਤੋਂ ਜ਼ਿਆਦਾ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਦਮਾ-ਅਸਥਮਾ ਕਿਸੇ ਵੀ ਉਮਰ ਦੇ ਇਨਸਾਨ ਨੂੰ ਹੋ ਸਕਦਾ ਹੈ ਭਾਵੇਂ ਇਸਤਰੀ, ਪੁਰਸ਼, ਬਜੁਰਗ ਹੋਣ ਜਾਂ ਬੱਚੇ। ਦੇ ਅਨੁਸਾਰ ਪੂਰੀ ਦੁਨੀਆ 'ਚ 339 ਮਿਲੀਅਨ ਤੋਂ ਜ਼ਿਆਦਾ ਲੋਕ ਇਸ ਰੋਗ ਤੋਂ ਪੀੜਤ ਹਨ। ਪੁਰਾਣੇ ਬਜੁਰਗਾਂ ਅਨੁਸਾਰ ਜਿਨ੍ਹਾਂ ਦੇ ਸਰੀਰ ਦੀ ਰੋਗ ਪ੍ਰਤੀਰੋਧਕ ਪ੍ਰਣਾਲੀ ਘੱਟ ਹੁੰਦੀ ਹੈ, ਉਨ੍ਹਾਂ ਨੂੰ ਸਭ ਤੋਂ ਜ਼ਿਆਦਾ ਸਾਹ ਦੀ ਸਮੱਸਿਆ ਨਾਲ ਜੂਝਣਾ ਪੈਂਦਾ ਹੈ। ਦਮਾ ਫੇਫੜੇ ਦੇ ਸਾਹ ਮਾਰਗ ਨਾਲ ਜੁੜੀ ਬੀਮਾਰੀ ਹੈ, ਜਿਸ 'ਚ ਸਾਹ ਨਲੀ ਵਿਚ ਸੋਜ ਵਧ ਜਾਂਦੀ ਹੈ ਅਤੇ ਸਾਹ ਮਾਰਗ ਸੁੰਗੜ ਜਾਂਦਾ ਹੈ। ਇਸ ਬੀਮਾਰੀ ਨਾਲ ਪੀੜਤ ਵਿਅਕਤੀ ਨੂੰ ਸਾਹ ਲੈਣ 'ਚ ਦਿੱਕਤ ਆਉਂਦੀ ਹੈ। ਅਸਥਮਾ ਦੇ ਮਰੀਜਾਂ ਨੂੰ ਖਾਂਸੀ ਦੇ ਕਾਰਨ ਫੇਫੜਿਆਂ 'ਚ ਕਈ ਵਾਰ ਕਫ (ਰੇਸ਼ਾ) ਬਾਹਰ ਨਹੀਂ ਨਿਕਲਦਾ ਤੇ ਮਰੀਜ ਨੂੰ ਕਾਫੀ ਪ੍ਰੇਸ਼ਾਨੀ ਹੁੰਦੀ ਹੈ। ਕਈ ਲੋਕਾਂ ਨੂੰ ਧੂੜ-ਮਿੱਟੀ ਦੀ ਅਲਰਜੀ, ਮੌਸਮ 'ਚ ਬਦਲਾਅ, ਦਵਾਈਆਂ, ਇਤਰ ਪਰਫਿਊਮ, ਧੂਫ ਅਗਰਬੱਤੀ ਦੇ ਧੂੰਏਂ ਨਾਲ ਵੀ ਅਲਰਜੀ ਹੋ ਜਾਂਦੀ ਹੈ।

## ਚੋਰੀ ਕਰਨ ਆਇਆਂ ਨੂੰ ਪਿੰਡ ਵਾਲਿਆਂ ਨੇ ਕੀਤਾ ਕਾਬੂ, ਫਿਰ ਜੋ ਹੋਇਆ ਦੇਖ ਕੰਬ ਗਏ ਸਭ

ਨਾਭਾ 23 ਅਕਤੂਬਰ। ਪੰਜਾਬ ਵਿਚ ਦਿਨੋਂ-ਦਿਨ ਵੱਧ ਰਹੀਆਂ ਚੋਰੀ ਦੀਆਂ ਵਾਰਦਾਤਾਂ ਵਿਚ ਲਗਾਤਾਰ ਇਜਾਫਾ ਹੋ ਰਿਹਾ ਹੈ। ਚੋਰ ਬੇਖੌਫ ਹੋ ਕੇ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਹਨ। ਤਾਜਾ ਮਾਮਲਾ ਨਾਭਾ ਬਲਾਕ ਦੇ ਪਿੰਡ ਅਗੋਲ ਦਾ ਸਾਹਮਣੇ ਆਇਆ ਹੈ। ਜਿੱਥੇ ਬੀਤੀ ਦੇਰ ਰਾਤ ਟਰਾਂਸਫਾਰਮ ਚੋਰੀ ਕਰਨ ਆਏ ਚੋਰਾਂ ਨੂੰ ਪਿੰਡ ਵਾਸੀਆਂ ਨੇ ਦਬੋਚ ਲਿਆ। ਇਸ ਵਿਚ 2 ਔਰਤਾਂ ਅਤੇ 1 ਵਿਅਕਤੀ ਸ਼ਾਮਲ ਸਨ, ਜਿਸ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ। ਵਾਰਦਾਤ ਵਿਚ ਸ਼ਾਮਲ ਚਾਰ ਵਿਅਕਤੀ ਭੱਜਣ ਵਿਚ ਕਾਮਯਾਬ ਹੋ ਗਏ। ਇਹ ਮੌਤ ਪਿੰਡ ਵਾਸੀਆਂ ਵੱਲੋਂ ਕੁੱਟਮਾਰ ਕਾਰਨ ਹੋਈ ਜਾਂ ਫਿਰ ਪਿੱਛੇ ਕੋਈ ਹੋਰ ਕਾਰਨ ਹੈ ਪੁਲਸ ਇਸ ਦੀ ਜਾਂਚ ਵਿਚ ਜੁੱਟ ਗਈ ਹੈ। ਡੀ. ਐੱਸ. ਪੀ. ਜਰਨੈਲ ਸਿੰਘ ਮੌਕੇ 'ਤੇ ਪਹੁੰਚੇ ਅਤੇ ਜਾਂਚ ਸ਼ੁਰੂ ਕਰ ਦਿੱਤੀ। ਉਨ੍ਹਾਂ ਕਿਹਾ ਕਿ ਪਿੰਡ ਵਾਸੀਆਂ ਵੱਲੋਂ ਟਰਾਂਸਫਾਰਮ ਚੋਰੀ ਕਰਨ ਆਏ ਵਿਅਕਤੀਆਂ ਨੂੰ ਕਾਬੂ ਕੀਤਾ ਗਿਆ। ਜਿਸ ਵਿਚ ਦੋ ਔਰਤਾਂ ਅਤੇ 1 ਇਕ ਵਿਅਕਤੀ ਸ਼ਾਮਲ ਹੈ। ਬਾਅਦ ਵਿਚ ਉਕਤ ਵਿਅਕਤੀ



ਦੀ ਮੌਤ ਹੋ ਗਈ। ਮ੍ਰਿਤਕ ਵਿਅਕਤੀ ਦੀ ਪਛਾਣ ਨਿਰਭੈ ਸਿੰਘ ਉਰਫ ਸਨੀ ਵਜੋਂ ਹੋਈ ਹੈ ਜੋ ਜ਼ਿਲ੍ਹਾ ਮਾਲੇਰਕੋਟਲਾ ਦੇ ਪਿੰਡ ਨੌਂਤ ਰਾਣੀ ਦਾ ਰਹਿਣ ਵਾਲਾ ਸੀ। ਪੁਲਸ ਵੱਲੋਂ ਲਾਸ ਨੂੰ ਕਬਜੇ ਵਿਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ। ਇਸ ਮੌਕੇ ਪਿੰਡ ਵਾਸੀ ਹਰਜਿੰਦਰ ਸਿੰਘ ਖਹਿਰਾ, ਬਰਿੰਦਰ ਬਿੱਟੂ ਨੇ ਕਿਹਾ ਕਿ ਸਾਡੇ ਪਿੰਡ ਵਿਚ ਲਗਾਤਾਰ ਟਰਾਂਸਫਾਰਮ ਚੋਰੀ ਹੋ ਰਹੇ ਹਨ। ਇਕ ਲੱਖ ਰੁਪਏ ਦੀ ਕੇਬਲ ਚੋਰੀ ਹੋ ਗਈ। ਪਿੰਡ ਵਾਸੀਆਂ ਨੇ ਦੋ ਔਰਤਾਂ ਅਤੇ ਇਕ ਵਿਅਕਤੀ ਜੋ ਚੋਰੀ ਕਰਨ ਆਏ ਸਨ ਨੂੰ ਦਬੋਚ ਲਿਆ। ਬਾਅਦ ਵਿਚ ਵਿਅਕਤੀ ਦੀ ਮੌਤ ਹੋਈ ਗਈ, ਸਾਨੂੰ ਨਹੀਂ ਪਤਾ ਇਹ ਮੌਤ ਕਿਵੇਂ ਹੋਈ। ਇਸ ਮੌਕੇ ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਇਹ 13 ਜਣਿਆਂ ਦਾ ਗਰੁੱਪ ਹੈ ਜੋ ਪਿੰਡਾਂ ਵਿਚ ਚੋਰੀਆਂ ਕਰ ਰਿਹਾ ਹੈ ਅਤੇ ਕੁਝ ਵਿਅਕਤੀ ਗੱਡੀ ਵਿਚ ਭੱਜਣ 'ਚ ਕਾਮਯਾਬ ਹੋ ਗਏ। ਫਿਲਹਾਲ ਪੁਲਸ ਵਲੋਂ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ।

### ਬਿਜਲੀ ਦੇ ਟ੍ਰਾਂਸਫਾਰਮਰ ਨੂੰ ਲੱਗੀ ਅੱਗ ਨੇ ਧਾਰਿਆ ਭਿਆਨਕ ਰੂਪ, ਲੋਕਾਂ ਨੂੰ ਪਈਆਂ ਭਾਜੜਾਂ

ਲੁਧਿਆਣਾ 23 ਅਕਤੂਬਰ। ਸ਼ਹਿਰ ਦੀ ਸੰਘਣੀ ਅਬਾਦੀ ਵਾਲੇ ਪੁਰਾਣੇ ਇਲਾਕੇ ਛਾਉਣੀ ਮੁਹੱਲਾ ਵਿਚ ਸਰਕਾਰੀ ਸਕੂਲ ਨੇੜੇ ਲੱਗੇ ਬਿਜਲੀ ਦੇ ਟ੍ਰਾਂਸਫਾਰਮਰ ਨੂੰ ਭਿਆਨਕ ਅੱਗ ਲੱਗ ਗਈ, ਜਿਸ ਕਾਰਨ ਪੂਰੇ ਇਲਾਕੇ ਵਿਚ ਦਹਿਸ਼ਤ ਦਾ ਮਾਹੌਲ ਬਣ ਗਿਆ। ਅੱਗ ਲੱਗਣ ਕਾਰਨ ਮੌਕੇ 'ਤੇ ਖੜ੍ਹੀਆਂ ਰੇਹੜੀਆਂ ਅਤੇ ਦੁਕਾਨਾਂ ਦੇ ਬਾਹਰ ਲੱਗੇ ਇਲੈਕਟ੍ਰਾਨਿਕ ਬੋਰਡ ਸਮੇਤ ਹੋਰ ਸਾਮਾਨ ਸ਼ੜ ਕੇ ਸੁਆਹ ਹੋ ਗਿਆ ਹੈ। ਇਸ ਦੌਰਾਨ ਗਨੀਮਤ ਰਹੀ ਕਿ ਟ੍ਰਾਂਸਫਾਰਮਰ ਨੇੜੇ ਖੜ੍ਹੀਆਂ ਗੱਡੀਆਂ ਤਕ ਅੱਗ ਦੀਆਂ ਲਪਟਾਂ ਨਹੀਂ ਪਹੁੰਚੀਆਂ, ਨਹੀਂ ਤਾਂ ਕੋਈ ਵੱਡਾ ਹਾਦਸਾ ਵਾਪਰ ਸਕਦਾ ਸੀ। ਅੱਗ ਦੀਆਂ ਭਿਆਨਕ ਲਪਟਾਂ 'ਤੇ ਕਾਬੂ ਪਾਉਣ ਲਈ ਇਲਾਕਾ ਵਾਸੀਆਂ ਨੇ ਬਿਜਲੀ ਦੇ ਟ੍ਰਾਂਸਫਾਰਮਰ 'ਤੇ ਪਾਣੀ ਦੀਆਂ ਬਾਲਟੀਆਂ ਪਾ ਕੇ ਅੱਗ ਬੁਝਾਉਣ ਦੀ ਕੋਸ਼ਿਸ਼ ਕੀਤੀ, ਪਰ ਇਸ ਦੌਰਾਨ ਅੱਗ ਲਗਾਤਾਰ ਵੱਧਦੀ ਗਈ। ਵੱਧਦੇ ਹੋਏ ਖਤਰੇ ਨੂੰ ਵੇਖਦਿਆਂ ਫਾਇਰ ਬ੍ਰਿਗੇਡ ਨੂੰ ਫੋਨ ਕੀਤਾ ਗਿਆ, ਜਿਸ ਮਗਰੋਂ ਮੌਕੇ 'ਤੇ ਪਹੁੰਚੇ ਫਾਇਰ ਬ੍ਰਿਗੇਡ ਮੁਲਾਜਮਾਂ ਨੇ ਪਾਣੀ ਦੀਆਂ ਬੁਛਾੜਾਂ ਨਾਲ ਤਕਰੀਬਨ 15 ਮਿੰਟਾਂ ਦੀ ਭਾਰੀ ਮੁਸ਼ੱਕਤ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ।

## ਪੇਸੇਵਰ ਵਾਹਨ ਚੋਰ ਗਿਰੋਹ ਦਾ ਪਰਦਾਫਾਸ਼, 8 ਮੋਟਰਸਾਈਕਲ ਤੇ 1 ਐਕਟਿਵਾ ਬਰਾਮਦ

ਅੰਮ੍ਰਿਤਸਰ 23 ਅਕਤੂਬਰ। ਥਾਣਾ ਡੀ ਡਿਵੀਜਨ ਦੀ ਪੁਲਸ ਨੇ ਪੇਸੇਵਰ ਵਾਹਨ ਚੋਰੀ ਕਰਨ ਵਾਲੇ ਗਿਰੋਹ ਦਾ ਪਰਦਾਫਾਸ ਕਰਦਿਆਂ ਇਕ ਮੈਂਬਰ ਨੂੰ ਗ੍ਰਿਫਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ ਪੁਲਸ ਅਨੁਸਾਰ ਗ੍ਰਿਫਤਾਰ ਕੀਤੇ ਗਏ ਮੁਲਜਮ ਦੀ ਪਛਾਣ ਮਲੂਕ ਸਿੰਘ ਉਰਫ ਭੱਜਾ ਪੁੱਤਰ ਟਹਿਲ ਸਿੰਘ ਵਾਸੀ ਗਲੀ ਚੱਕੀ ਵਾਲੀ ਸਤਨਾਮ ਨਗਰ, ਝਬਾਲ ਰੋਡ ਅੰਮ੍ਰਿਤਸਰ ਹਾਲ ਵਾਸੀ ਪਿੰਡ ਠੱਠਾਗੜ੍ਹ, ਥਾਣਾ ਝਬਾਲ, ਜ਼ਿਲ੍ਹਾ ਤਰਨਤਾਰਨ ਵਜੋਂ ਹੋਈ ਹੈ। ਮੁਲਜਮ ਕੋਲੋਂ ਪੁਲਸ ਨੇ 8 ਚੋਰੀ ਦੇ ਮੋਟਰਸਾਈਕਲ ਅਤੇ 1 ਐਕਟਿਵਾ-ਹੌਂਡਾ ਸਕੂਟਰੀ ਬਰਾਮਦ ਕੀਤੀ ਹੈ। ਜਾਣਕਾਰੀ ਦਿੰਦਿਆਂ ਏ. ਡੀ. ਸੀ. ਪੀ. ਡਾ. ਦਰੁਪਣ ਆਹਲੂਵਾਲੀਆ ਆਈ. ਪੀ. ਐੱਸ. ਅਤੇ ਏ. ਸੀ. ਪੀ. ਸੁਰਿੰਦਰ ਸਿੰਘ ਨੇ ਦੱਸਿਆ ਕਿ ਥਾਣਾ ਡੀ ਡਵੀਜਨ ਦੇ ਇੰਚਾਰਜ ਇੰਸਪੈਕਟਰ ਮੋਹਿਤ ਕੁਮਾਰ ਦੀ ਅਗਵਾਈ ਹੇਠ ਪੁਲਸ ਟੀਮ ਨੇ ਸੂਚਨਾ ਦੇ ਆਧਾਰ 'ਤੇ ਉਕਤ



ਮੁਲਜਮ ਗ੍ਰਿਫਤਾਰ ਕੀਤਾ। ਮੁਲਜਮ ਨੂੰ ਪੁਲਸ ਨੇ ਉਸ ਵੇਲੇ ਕਾਬੂ ਕੀਤਾ, ਜਦੋਂ ਉਹ ਬਿਨਾਂ ਨੰਬਰ ਤੋਂ ਐਕਟਿਵਾ ਸਕੂਟਰ ਲੈ ਕੇ ਜਾ ਰਿਹਾ ਸੀ, ਜਦੋਂਕਿ ਜਾਂਚ ਦੌਰਾਨ ਗੱਡੀ ਚੋਰੀ ਹੋਣ ਦਾ ਪਤਾ ਲੱਗਾ। ਕਾਬੂ ਕੀਤੇ ਮੁਲਜਮ ਨੂੰ ਮਾਣਯੋਗ ਅਦਾਲਤ ਵਿਚ ਪੇਸ ਕਰ ਕੇ ਰਿਮਾਂਡ ਲੈਣ ਉਪਰੰਤ ਜਦੋਂ ਪੁਲਸ ਵੱਲੋਂ ਉਸ ਪਾਸੋਂ ਬਾਰੀਕੀ ਨਾਲ ਪੁੱਛਗਿੱਛ ਕੀਤੀ ਗਈ ਤਾਂ ਪੁਲਸ ਟੀਮ ਨੇ ਉਸ ਦੀ ਨਿਸ਼ਾਨਦੇਹੀ 'ਤੇ ਚੋਰੀ ਕੀਤੀ ਐਕਟਿਵਾ ਸਕੂਟਰੀ ਤੋਂ ਇਲਾਵਾ 8 ਹੋਰ ਚੋਰੀ ਦੇ ਮੋਟਰਸਾਈਕਲ ਵੀ ਬਰਾਮਦ ਕੀਤੇ ਗਏ। ਪੁਲਸ ਅਨੁਸਾਰ ਜਾਂਚ ਦੌਰਾਨ ਹੋਰ ਵੀ ਮਾਮਲੇ ਸਾਹਮਣੇ ਆਉਣ ਦੀ ਉਮੀਦ ਹੈ।

### ਸ਼ਾਰਟ ਸਰਕਟ ਕਾਰਨ ਸੂਟਕੇਸ ਸਟੋਰ 'ਚ ਲੱਗੀ ਅੱਗ, ਲੱਖਾਂ ਦਾ ਸਾਮਾਨ ਸੜ ਕੇ ਹੋਇਆ ਸੁਆਹ

ਲੁਧਿਆਣਾ 23 ਅਕਤੂਬਰ। ਸਿਵਲ ਲਾਈਨ ਇਲਾਕੇ 'ਚ ਇਕ ਸੂਟਕੇਸ ਅਤੇ ਬੈਗ ਸਟੋਰ ਨੂੰ ਅੱਗ ਲੱਗ ਗਈ। ਦੱਸਿਆ ਜਾ ਰਿਹਾ ਹੈ ਕਿ ਅੱਗ ਸ਼ਾਰਟ ਸਰਕਟ ਨਾਲ ਲੱਗੀ ਹੈ। ਅੱਗ ਦੀਆਂ ਲਪਟਾਂ ਦੇਖ ਕੇ ਸੂਚਨਾ ਫਾਇਰ ਬ੍ਰਿਗੇਡ ਨੂੰ ਦਿੱਤੀ ਗਈ। ਇਸ ਤੋਂ ਬਾਅਦ ਫਾਇਰ ਬ੍ਰਿਗੇਡ ਦੀ ਗੱਡੀ ਮੌਕੇ 'ਤੇ ਪੁੱਜੀ ਅਤੇ ਅੱਗ ਬੁਝਾਉਣ ਦਾ ਯਤਨ ਸ਼ੁਰੂ ਕੀਤਾ। 4 ਘੰਟਿਆਂ ਬਾਅਦ



ਅੱਗ 'ਤੇ ਕਾਬੂ ਪਾ ਲਿਆ ਗਿਆ। ਜਾਣਕਾਰੀ ਮੁਤਾਬਕ ਸਿਵਲ ਲਾਈਨ ਸਤਿਸੰਗ ਘਰ ਨੇੜੇ ਪ੍ਰਕਾਸ਼ ਬੈਗ ਐਂਡ ਲਗੇਜ ਦੇ ਸਟੋਰ 'ਚ ਸ਼ਨੀਵਾਰ ਤੜਕੇ ਅਚਾਨਕ ਸ਼ਾਰਟ ਸਰਕਟ ਨਾਲ ਅੱਗ ਲੱਗ ਗਈ। ਅੱਗ ਦੀਆਂ ਲਪਟਾਂ ਦੇਖ ਕੇ ਨੇੜੇ ਦੇ ਲੋਕਾਂ ਨੇ ਫਾਇਰ ਵਿਭਾਗ ਨੂੰ ਸੂਚਿਤ ਕੀਤਾ। ਫਾਇਰ ਬ੍ਰਿਗੇਡ ਵਿਭਾਗ ਦੀਆਂ 6 ਗੱਡੀਆਂ ਨੇ ਸਖਤ ਮੁਸ਼ੱਕਤ ਤੋਂ ਬਾਅਦ ਲਗਭਗ 4 ਘੰਟਿਆਂ 'ਚ ਅੱਗ ਬੁਝਾਈ। ਸਟੋਰ ਦੇ ਮਾਲਕ ਮੁਕੇਸ਼ ਕੁਮਾਰ ਨੇ ਦੱਸਿਆ ਕਿ ਅੱਗ ਸਵੇਰੇ ਕਰੀਬ 6 ਵਜੇ ਲੱਗੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਘਟਨਾ ਸਥਲ 'ਤੇ ਆਉਣ ਤੋਂ ਪਹਿਲਾਂ ਹੀ ਫਾਇਰ ਬ੍ਰਿਗੇਡ ਵਿਭਾਗ ਦੀਆਂ ਗੱਡੀਆਂ ਮੌਕੇ 'ਤੇ ਪੁੱਜ ਗਈਆਂ ਸੀ। ਅੱਗ ਨਾਲ ਸਟੋਰ 'ਚ ਪਏ ਬੈਗ, ਸੂਟਕੇਸ ਸੜ ਕੇ ਸੁਆਹ ਹੋ ਗਏ। ਉਨ੍ਹਾਂ ਦੱਸਿਆ ਕਿ ਇਸ ਅਗਨੀਕਾਂਡ 'ਚ ਉਨ੍ਹਾਂ ਦਾ ਲੱਖਾਂ ਰੁਪਏ ਦਾ ਸਾਮਾਨ ਸੜ ਕੇ ਸੁਆਹ ਹੋ ਗਿਆ ਹੈ।

## ਪੰਜਾਬ 'ਚ ਸਨਸਨੀਖੇਜ ਘਟਨਾ, 5 ਨਾਬਾਲਗ ਬੱਚੇ ਹੋਏ ਲਾਪਤਾ

ਡੇਰਾਬਸੀ 23 ਅਕਤੂਬਰ। ਡੇਰਾਬਸੀ ਬਰਵਾਲਾ ਰੋਡ ਨਾਲ ਲੱਗਦੀ ਭਗਤ ਸਿੰਘ ਕਲੋਨੀ 'ਚੋਂ ਵੱਖ-ਵੱਖ ਘਰਾਂ ਦੇ 5 ਨਾਬਾਲਗ ਬੱਚੇ ਪਿਛਲੇ 36 ਘੰਟਿਆਂ ਤੋਂ ਲਾਪਤਾ ਹਨ। ਪਰਿਵਾਰਕ ਮੈਂਬਰਾਂ ਵੱਲੋਂ ਪੁਲਸ ਨੂੰ ਦਿੱਤੀ ਸ਼ਿਕਾਇਤ ਤੋਂ ਬਾਅਦ ਪੁਲਸ ਨੇ ਇਲਾਕੇ ਦੀ ਨਾਕਾਬੰਦੀ ਕਰ ਕੇ ਬੱਚਿਆਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਲਾਪਤਾ ਬੱਚਿਆਂ ਦੇ ਮਾਪਿਆਂ ਨੇ ਦੱਸਿਆ ਕਿ ਬੱਚੇ ਐਤਵਾਰ ਸਵੇਰੇ ਕਰੀਬ 5 ਵਜੇ ਘਰ ਤੋਂ ਪਾਰਕ 'ਚ ਖੇਡਣ ਲਈ ਗਏ ਸਨ ਪਰ ਵਾਪਸ ਨਹੀਂ ਪਰਤੇ। ਦੁਪਹਿਰ 12 ਵਜੇ ਭਗਤ ਸਿੰਘ ਕਲੋਨੀ ਦੀਆਂ ਵੱਖ-ਵੱਖ ਗਲੀਆਂ 'ਚ ਰਹਿਣ ਵਾਲੇ 5 ਹੋਰ ਬੱਚੇ ਘਰ ਤੋਂ ਖੇਡਣ ਲਈ ਗਏ ਤੇ ਵਾਪਸ ਨਹੀਂ ਪਰਤੇ। ਐਤਵਾਰ ਛੁੱਟੀ ਹੋਣ ਕਾਰਨ ਬੱਚੇ ਖੇਡ ਰਹੇ ਸਨ, ਜਿਸ ਕਾਰਨ ਬੱਚਿਆਂ ਦੇ ਲਾਪਤਾ ਹੋਣ ਦਾ ਪਤਾ ਨਹੀਂ ਲੱਗ ਸਕਿਆ। ਲਾਪਤਾ ਬੱਚੇ ਇਕ ਦੂਜੇ ਨੂੰ ਜਾਣਦੇ ਹਨ ਤੇ ਇਕੱਠੇ ਸਕੂਲ ਜਾਂਦੇ ਹਨ। ਸਭ ਤੋਂ ਵੱਡਾ ਲੜਕਾ 15 ਸਾਲ ਦਾ ਹੈ ਤੇ ਦਸਵੀਂ ਜਮਾਤ 'ਚ ਪੜ੍ਹਦਾ ਹੈ। ਜਦੋਂ ਮਾਪਿਆਂ ਨੂੰ ਬੱਚੇ ਦੀ ਭਾਲ ਕਰਨ "ਤੇ ਕੋਈ ਸੁਰਾਗ ਨਹੀਂ ਮਿਲਿਆ ਤਾਂ ਉਨ੍ਹਾਂ ਦੇ ਇਕ ਦੋਸਤ ਨੂੰ ਪਤਾ ਲੱਗਾ ਕਿ ਉਹ ਮੁੰਬਈ ਜਾਣ ਦੀ ਗੱਲ ਕਰ ਰਹੇ ਹਨ। 15 ਸਾਲਾ ਦੀਪ ਸਵੇਰੇ ਸੂਰਜ ਤੇ ਅਨਿਲ ਨਾਲ ਥਾਣੇ ਸਾਹਮਣੇ ਪਾਰਕ "ਚ ਗਿਆ ਸੀ। ਉਸ ਨੇ ਦੱਸਿਆ ਕਿ ਦੋਵੇਂ ਵਿਅਕਤੀ ਘਰੋਂ ਭੱਜਣ ਦੀ ਗੱਲ ਕਰ ਰਹੇ ਸਨ ਤੇ ਉਸ ਨੂੰ ਆਪਣੇ ਨਾਲ ਆਉਣ ਲਈ ਕਹਿ ਰਹੇ ਸਨ। ਉਹ ਡਰ ਕੇ ਉਨ੍ਹਾਂ ਨਾਲ ਨਹੀਂ ਗਿਆ ਤੇ 2 ਘੰਟੇ ਬਾਅਦ ਪਾਰਕ ਤੋਂ ਘਰ ਪਰਤਿਆ। ਲਾਪਤਾ ਬੱਚਿਆਂ ਦੇ ਰਿਸਤੇਦਾਰਾਂ ਨੇ ਦੱਸਿਆ ਕਿ ਸਾਰੇ ਬੱਚੇ ਇਕੱਠੇ ਬਾਹਰ ਗਏ ਸਨ ਤੇ ਹੁਣ ਉਨ੍ਹਾਂ ਦਾ ਕੋਈ




ਸੁਰਾਗ ਨਹੀਂ ਮਿਲ ਰਿਹਾ। ਲਾਪਤਾ ਬੱਚਿਆਂ ਦੇ ਰਿਸਤੇਦਾਰਾਂ ਦਾ ਕਹਿਣਾ ਹੈ ਕਿ ਲਾਪਤਾ ਹੋਏ ਸੱਤ ਬੱਚਿਆਂ 'ਚੋਂ ਦੋ ਕੋਲ ਮੋਬਾਈਲ ਹਨ ਪਰ ਸਿਮ ਨਹੀਂ ਹਨ। ਦੋਵੇਂ ਮੋਬਾਈਲ "ਚ ਇੰਸਟਾਗ੍ਰਾਮ ਐਪ ਦੀ ਵਰਤੋਂ ਕਰ ਰਹੇ ਹਨ ਤੇ ਗੇਮ ਖੇਡ ਰਹੇ ਹਨ। ਉਸ ਕੋਲ ਆਏ ਲੜਕੇ ਨੇ ਦੱਸਿਆ ਕਿ ਉਸ ਦੇ ਲਾਪਤਾ ਹੋਣ ਤੋਂ ਬਾਅਦ ਉਸ ਦੇ ਇਕ ਦੋਸਤ ਨੇ ਉਸ ਨੂੰ ਉਸ ਦੀ ਇੰਸਟਾਗ੍ਰਾਮ ਆਈ.ਡੀ. ਤੋਂ ਅਨਫਾਲੋ ਕਰ ਦਿੱਤਾ ਸੀ। ਉਹ ਗੇਮ ਖੇਡ ਰਹੇ ਹਨ ਤੇ ਆਨਲਾਈਨ ਵੀ ਹਨ, ਜਿਸ ਦੀ ਭਾਲ ਕੀਤੀ ਜਾ ਰਹੀ ਹੈ। ਲਾਪਤਾ ਬੱਚਿਆਂ 'ਚ ਸੂਰਜ (15) ਪੁੱਤਰ ਬੇਚੂ ਰਾਮ ਤੇ ਅਨਿਲ (15) ਪੁੱਤਰ ਸੀਤਾ ਰਾਮ ਵਾਸੀ ਗਲੀ ਨੰਬਰ 3 ਭਗਤ ਸਿੰਘ ਕਲੋਨੀ, ਗਲੀ ਨੰਬਰ 4 ਦਾ ਗਿਆਨ ਚੰਦ, 13 ਸਾਲਾ ਗੌਰਵ, ਅਜੈ ਸਾਮਲ ਹਨ। ਗਲੀ ਨੰਬਰ 8 ਦੇ ਬਜੁਰਗ ਦਲੀਪ ਤੇ ਵਿਸਨੂੰ ਸਮੇਤ ਕੁੱਲ 7 ਜਣੇ ਸਾਮਲ ਹਨ। ਜਦੋਂ ਇਸ ਸਬੰਧੀ ਡੇਰਾਬਸੀ ਥਾਣਾ ਮੁਖੀ ਮਨਦੀਪ ਸਿੰਘ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਸ਼ਿਕਾਇਤ ਮਿਲਣ ਤੋਂ ਬਾਅਦ ਉਨ੍ਹਾਂ ਬੱਚਿਆਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਖਬਰ ਲਿਖੇ ਜਾਣ ਤੱਕ ਬੱਚਿਆਂ ਬਾਰੇ ਕੋਈ ਜਾਣਕਾਰੀ ਨਹੀਂ ਸੀ ਮਿਲ ਸਕੀ। ਮੋਬਾਈਲ ਦੀ ਮਦਦ ਨਾਲ ਬੱਚਿਆਂ ਦੀ ਭਾਲ ਜਾਰੀ ਹੈ। ਬੱਚੇ ਦੀ ਫੋਟੋ ਵੱਖ-ਵੱਖ ਥਾਣਿਆਂ ਨੂੰ ਭੇਜ ਦਿੱਤੀ ਗਈ ਹੈ। ਪੁਲਸ ਟੀਮ ਜਾਂਚ ਲਈ ਰੇਲਵੇ ਸਟੇਸਨ ਗਈ ਹੈ।

### ਹੈਰੋਇਨ ਸਮੇਤ 3 ਵਿਅਕਤੀ ਗ੍ਰਿਫਤਾਰ

ਬਠਿੰਡਾ 23 ਅਕਤੂਬਰ। ਕੈਨਾਲ ਕਾਲੋਨੀ ਪੁਲਸ ਵੱਲੋਂ ਵੱਖ-ਵੱਖ ਥਾਵਾਂ ਤੋਂ ਹੈਰੋਇਨ ਬਰਾਮਦ ਕਰ ਕੇ ਤਿੰਨ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਜਾਣਕਾਰੀ ਦਿੰਦਿਆਂ ਐੱਸ. ਆਈ. ਹਰਜੀਵਨ ਸਿੰਘ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਕਿ ਉਨ੍ਹਾਂ ਵੱਲੋਂ ਕਿਸਾਨ ਚੌਂਕ ਵਿਚ ਨਾਕੇਬੰਦੀ ਕੀਤੀ ਗਈ ਸੀ। ਇਸ ਦੌਰਾਨ ਪੁਲਸ ਵੱਲੋਂ ਇਕ ਹੌਂਡਾ ਸਿਟੀ ਕਾਰ ਨੂੰ ਸ਼ੱਕ ਦੇ ਆਧਾਰ 'ਤੇ ਰੋਕਿਆ। ਪੁਲਸ ਵੱਲੋਂ ਕਾਰ ਚਾਲਕਾਂ ਦੀ ਤਲਾਸ਼ੀ ਦੌਰਾਨ 41 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਪੁਲਸ ਵੱਲੋਂ ਕਾਰ ਸਵਾਰ ਮੁਲਜਮ ਵੀਰੂ ਅਤੇ ਨਾਨਕ ਚੰਦ ਵਾਸੀ ਜਨਤਾ ਨਗਰ ਨੂੰ ਮੌਕੇ ਤੋਂ ਗ੍ਰਿਫਤਾਰ ਕਰ ਲਿਆ। ਇਸੇ ਤਰ੍ਹਾਂ ਕੋਟਫੱਤਾ ਪੁਲਸ ਵੱਲੋਂ ਪਿੰਡ ਤੁੰਗਵਾਲੀ ਤੋਂ ਚਮਕੌਰ ਸਿੰਘ ਵਾਸੀ ਧੰਨ ਸਿੰਘ ਖਾਨਾ ਨੂੰ ਗ੍ਰਿਫਤਾਰ ਕਰਕੇ 1 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਪੁਲਸ ਵੱਲੋਂ ਉਕਤ ਸਾਰੇ ਮੁਲਜਮਾਂ ਖ਼ਿਲਾਫ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਬੰਦ ਹੋ ਸਕਦੀ ਹੈ ਵੇਰਕਾ ਦੁੱਧ ਦੀ ਸਪਲਾਈ, ਕੀ ਹੈ ਕਾਰਨ

ਜਲੰਧਰ 23 ਅਕਤੂਬਰ। ਜੇਕਰ ਤੁਸੀਂ ਵੀ ਵੇਰਕਾ ਦਾ ਦੁੱਧ ਲੈਂਦੇ ਹੋ ਤਾਂ ਇਹ ਖਬਰ ਤੁਹਾਡੇ ਲਈ ਅਹਿਮ ਹੈ। ਦਰਅਸਲ ਜਲੰਧਰ ਜ?ਿਲੇ ਤੋਂ ਵੱਡੀ ਖਬਰ ਸਾਹਮਣੇ ਆ ਰਹੀ ਹੈ। ਵੇਰਕਾ ਮਿਲਕ ਪਲਾਂਟ ਆਊਟਸੋਰਸਡ ਕਰਮਚਾਰੀ ਯੂਨੀਅਨ ਜਲੰਧਰ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਅੱਜ ਵੇਰਕਾ ਮਿਲਕ ਪਲਾਂਟ ਦੇ ਮੁੱਖ ਦਫਤਰ ਦੇ ਬਾਹਰ ਧਰਨਾ ਦਿੱਤਾ ਗਿਆ। ਪ੍ਰਧਾਨ ਅਨਿਲ ਕੁਮਾਰ ਦੀ ਦੇਖ-ਰੇਖ ਹੇਠ ਦਿੱਤੇ ਧਰਨੇ ਦੌਰਾਨ ਪ੍ਰਸਾਸਨ ਵਿਰੋਧੀ ਨਾਅਰੇਬਾਜੀ ਕੀਤੀ ਗਈ ਅਤੇ ਚਿਤਾਵਨੀ ਦਿੱਤੀ ਗਈ। ਜੇਕਰ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਦੁੱਧ ਦੀ ਸਪਲਾਈ ਬੰਦ ਕਰ ਦਿੱਤੀ ਜਾਵੇਗੀ। ਇਸ ਸਬੰਧੀ ਅਨਿਲ ਕੁਮਾਰ ਨੇ ਦੱਸਿਆ ਕਿ ਉਨ੍ਹਾਂ



ਦੀਆਂ ਮੰਗਾਂ ਵਿੱਚ ਆਊਟ ਸੋਰਸਿੰਗ ਭਰਤੀ ਬੰਦ ਕੀਤੀ ਜਾਵੇ ਅਤੇ ਲੰਬੇ ਸਮੇਂ ਤੋਂ ਕੰਮ ਕਰਦੇ ਮੁਲਾਜਮਾਂ ਨੂੰ ਪੱਕਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਹਰ ਵਾਰ ਉਨ੍ਹਾਂ ਨੂੰ ਤੰਗ ਪ੍ਰੇਸਾਨ ਕੀਤਾ ਜਾ ਰਿਹਾ ਹੈ ਪਰ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਹੀਂ ਕੀਤੀਆਂ ਜਾ ਰਹੀਆਂ ਹਨ। ਇਸ ਵਾਰ ਜੇਕਰ ਉਨ੍ਹਾਂ ਦੀਆਂ ਮੰਗਾਂ ਤੁਰੰਤ ਪੂਰੀਆਂ ਨਾ ਕੀਤੀਆਂ ਗਈਆਂ ਤਾਂ ਉਹ ਦੁੱਧ ਦੀ ਸਪਲਾਈ ਵੀ ਬੰਦ ਕਰ ਸਕਦੇ ਹਨ, ਹਾਲਾਂਕਿ ਉਹ ਅਜਿਹਾ ਕੋਈ ਕਦਮ ਨਹੀਂ ਚੁੱਕਣਾ ਚਾਹੁੰਦੇ ਪਰ ਜੇ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਾ ਹੋਈਆਂ ਤਾਂ ਉਹ ਇਹ ਕਦਮ ਚੁੱਕਣ ਲਈ ਮਜਬੂਰ ਹੋਣਗੇ। ਦੂਜੇ ਪਾਸੇ ਵੇਰਕਾ ਮਿਲਕ ਪਲਾਂਟ ਵਿਖੇ ਤਾਇਨਾਤ ਅਧਿਕਾਰੀ ਜਤਿੰਦਰ ਪਾਲ ਸਿੰਘ ਨੇ ਕਿਹਾ ਕਿ ਇਕ-ਦੋ ਦਿਨਾਂ ਵਿੱਚ ਸਮੱਸਿਆ ਦਾ ਹੱਲ ਕਰ ਦਿੱਤਾ ਜਾਵੇਗਾ ਅਤੇ ਮੁਲਾਜਮਾਂ ਦੀਆਂ ਮੰਗਾਂ ਪੂਰੀਆਂ ਕਰ ਦਿੱਤੀਆਂ ਜਾਣਗੀਆਂ।

## ਅਮਰੀਕਾ ਨੇ ਚੀਨੀ ਇਲੈਕਟ੍ਰਿਕ ਕਾਰਾਂ ਨੂੰ ਦੱਸਿਆ ਸੁਰੱਖਿਆ ਲਈ ਵੱਡਾ ਖਤਰਾ

ਨਵੀਂ ਦਿੱਲੀ 23 ਅਕਤੂਬਰ। ਅਮਰੀਕੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਚੀਨੀ-ਨਿਰਮਿਤ ਆਟੋਮੋਟਿਵ ਸੌਫਟਵੇਅਰ ਇਹ ਪਤਾ ਲਗਾ ਸਕਦਾ ਹੈ ਕਿ ਅਮਰੀਕੀ ਕਿੱਥੇ ਜਾਂਦੇ ਹਨ। ਉਹ ਆਪਣੇ ਵਾਹਨਾਂ ਨੂੰ ਕਿੱਥੇ ਚਾਰਜ ਕਰਦੇ ਹਨ ਜਾਂ ਸੜਕ 'ਤੇ ਕਿਹੜਾ ਸੰਗੀਤ ਅਤੇ ਪੌਡਕਾਸਟ ਸੁਣਦੇ ਹਨ। ਉਨ੍ਹਾਂ ਕਿਹਾ ਕਿ ਚੀਨੀ ਅਧਿਕਾਰੀ ਚੀਨ ਵਿੱਚ ਵਾਹਨ ਵੇਚਣ ਵਾਲੀਆਂ ਅਮਰੀਕੀ ਆਟੋ ਕੰਪਨੀਆਂ ਨੂੰ ਆਪਣੇ ਵਾਹਨਾਂ ਵਿੱਚ ਚੀਨੀ ਸਾਫਟਵੇਅਰ ਲਗਾਉਣ ਲਈ ਮਜਬੂਰ ਕਰਦੇ ਹਨ। ਅਮਰੀਕੀ ਕੰਪਨੀਆਂ ਨੇ ਬਿਡੇਨ ਪ੍ਰਸਾਸਨ ਨੂੰ ਚੀਨ 'ਚ ਕਾਰੋਬਾਰ ਕਰਨ ਦੌਰਾਨ ਆਉਣ ਵਾਲੀਆਂ ਮੁਸਕਿਲਾਂ ਦੀ ਜਾਣਕਾਰੀ ਦਿੱਤੀ ਹੈ। ਇਸ ਵਿੱਚ ਚੀਨੀ ਸਾਫਟਵੇਅਰ ਲਗਾਉਣ ਦਾ ਮਾਮਲਾ ਵੀ ਸ਼ਾਮਲ ਹੈ। ਇਹ ਬਾਈਡੇਨ ਦੀ ਉਦਯੋਗਿਕ ਨੀਤੀ ਨਾਲ ਸਿੱਧਾ ਟਕਰਾਅ ਹੈ। ਚੀਨ ਵਿੱਚ ਕੁਝ ਛੋਟੀਆਂ ਕਾਰਾਂ ਦੀ ਕੀਮਤ 9 ਲੱਖ ਰੁਪਏ ਤੱਕ ਹੈ। ਇਹ ਅਮਰੀਕੀ ਇਲੈਕਟ੍ਰਿਕ ਕਾਰਾਂ ਨਾਲੋਂ ਬਹੁਤ ਘੱਟ ਹੈ। ਬਾਈਡੇਨ ਨੇ ਵੀਰਵਾਰ ਨੂੰ ਇਕ ਬਿਆਨ 'ਚ ਕਿਹਾ ਕਿ ਚੀਨ ਗੈਰ-ਕਾਨੂੰਨੀ ਅਤੇ ਹੋਰ ਤਰੀਕੇ ਅਪਨਾ ਕੇ ਆਟੋ ਬਾਜਾਰ 'ਤੇ ਦਬਦਬਾ ਬਣਾਉਣਾ ਚਾਹੁੰਦਾ ਹੈ। ਚੀਨੀ ਕੰਪਨੀ ਦੀਆਂ ਨੀਤੀਆਂ ਕਾਰਨ ਸਾਡੇ ਬਾਜਾਰ 'ਚ ਇਸ ਦੇ ਵਾਹਨਾਂ ਦੀ ਭੀੜ ਹੋਵੇਗੀ। ਇਹ ਰਾਸਟਰੀ ਸੁਰੱਖਿਆ ਲਈ ਖਤਰਾ ਹੈ ਅਤੇ ਮੈਂ ਅਜਿਹਾ ਨਹੀਂ ਹੋਣ ਦਿਆਂਗਾ। ਫੈਸਲਾ ਲੈਣ ਤੋਂ ਪਹਿਲਾਂ ਸਰਕਾਰ ਨੇ ਆਟੋ ਕੰਪਨੀਆਂ, ਡੇਟ੍ਰਾਇਟ ਵਿੱਚ ਵਰਕਰ ਯੂਨੀਅਨਾਂ ਅਤੇ ਵੱਡੀ ਈਵੀ ਨਿਰਮਾਣ ਕੰਪਨੀ ਟੇਸਲਾ ਨਾਲ ਚਰਚਾ ਕੀਤੀ ਸੀ। ਹਾਲ ਹੀ ਵਿੱਚ ਟੇਸਲਾ ਨੂੰ ਪਿੱਛੇ ਛੱਡਦੇ ਹੋਏ ਚੀਨੀ ਕੰਪਨੀ ਇਲੈਕਟ੍ਰਿਕ ਕਾਰਾਂ ਵੇਚਣ ਵਾਲੀ ਦੁਨੀਆ ਦੀ ਸਭ ਤੋਂ ਵੱਡੀ ਕੰਪਨੀ ਬਣ ਗਈ ਹੈ। ਨਵੰਬਰ 'ਚ ਹੋਣ ਵਾਲੀਆਂ ਰਾਸਟਰਪਤੀ ਚੋਣਾਂ 'ਚ ਬਾਈਡੇਨ ਦੇ ਸੰਭਾਵੀ ਵਿਰੋਧੀ ਸਾਬਕਾ ਰਾਸਟਰਪਤੀ ਡੋਨਾਲਡ ਟਰੰਪ




ਨੇ ਹਮੇਸਾ ਬਾਈਡੇਨ ਦੀ ਆਲੋਚਨਾ ਕਰਦੇ ਹੋਏ ਕਿਹਾ ਹੈ ਕਿ ਰਾਸਟਰਪਤੀ ਨੇ ਆਟੋ ਕੰਪਨੀਆਂ ਨੂੰ ਇਲੈਕਟ੍ਰਿਕ ਕਾਰਾਂ ਬਣਾਉਣ ਲਈ ਮਜਬੂਰ ਕੀਤਾ ਹੈ। ਹਾਲਾਂਕਿ ਬਾਈਡੇਨ ਅਤੇ ਟਰੰਪ ਆਪਣੇ ਆਪ ਨੂੰ ਚੀਨ ਦੇ ਖਿਲਾਫ ਸਖਤ ਰੁਖ ਅਪਣਾਉਂਦੇ ਹੋਏ ਦਰਸਾਉਂਦੇ ਹਨ। ਵੀਰਵਾਰ ਦੇ ਫੈਸਲੇ ਨਾਲ ਚੀਨੀ ਇਲੈਕਟ੍ਰਿਕ ਵਾਹਨਾਂ 'ਤੇ ਤੁਰੰਤ ਪਾਬੰਦੀ ਨਹੀਂ ਲੱਗਦੀ। ਹਾਲਾਂਕਿ, ਚੀਨੀ ਈਵੀਜ ਉੱਤੇ ਭਾਰੀ ਟੈਕਸ ਲਗਾਇਆ ਜਾਂਦਾ ਹੈ ਅਤੇ ਉਹ ਅਜੇ ਤੱਕ ਯੂਐਸ ਮਾਰਕੀਟ ਵਿੱਚ ਪ੍ਰਵੇਸ ਕਰਨ ਦੇ ਯੋਗ ਨਹੀਂ ਹਨ। ਰਾਸਟਰਪਤੀ ਦੀ ਰਾਸਟਰੀ ਆਰਥਿਕ ਕੌਂਸਲ ਦੇ ਮੁਖੀ ਲੇਲ ਬੇਨਾਰਡ ਦਾ ਕਹਿਣਾ ਹੈ ਕਿ ਚੀਨ ਵਿਦੇਸੀ ਬਾਜਾਰਾਂ ਨੂੰ ਵੱਡੇ ਪੱਧਰ 'ਤੇ ਆਪਣੀਆਂ ਕਾਰਾਂ ਅਤੇ ਹੋਰ ਵਾਹਨਾਂ ਦੀ ਸਪਲਾਈ ਕਰ ਰਿਹਾ ਹੈ। ਇਹਨਾਂ ਵਿੱਚੋਂ ਬਹੁਤ ਸਾਰੇ ਵਾਹਨ ਲਗਾਤਾਰ ਅਮਰੀਕੀ ਬੁਨਿਆਦੀ ਢਾਂਚੇ ਬਾਰੇ ਜਾਣਕਾਰੀ ਇਕੱਠੀ ਕਰ ਸਕਦੇ ਹਨ। ਡਰਾਈਵਰ ਦੇ ਸਮਾਰਟਫੋਨ ਜਾਂ ਆਸ-ਪਾਸ ਚੱਲ ਰਹੀਆਂ ਕਾਰਾਂ ਰਾਹੀਂ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ। ਅਮਰੀਕੀ ਸਰਕਾਰ ਚੀਨੀ ਵਾਹਨਾਂ 'ਤੇ 25 ਫੀਸਦੀ ਟੈਰਿਫ ਲਗਾ ਸਕਦੀ ਹੈ।

### ਘਰ ਪਰਤ ਰਹੇ ਰੇਹੜੀ ਵਾਲੇ ਨੂੰ ਤੇਜ ਰਫਤਾਰ ਥਾਰ ਨੇ ਮਾਰੀ ਟੱਕਰ, ਜਖਮੀ ਨੇ ਹਸਪਤਾਲ ਜਾ ਕੇ ਤੋੜਿਆ ਦਮ

ਚੰਡੀਗੜ੍ਹ 23 ਅਕਤੂਬਰ। ਸੈਕਟਰ-43 ਜ?ਿਲ੍ਹਾ ਅਦਾਲਤ ਦੇ ਨੇੜੇ ਤੇਜ ਰਫਤਾਰ ਥਾਰ ਚਾਲਕ ਇਕ ਰੇਹੜੀ ਚਾਲਕ ਨੂੰ ਟੱਕਰ ਮਾਰ ਕੇ ਫਰਾਰ ਹੋ ਗਿਆ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਰੇਹੜੀ ਚਾਲਕ ਨੂੰ ਤੁਰੰਤ ਸੈਕਟਰ-16 ਜਨਰਲ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ, ਜਿਥੇ ਡਾਕਟਰਾਂ ਵਲੋਂ ਮ੍ਰਿਤਕ ਐਲਾਨ ਦਿੱਤਾ ਗਿਆ। ਮ੍ਰਿਤਕ ਦੀ ਪਛਾਣ ਸੰਤੋਸ਼ ਸਰੂਪ ਵਾਸੀ ਕਜੇਹੜੀ ਦੇ ਰੂਪ ਵਿਚ ਹੋਈ ਹੈ। ਸੈਕਟਰ-36 ਥਾਣਾ ਪੁਲਸ ਨੇ ਮੌਕੇ 'ਤੇ ਫਰਾਰ ਥਾਰ ਚਾਲਕ ਖ?ਿਲਾਫ ਲਾਪਰਵਾਹੀ ਨਾਲ ਗੱਡੀ ਚਲਾਉਣ ਅਤੇ ਗੈਰ-ਇਰਾਤਦਨ ਕਤਲ ਦਾ ਮਾਮਲਾ ਦਰਜ ਕੀਤਾ ਹੈ। ਪੁਲਸ ਸੀ.ਸੀ.ਟੀ.ਵੀ. ਕੈਮਰਿਆਂ ਦੀ ਮਦਦ ਨਾਲ ਫਰਾਰ ਚਾਲਕ ਦੀ ਭਾਲ ਕਰ ਰਹੀ ਹੈ। ਜਾਣਕਾਰੀ ਅਨੁਸਾਰ ਬੀਤੀ ਰਾਤ ਰੇਹੜੀ ਚਾਲਕ ਸੰਤੋਸ਼ ਸਰੂਪ ਆਪਣੇ ਘਰ ਵੱਲ ਜਾ ਰਿਹਾ ਸੀ। ਜਦੋਂ ਉਹ ਸੈਕਟਰ-43 ਜ?ਿਲਾ ਅਦਾਲਤ ਦੇ ਪਿੱਛੇ ਸੜਕ 'ਤੇ ਪਹੁੰਚਿਆ ਤਾਂ ਤੇਜ ਰਫਤਾਰ ਥਾਰ ਚਾਲਕ ਉਸ ਦੀ ਰੇਹੜੀ ਨੂੰ ਟੱਕਰ ਮਾਰ ਕੇ ਫਰਾਰ ਹੋ ਗਿਆ। ਟੱਕਰ ਵੱਜਣ ਕਾਰਨ ਰੇਹੜੀ ਚਾਲਕ ਗੰਭੀਰ ਜਖਮੀ ਹੋ ਗਿਆ। ਰਾਹਗੀਰਾਂ ਨੇ ਹਾਦਸੇ ਦੀ ਸੂਚਨਾ ਤੁਰੰਤ ਪੁਲਸ ਨੂੰ ਦਿੱਤੀ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਖਮੀ ਹੋਏ ਰੇਹੜੀ ਚਾਲਕ ਨੂੰ ਹਸਪਤਾਲ ਦਾਖਲ ਕਰਵਾਇਆ, ਜਿੱਥੇ ਡਾਕਟਰਾਂ ਨੇ ਜਖਮੀ ਨੂੰ ਮ੍ਰਿਤਕ ਐਲਾਨ ਦਿੱਤਾ। ਸੈਕਟਰ-36 ਥਾਣਾ ਦੀ ਪੁਲਸ ਨੇ ਟੱਕਰ ਮਾਰਨ ਵਾਲੇ ਥਾਰ ਚਾਲਕ ਖ?ਿਲਾਫ ਮਾਮਲਾ ਦਰਜ ਕਰਕੇ ਮੁਲਜਮ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

### ਪਤਨੀ ਨੂੰ ਸ਼ਰੀਕੇ 'ਚ ਰਹਿੰਦਾ ਵਿਅਕਤੀ ਕਰਦਾ ਸੀ ਪ੍ਰੇਸ਼ਾਨ

ਬਟਾਲਾ 23 ਅਕਤੂਬਰ। ਪਤਨੀ ਨੂੰ ਤੰਗ ਕਰਨ ਵਾਲੇ ਵਿਅਕਤੀ ਤੋਂ ਦੁਖੀ ਹੋ ਕੇ ਪਤੀ ਵਲੋਂ ਜ਼ਹਿਰੀਲੀ ਦਵਾਈ ਖਾ ਕੇ ਆਪਣੀ ਜੀਵਨ ਲੀਲਾ ਸਮਾਪਤ ਕਰਨ ਦਾ ਦੁਖਦਾਈ ਸਮਾਚਾਰ ਮਿਲਿਆ ਹੈ। ਜਾਣਕਾਰੀ ਦਿੰਦਿਆਂ ਪੁਲਸ ਚੌਕੀ ਹਰਚੋਵਾਲ ਦੇ ਏ.ਐੱਸ.ਆਈ. ਸਰਵਣ ਸਿੰਘ ਨੇ ਦੱਸਿਆ ਕਿ ਬਿੰਦਰ ਸਿੰਘ ਪੁੱਤਰ ਬਲਵੰਤ ਸਿੰਘ ਵਾਸੀ ਪਿੰਡ ਔਲਖ ਖੁਰਦ ਦੀ ਪਤਨੀ ਅਮਨ ਕੌਰ ਨੂੰ ਉਨ੍ਹਾਂ ਦੇ ਸ਼ਰੀਕੇ ਵਿਚ ਰਹਿੰਦੇ ਵਿਅਕਤੀ ਮੰਗਾ ਪੁੱਤਰ ਅਜੀਤ ਮਸੀਹ ਅਕਸਰ ਤੰਗ ਪ੍ਰੇਸ਼ਾਨ ਕਰਦਾ ਸੀ ਅਤੇ ਅਕਸਰ ਬਿੰਦਰ ਸਿੰਘ ਇਸ ਨੂੰ ਅਜਿਹਾ ਕਰਨ ਤੋਂ ਰੋਕਦਾ ਸੀ । ਜਦੋਂ ਉਕਤ ਵਿਅਕਤੀ ਨਹੀਂ ਹੱਟਿਆ ਤਾਂ ਦੁਖੀ ਹੋ ਕੇ ਅਮਨ ਕੌਰ ਆਪਣੇ ਪੇਕੇ ਘਰ ਚਲੀ ਗਈ, ਜਿਸ ਦੇ ਬਾਅਦ ਬਿੰਦਰ ਸਿੰਘ ਨੇ ਉਕਤ ਵਿਅਕਤੀ ਤੋਂ ਦੁਖੀ ਹੋ ਕੇ ਜ਼ਹਿਰੀਲੀ ਦਵਾਈ ਖਾ ਲਈ, ਜਿਸ ਨਾਲ ਇਸ ਦੀ ਸਿਹਤ ਖਰਾਬ ਹੋ ਗਈ ਤਾਂ ਇਸ ਨੂੰ ਪਰਿਵਾਰ ਵਾਲਿਆਂ ਨੇ ਇਲਾਜ ਲਈ ਸਿਵਲ ਹਸਪਤਾਲ ਵਿਖੇ ਲਿਆਂਦਾ, ਜਿਥੇ ਇਸ ਦੀ ਮੌਤ ਹੋ ਗਈ। ਚੌਕੀ ਇੰਚਾਰਜ ਨੇ ਦੱਸਿਆ ਕਿ ਮ੍ਰਿਤਕ ਬਿੰਦਰ ਸਿੰਘ ਦੇ ਭਰਾ ਹਰਪ੍ਰੀਤ ਸਿੰਘ ਦੇ ਬਿਆਨਾਂ 'ਤੇ ਮੰਗਾ ਵਿਰੁੱਧ ਕੇਸ ਦਰਜ ਕਰ ਦਿੱਤਾ ਗਿਆ ਹੈ ਅਤੇ ਮ੍ਰਿਤਕ ਦੀ ਲਾਸ਼ ਪੋਸਟਮਾਰਟਮ ਲਈ ਸਿਵਲ ਹਸਪਤਾਲ ਬਟਾਲਾ ਵਿਖੇ ਭੇਜ ਦਿੱਤੀ ਗਈ ਹੈ।

# ਲੱਖਾਂ ਕਮਾਉਣ ਦੇ ਚੱਕਰ ਵਿਚ ਟ੍ਰੈਵਲ ਏਜੰਟਾਂ ਨੇ ਕਈਆਂ 'ਤੇ ਲਗਵਾ ਦਿੱਤਾ 10 ਸਾਲ ਦਾ ਬੈਨ

ਜਲੰਧਰ 23 ਅਕਤੂਬਰ। ਪੰਜਾਬ ਦੇ ਭੋਲੇ-ਭਾਲੇ ਲੋਕਾਂ ਨੂੰ ਡਾਲਰਾਂ-ਪੌਂਡਾਂ ਦੇ ਸੁਨਹਿਰੀ ਸੁਪਨੇ ਦਿਖਾ ਕੇ, ਯੂ. ਕੇ. 'ਚ ਵਰਕ ਪਰਮਿਟ ਦਵਉਣ ਦਾ ਝਾਂਸਾ ਦੇ ਕੇ ਤੇ ਉਥੇ ਲੱਖਾਂ ਰੁਪਏ ਮਹੀਨਾ ਕਮਾਉਣ ਦੇ ਨਾਲ-ਨਾਲ ਕੁਝ ਸਮੇਂ ਬਾਅਦ ਉਥੇ ਹੀ ਪੀ. ਆਰ. ਹੋਣ ਦੀ ਗੱਲ ਕਹਿ ਕੇ ਲੋਕਾਂ ਨਾਲ ਹੈਲਥਕੇਅਰ, ਕੰਸਟਰੱਕਸ਼ਨ ਤੇ ਆਈ. ਟੀ. ਸੈਕਟਰ 'ਚ ਹੋਏ ਫਰਜੀਵਾੜੇ ਤੋਂ ਬਾਅਦ ਹੁਣ ਕਥਿਤ ਤੌਰ 'ਤੇ ਟ੍ਰੈਵਲ ਏਜੰਟਾਂ ਵੱਲੋਂ ਮੈਕਸੀਕੋ ਰਾਹੀਂ ਅਮਰੀਕਾ ਵਿਚ 'ਡੌਂਕੀ' ਲੁਆ ਕੇ ਭੇਜਣ ਦਾ ਫਰਜੀਵਾੜਾ ਸਾਹਮਣੇ ਆ ਰਿਹਾ ਹੈ। ਸੂਤਰਾਂ ਮੁਤਾਬਕ ਪੰਜਾਬ ਦੇ ਕਈ ਕਥਿਤ ਟ੍ਰੈਵਲ ਏਜੰਟਾਂ ਨੇ ਯੂ. ਕੇ. ਵਰਕ ਪਰਮਿਟ ਦੇ ਨਾਂ 'ਤੇ ਲੱਖਾਂ-ਕਰੋੜਾਂ ਰੁਪਏ ਕਮਾ ਕੇ ਲੋਕਾਂ ਦੀ ਜ?ਿੰਦਗੀ ਨਾਲ ਖਿਲਵਾੜ ਕੀਤਾ ਹੈ, ਜਿਸ ਕਾਰਨ ਲੱਖਾਂ ਰੁਪਏ ਖਰਚਣ ਦੇ ਬਾਵਜੂਦ ਵੀ ਹੁਣ ਉਨ੍ਹਾਂ ਨੂੰ ਉਥੇ ਕੰਮ ਨਹੀਂ ਮਿਲ ਰਿਹਾ ਤੇ ਕੰਪਨੀਆਂ ਬੰਦ ਹੋਣ 'ਤੇ ਉਨ੍ਹਾਂ ਦੇ ਸਿਰ 'ਤੇ ਇਲ-ਲੀਗਲ ਹੋਣ ਦੀ ਤਲਵਾਰ ਵੀ ਲਟਕਣ ਲੱਗੀ ਹੈ। ਸੂਤਰਾਂ ਨੇ ਦੱਸਿਆ ਕਿ ਸੂਬੇ ਭਰ ਵਿਚ ਕਈ ਕਥਿਤ ਟ੍ਰੈਵਲ ਏਜੰਟਾਂ ਨੇ ਵਰਕ ਪਰਮਿਟ ਦੇ ਨਾਂ 'ਤੇ ਅਜਿਹੀ ਖੇਡ ਖੇਡੀ ਤੇ ਲੋਕਾਂ ਨੂੰ ਯੂ. ਕੇ. ਤੋਂ ਮੈਕਸੀਕੋ ਅਤੇ ਉਥੋਂ 'ਡੌਂਕੀ' ਲੁਆ ਕੇ ਅਮਰੀਕਾ ਭੇਜਣ ਦੇ ਨਾਂ 'ਤੇ ਇਕ ਹੀ ਵਰਕ ਪਰਮਿਟ 'ਤੇ ਲੱਖਾਂ ਰੁਪਏ ਵੱਖਰੇ ਤੌਰ 'ਤੇ ਕਮਾ ਲਏ ਹਨ। ਜੇਕਰ ਯੂ. ਕੇ. ਹੈਲਥਕੇਅਰ, ਆਈ. ਟੀ. ਸੈਕਟਰ ਤੇ ਕੰਸਟਰੱਕਸ਼ਨ ਕੈਟਾਗਰੀ ਵਿਚ ਕੋਈ ਇਨ੍ਹਾਂ ਦੇ ਹੱਥੇ ਚੜ੍ਹ ਕੇ ਆਪਣਾ ਬਿਨੈ-ਪੱਤਰ ਅਪਲਾਈ ਕਰਦਾ ਸੀ ਤਾਂ ਕਈ ਟ੍ਰੈਵਲ ਕਾਰੋਬਾਰੀ ਵਰਕ ਪਰਮਿਟ ਦੇ ਨਾਂ 'ਤੇ ਇਕ ਬਿਨੈਕਾਰ ਤੋਂ 30 ਤੋਂ 40 ਲੱਖ ਰੁਪਏ ਤਾਂ ਲੈਂਦੇ ਹੀ ਸਨ ਜਦਕਿ ਉਸਦੇ ਨਾਲ ਹੀ ਫਰਜੀ ਸਪਾਊਸ ਬਣਾ ਕੇ ਉਸ ਦਾ ਵਰਕ ਪਰਮਿਟ ਲੁਆਉਣ ਤੇ ਬਾਅਦ 'ਚ ਉਸ ਨੂੰ ਉਥੋਂ ਅਮਰੀਕਾ ਭੇਜਣ ਦਾ ਝਾਂਸਾ ਦੇ ਕੇ ਸਪਾਊਸ ਤੋਂ 50 ਤੋਂ 60 ਲੱਖ ਰੁਪਏ ਵੱਖ ਤੋਂ ਲੈਂਦੇ ਸਨ। ਸੂਤਰਾਂ ਵੱਲੋਂ ਦੱਸਿਆ ਜਾ ਰਿਹਾ ਹੈ ਕਿ ਜੇਕਰ ਕਿਸੇ ਬਿਨੈਕਾਰ ਕੋਲ ਯੂ. ਕੇ. ਦਾ ਵੈਲਿਡ ਵੀਜਾ ਹੁੰਦਾ ਹੈ ਤਾਂ ਉਸ ਨੂੰ ਮੈਕਸੀਕੋ ਵਿਚ ਆਨ-ਅਰਾਈਵਲ ਵੀਜਾ ਮਿਲਦਾ ਸੀ। ਬਸ ਇਸੇ ਗੱਲ ਦਾ ਕੁਝ ਟ੍ਰੈਵਲ ਕਾਰੋਬਾਰੀਆਂ ਨੇ ਖੂਬ ਫਾਇਦਾ ਉਠਾਇਆ। ਇਕ ਵਰਕ ਪਰਮਿਟ 'ਤੇ ਸਪਾਊਸ ਨੂੰ ਨਾਲ ਭੇਜਣ ਦੇ ਨਾਂ 'ਤੇ ਲੱਖਾਂ ਰੁਪਏ ਕਮਾ ਕੇ ਆਪਣੀਆਂ ਜੇਬਾਂ ਵਿਚ ਪਾ ਲਏ। ਇਸ ਫਰਜੀਵਾੜੇ ਦਾ ਪਤਾ ਲੱਗਣ 'ਤੇ ਹੁਣ ਯੂ. ਕੇ. ਸਰਕਾਰ ਮਾਰਚ/ਅਪ੍ਰੈਲ ਤੋਂ ਸਪਾਊਸ ਵੀਜੇ 'ਤੇ ਪਾਬੰਦੀ ਲਾ ਸਕਦੀ ਹੈ। ਯੂ. ਕੇ. ਸਰਕਾਰ ਨੇ ਇਸ ਫਰਜੀਵਾੜੇ ਨੂੰ ਦੇਖਦੇ ਹੋਏ ਲਗਭਗ ਇਕ ਹਜਾਰ ਕੰਪਨੀਆਂ ਦੇ ਲਾਇਸੈਂਸ ਤਕ ਰੱਦ ਕਰ ਦਿੱਤੇ ਹਨ, ਜਿਸ ਕਾਰਨ ਪੰਜਾਬ ਵਿਚ ਵੱਡੇ ਪੱਧਰ 'ਤੇ 'ਕਾਸ' ਵਰਕ ਪਰਮਿਟ ਦਾ ਗੋਰਖਧੰਦਾ ਕਰਨ ਵਾਲੇ ਟ੍ਰੈਵਲ ਏਜੰਟਾਂ ਦਾ ਧੰਦਾ ਹੀ ਠੱਪ ਹੋ ਗਿਆ ਕਿਉਂਕਿ ਕੰਪਨੀਆਂ ਬੰਦ ਹੋਣ 'ਤੇ ਉਥੇ ਪਹੁੰਚੇ ਲੋਕਾਂ ਦੇ ਵਰਕ ਪਰਮਿਟ ਵੀ ਰੱਦ ਹੋ ਗਏ ਹਨ। ਇਸ ਕਾਰਨ ਹੁਣ ਲੋਕਾਂ ਨੂੰ ਵੱਖਰੀ ਕੰਪਨੀ ਵਿਚ ਵੱਖਰਾ ਪਰਮਿਟ ਲੈਣ ਲਈ ਫਿਰ ਤੋਂ ਲੱਖਾਂ ਰੁਪਏ ਖਰਚਣੇ ਹੋਣਗੇ। ਖਦਸ਼ਾ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਆਉਣ ਵਾਲੇ ਕੁਝ ਦਿਨਾਂ ਵਿਚ 'ਕਾਸ' ਦੇ ਨਾਂ 'ਤੇ ਠੱਗੀ ਕਰਨ ਵਾਲੇ ਕਈ ਟ੍ਰੈਵਲ ਏਜੰਟਾਂ ਅਤੇ ਕਈ ਗੁਜਰਾਤੀਆਂ ਖ?ਿਲਾਫ ਪੁਲਸ ਤੇ ਪ੍ਰਸ਼ਾਸਨ ਨੂੰ ਕਾਰਵਾਈ ਕਰਨ ਦੇ ਨਾਂ 'ਤੇ ਸ਼ਿਕਾਇਤਾਂ ਆ ਸਕਦੀਆਂ ਹਨ। ਦੱਸਿਆ ਜਾ ਰਿਹਾ ਹੈ ਕਿ ਇਸ ਧੰਦੇ ਵਿਚ ਮੋਟੀ ਕਮਾਈ ਹੁੰਦੀ ਦੇਖ ਅਤੇ ਇਕ ਬਿਨੈਕਾਰ ਨੂੰ ਯੂ. ਕੇ. ਵਰਕ ਪਰਮਿਟ 'ਤੇ ਭੇਜਣ ਦੇ ਨਾਂ 'ਤੇ ਇਸ ਧੰਦੇ ਵਿਚ ਟ੍ਰੈਵਲ ਏਜੰਟ ਅਤੇ ਗੁਜਰਾਤੀ ਮਿਲੀਭੁਗਤ ਕਰ ਕੇ 10 ਤੋਂ 15 ਲੱਖ ਰੁਪਏ ਕਮਾ ਰਹੇ ਸਨ, ਜਿਸ ਦੇ ਨਾਲ ਹੀ ਬੀ.2ਬੀ. ਦਾ ਕਾਰੋਬਾਰ ਵੀ ਉਹ ਭਾਰਤ ਸਰਕਾਰ ਵੱਲੋਂ ਜਾਰੀ ਕੀਤੇ ਗਏ ਮੈਨਪਾਵਰ ਦੇ ਲਾਇਸੈਂਸ ਦੇ ਬਿਨਾਂ ਹੀ ਕਰ ਰਹੇ ਸਨ। ਹੁਣ ਇਸ ਤੋਂ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਇਨ੍ਹਾਂ ਨੂੰ ਨਾ ਤਾਂ ਪੁਲਸ ਤੇ ਨਾ ਹੀ ਪ੍ਰਸ਼ਾਸਨ ਦਾ ਕੋਈ ਡਰ ਸੀ। ਬੀ.2ਬੀ. (ਬਿਜਨੈੱਸ ਟੂ ਬਿਜਨੈੱਸ) ਯਾਨੀ ਯੂ . ਕੇ. ਵਰਕ ਪਰਮਿਟ ਦਾ 'ਕਾਸ' ਆਉਣ 'ਤੇ ਉਹ ਟ੍ਰੈਵਲ ਕਾਰੋਬਾਰੀਆਂ ਨੂੰ ਵੀ ਆਪਣਾ ਲੱਖਾਂ ਰੁਪਏ ਦਾ ਮਾਰਜਨ ਰੱਖ ਕੇ ਵੇਚਦੇ ਸਨ। ਇਸ ਤੋਂ ਪਹਿਲਾਂ ਬੀ.2ਬੀ. ਲਈ ਪਹਿਲਾਂ ਸੂਬੇ ਦੇ ਕਈ ਹੋਟਲਾਂ ਵਿਚ ਉਕਤ ਲੋਕ ਮੀਟਿੰਗ ਲਈ ਬੈਠਦੇ ਸਨ, ਫਿਰ ਇਸ ਗੋਰਖਧੰਦੇ ਨੂੰ ਅੰਜਾਮ ਦਿੰਦੇ ਸਨ। ਇਸ ਤੋਂ ਬਾਅਦ ਹੌਲੀ-ਹੌਲੀ 'ਕਾਸ' ਦੀ ਡਿਮਾਂਡ ਇੰਨੀ ਵਧੀ ਕਿ ਗੁਜਰਾਤੀ ਵੀ ਕਈ-ਕਈ ਵਾਰ ਪੰਜਾਬ ਆਉਣ ਲੱਗੇ ਪਰ ਹੁਣ ਇਸ ਫਰਜੀਵਾੜੇ ਦੇ ਫੜੇ ਜਾਣ ਤੋਂ ਬਾਅਦ ਤੇ ਪੁਲਸ ਦੀ ਕਾਰਵਾਈ ਤੋਂ ਬਚਣ ਲਈ ਗੁਜਰਾਤੀ ਪੰਜਾਬ ਛੱਡ ਕੇ ਗੁਜਰਾਤ ਨੂੰ ਭੱਜ ਖੜ੍ਹੇ ਹੋਏ। ਵਰਕ ਪਰਮਿਟ ਦੇ ਨਾਂ 'ਤੇ ਲੱਖਾਂ ਰੁਪਏ ਕਮਾਉਣ ਦੇ ਚੱਕਰ ਵਿਚ ਕਈ ਕਥਿਤ ਟ੍ਰੈਵਲ ਏਜੰਟਾਂ ਨੇ ਤਾਂ 'ਕਾਸ' ਵਿਚ ਹੀ ਫਰਜੀਵਾੜਾ ਕਰ ਕੇ ਕਈ ਬਿਨੈਕਾਰਾਂ ਦੇ ਬਿਨੈ-ਪੱਤਰ ਅਪਲਾਈ ਕਰਵਾ ਦਿੱਤੇ। ਫਰਜੀਵਾੜਾ ਫੜੇ ਜਾਣ ਤੋਂ ਬਾਅਦ ਯੂ. ਕੇ. ਸਰਕਾਰ ਨੇ ਬਿਨੈ-ਪੱਤਰ ਅਪਲਾਈ ਕਰਨ ਵਾਲੇ ਲੋਕਾਂ 'ਤੇ 10 ਸਾਲ ਤਕ ਦਾ ਬੈਨ ਲਾ ਦਿੱਤਾ, ਜਿਸ ਨੂੰ ਲੈ ਕੇ ਕਈ ਟ੍ਰੈਵਲ ਏਜੰਟਾਂ ਦੇ ਦਫਤਰਾਂ ਵਿਚ ਰੋਜਾਨਾ ਵਿਵਾਦ ਵਧ ਰਹੇ ਹਨ। ਸੂਤਰਾਂ ਨੇ ਦੱਸਿਆ ਕਿ ਕਈ ਏਜੰਟਾਂ ਨੇ ਇਸ ਗੋਰਖਧੰਦੇ ਨੂੰ ਅੰਜਾਮ ਦੇ ਕੇ ਕਰੋੜਾਂ ਅਤੇ ਕਈ ਗੁਜਰਾਤੀਆਂ ਖ?ਿਲਾਫ ਪੁਲਸ ਤੇ ਪ੍ਰਸ਼ਾਸਨ ਨੂੰ ਕਾਰਵਾਈ ਕਰਨ ਦੇ ਨਾਂ 'ਤੇ ਸ਼ਿਕਾਇਤਾਂ ਆ ਸਕਦੀਆਂ ਹਨ। ਦੱਸਿਆ ਜਾ ਰਿਹਾ ਹੈ ਕਿ ਇਸ ਧੰਦੇ ਵਿਚ ਮੋਟੀ ਕਮਾਈ ਹੁੰਦੀ ਦੇਖ ਅਤੇ ਇਕ ਬਿਨੈਕਾਰ ਨੂੰ ਯੂ. ਕੇ. ਵਰਕ ਪਰਮਿਟ 'ਤੇ ਭੇਜਣ ਦੇ ਨਾਂ 'ਤੇ ਇਸ ਧੰਦੇ ਵਿਚ ਟ੍ਰੈਵਲ ਏਜੰਟ ਅਤੇ ਗੁਜਰਾਤੀ ਮਿਲੀਭੁਗਤ ਕਰ ਕੇ 10 ਤੋਂ 15 ਲੱਖ ਰੁਪਏ ਕਮਾ ਰਹੇ ਸਨ, ਜਿਸ ਦੇ ਨਾਲ ਹੀ ਬੀ.2ਬੀ. ਦਾ ਕਾਰੋਬਾਰ ਵੀ ਉਹ ਭਾਰਤ ਸਰਕਾਰ ਵੱਲੋਂ ਜਾਰੀ ਕੀਤੇ ਗਏ ਮੈਨਪਾਵਰ ਦੇ ਰੁਪਏ ਕਮਾਏ ਅਤੇ ਇਸ ਧੰਦੇ ਤੋਂ ਮੋਟੀ ਕਮਾਈ ਕਰ ਕੇ ਉਕਤ ਏਜੰਟਾਂ ਨੇ ਪੂਰੇ ਸੂਬੇ ਦੇ ਕਈ ਸ਼ਹਿਰਾਂ ਵਿਚ ਪ੍ਰਾਪਰਟੀ ਵੀ ਖਰੀਦੀ ਪਰ ਯੂ. ਕੇ. ਸਰਕਾਰ ਵੱਲੋਂ ਇਹ ਫਰਜੀਵਾੜਾ ਫੜੇ ਜਾਣ ਤੋਂ ਬਾਅਦ ਉਕਤ ਏਜੰਟਾਂ ਨੇ ਆਪਣੇ ਪਰਿਵਾਰਾਂ ਨੂੰ ਹੀ ਵਿਦੇਸ਼ ਭੇਜ ਦਿੱਤਾ ਤਾਂ ਕਿ ਪੁਲਸ ਦੀ ਕਾਰਵਾਈ ਤੋਂ ਬਚ ਸਕਣ। ਜਾਣਕਾਰੀ ਮੁਤਾਬਕ ਉਕਤ ਟ੍ਰੈਵਲ ਏਜੰਟਾਂ ਦਾ ਵੀ ਲੋਕਾਂ ਨਾਲ ਵਰਕ ਪਰਮਿਟ ਦੇ ਨਾਂ 'ਤੇ ਲੱਖਾਂ ਰੁਪਏ ਦਾ ਲੈਣ-ਦੇਣ ਪੈਂਡਿੰਗ ਪਿਆ ਹੈ, ਜਿਸ ਨੂੰ ਲੈ ਕੇ ਲੋਕਾਂ ਨਾਲ ਉਨ੍ਹਾਂ ਦੇ ਕਈ ਵਾਰ ਵਿਵਾਦ ਹੋ ਚੁੱਕੇ ਹਨ। ਖਦਸ਼ਾ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਆਉਣ ਵਾਲੇ ਕੁਝ ਦਿਨਾਂ ਵਿਚ ਟ੍ਰੈਵਲ ਕਾਰੋਬਾਰੀਆਂ ਖਿਲਾਫ ਸ਼ਿਕਾਇਤਾਂ ਵਧ ਸਕਦੀਆਂ ਹਨ। ਏ. ਡੀ. ਜੀ. ਪੀ. (ਐੱਨ. ਆਰ. ਆਈ.) ਪ੍ਰਵੀਨ ਸਿਨ੍ਹਾ ਨੇ ਦੱਸਿਆ ਕਿ ਨਿਯਮਾਂ ਦਾ ਉਲੰਘਣ ਕਰਨ ਤੇ ਬਿਨਾਂ ਲਾਇਸੈਂਸ ਦੇ ਇਹ ਨਾਜਾਇਜ ਕਾਰੋਬਾਰ ਕਰਨ ਵਾਲਿਆਂ ਖ?ਿਲਾਫ ਵਿਭਾਗ ਵੱਲੋਂ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਜਿਹੜੇ ਲੋਕ ਸੂਬੇ ਭਰ ਵਿਚ ਬਿਨਾਂ ਲਾਇਸੈਂਸ ਦੇ ਨਾਜਾਇਜ ਕਾਰੋਬਾਰ ਕਰ ਰਹੇ ਹਨ, ਉਨ੍ਹਾਂ ਨੂੰਂ ਕਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਪੁਲਸ ਪ੍ਰਸ਼ਾਸਨ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰੇਗਾ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਵਿਦੇਸ਼ ਜਾਣ ਤੋਂ ਪਹਿਲਾਂ ਆਪਣਾ ਬਿਨੈ-ਪੱਤਰ ਅਪਲਾਈ ਕਰਨ ਤੋਂ ਪਹਿਲਾਂ ਜ਼ਰੂਰ ਚੈੱਕ ਕਰ ਲੈਣ ਕਿ ਕਿਹੜਾ ਟ੍ਰੈਵਲ ਏਜੰਟ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ।

## ਉਮਰ ਭਰ ਸਾਥ ਦੇਣ ਲਈ ਘਰੋਂ ਭੱਜ ਕੇ ਕਰਾਇਆ ਵਿਆਹ, 25ਵੇਂ ਦਿਨ ਪਤਨੀ ਦਾ ਕਰ 'ਤਾ ਕਤਲ

ਕੋਟਾ 23 ਅਕਤੂਬਰ। ਰਾਜਸਥਾਨ ਦੇ ਝਾਲਾਵਾੜ ਜ?ਿਲੇ 'ਚ ਇਕ 22 ਸਾਲਾ ਵਿਅਕਤੀ ਨੇ ਘਰੋਂ ਭੱਜ ਕੇ ਵਿਆਹ ਕਰਵਾਉਣ ਤੋਂ 1 ਮਹੀਨੇ ਤੋਂ ਵੀ ਘੱਟ ਸਮੇਂ ਬਾਅਦ ਝਗੜੇ ਨੂੰ ਲੈ ਕੇ ਕਥਿਤ ਤੌਰ 'ਤੇ ਆਪਣੀ ਪਤਨੀ ਦਾ ਤੇਜਧਾਰ ਹਥਿਆਰ ਨਾਲ ਕਤਲ ਕਰ ਦਿੱਤਾ। ਪੁਲਸ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਡਾਂਗੀਪੁਰਾ ਥਾਣਾ ਖੇਤਰ ਦੇ ਗੋਗਾੜੀ ਪਿੰਡ ਨਿਵਾਸੀ ਰਾਜਾਰਾਮ ਤੰਵਰ ਨੇ ਆਪਣੇ ਸਹੁਰੇ ਨੂੰ ਫੋਨ ਕਰਕੇ ਕਤਲ ਦੀ ਸੂਚਨਾ ਦਿੱਤੀ ਤੇ ਫਰਾਰ ਹੋ ਗਿਆ। ਪੁਲਸ ਨੇ ਦੱਸਿਆ ਕਿ ਰਾਜਾਰਾਮ ਦੀ ਪਿਛਲੇ ਸਾਲ ਪੰਚਪਿਪਲੀ ਪਿੰਡ ਦੀ ਰਹਿਣ ਵਾਲੀ ਸੁਨੀਤਾ ਨਾਲ ਮੰਗਣੀ ਹੋਈ ਸੀ ਪਰ ਸੁਨੀਤਾ ਦੇ ਪਰਿਵਾਰ ਨੇ ਵਿਆਹ ਨੂੰ ਰੱਦ ਕਰ ਦਿੱਤਾ ਸੀ। ਹਾਲਾਂਕਿ ਦੋਵੇਂ ਇਕ-ਦੂਜੇ ਦੇ ਸੰਪਰਕ 'ਚ ਰਹੇ ਤੇ ਘਰੋਂ ਭੱਜ ਕੇ 10 ਫਰਵਰੀ ਨੂੰ ਇਕ ਮੰਦਰ 'ਚ ਵਿਆਹ ਕਰਵਾ ਲਿਆ, ਜਿਸ ਤੋਂ ਬਾਅਦ ਸੁਨੀਤਾ ਦੇ ਪਰਿਵਾਰ ਵਾਲਿਆਂ ਨੇ ਉਨ੍ਹਾਂ ਦੇ ਰਿਸਤੇ ਨੂੰ ਸਵੀਕਾਰ ਕਰ ਲਿਆ। ਡਾਂਗੀਪੁਰਾ ਥਾਣਾ ਇੰਚਾਰਜ (ਐੱਸ. ਐੱਚ. ਓ.)



ਸਤਿਆਨਾਰਾਇਣ ਗੋਚਰ ਨੇ ਦੱਸਿਆ ਕਿ ਸੋਮਵਾਰ ਸਾਮ ਕਰੀਬ 5 ਵਜੇ ਨਸ਼ੇ 'ਚ ਧੁੱਤ ਰਾਜਾਰਾਮ ਦਾ ਸੁਨੀਤਾ ਨਾਲ ਝਗੜਾ ਹੋ ਗਿਆ, ਇਸ ਤਕਰਾਰ ਦੌਰਾਨ ਰਾਜਾਰਾਮ ਨੇ ਸੁਨੀਤਾ ਦੇ ਸਿਰ 'ਤੇ ਤੇਜਧਾਰ ਹਥਿਆਰ ਨਾਲ ਵਾਰ ਕੀਤਾ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਐੱਸ. ਐੱਚ. ਓ. ਨੇ ਦੱਸਿਆ ਕਿ ਸੁਨੀਤਾ ਦਾ ਕਤਲ ਕਰਨ ਤੋਂ ਬਾਅਦ ਰਾਜਾਰਾਮ ਨੇ ਉਸ ਦੇ ਪਿਤਾ ਨੂੰ ਫੋਨ ਕਰਕੇ ਘਟਨਾ ਦੀ ਜਾਣਕਾਰੀ ਦਿੱਤੀ ਤਾਂ ਸੁਨੀਤਾ ਦੇ ਪਿਤਾ ਨੇ ਪੁਲਸ ਨੂੰ ਸੂਚਨਾ ਦਿੱਤੀ। ਐੱਸ. ਐੱਚ. ਓ. ਗੋਚਰ ਨੇ ਦੱਸਿਆ ਕਿ ਰਾਜਾਰਾਮ ਸਰਾਬ ਪੀਣ ਦਾ ਆਦੀ ਸੀ ਤੇ ਵਿਆਹ ਤੋਂ ਬਾਅਦ ਤੋਂ ਹੀ ਉਸ ਦਾ ਪਤਨੀ ਨਾਲ ਝਗੜਾ ਚੱਲ ਰਿਹਾ ਸੀ। ਐੱਸ. ਐੱਚ. ਓ. ਨੇ ਦੱਸਿਆ ਕਿ ਸੁਨੀਤਾ ਦੇ ਪਿਤਾ ਦੀ ਸ?ਿਕਾਇਤ ਦੇ ਆਧਾਰ 'ਤੇ ਰਾਜਾਰਾਮ ਖ?ਿਲਾਫ ਕਤਲ ਦਾ ਕੇਸ ਦਰਜ ਕਰਕੇ ਉਸ ਦੀ ਗ੍ਰਿਫਤਾਰੀ ਲਈ ਕੋਸ?ਿਸਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਪੋਸਟਮਾਰਟਮ ਤੋਂ ਬਾਅਦ ਲਾਸ ਸੁਨੀਤਾ ਦੇ ਪਰਿਵਾਰ ਵਾਲਿਆਂ ਨੂੰ ਸੌਂਪ ਦਿੱਤੀ ਗਈ ਹੈ।

### ਪਿੰਡ ਦੇ ਵਿਕਾਸ ਕਾਰਜਾਂ ਦੀਆਂ ਗ੍ਰਾਂਟਾਂ 'ਚ ਕਰੋੜਾਂ ਦਾ ਗਬਨ ਕਰਨ ਵਾਲੇ 5 ਪੰਚਾਇਤ ਮੈਂਬਰਾਂ ਦਾ ਪਰਦਾਫਾਸ਼

ਚੰਡੀਗੜ੍ਹ 23 ਅਕਤੂਬਰ। ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਤਹਿਤ ਵੀਰਵਾਰ ਨੂੰ ਗੁਰਮੇਜ ਸਿੰਘ ਅਤੇ ਜਵਾਲਾ ਸਿੰਘ (ਦੋਵੇਂ ਸਾਬਕਾ ਸਰਪੰਚ), ਨਿਰਵੈਲ ਸਿੰਘ, ਕਾਬੁਲ ਸਿੰਘ ਅਤੇ ਗੁਰਬੀਰ ਸਿੰਘ (ਦੋਵੇਂ ਸਾਬਕਾ ਮੈਂਬਰ) ਨੂੰ ਗ੍ਰਾਮ ਪੰਚਾਇਤ ਬੇਨਕਾ, ਜ਼ਿਲ੍ਹਾ ਤਰਨਤਾਰਨ ਦੇ ਵਿਕਾਸ ਲਈ ਮਿਲੀ ਸਰਕਾਰੀ ਗਰਾਂਟ ਦੀ ਦੁਰਵਰਤੋਂ ਕਰਨ ਲਈ ਗ੍ਰਿਫਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੂਬਾ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਸਾਬਕਾ ਪੰਚਾਇਤ ਮੈਂਬਰਾਂ ਖਿਲਾਫ ਇਹ ਕੇਸ ਪਿੰਡ ਬੇਨਕਾ ਦੇ ਵਸਨੀਕ ਸ਼ੁਬੇਗ ਸਿੰਘ ਵੱਲੋਂ ਬਿਊਰੋ ਨੂੰ ਦਰਜ ਕਰਵਾਈ ਸ਼ਿਕਾਇਤ ਦੇ ਅਧਾਰ 'ਤੇ ਦਰਜ ਕੀਤਾ ਗਿਆ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਤੋਂ ਪੁੱਛਗਿੱਛ ਦੌਰਾਨ ਪਤਾ ਲੱਗਾ ਹੈ ਕਿ ਉਕਤ ਦੋਸ਼ੀਆਂ ਨੇ ਪਿੰਡ ਬੇਨਕਾ ਦੇ ਪੰਚਾਇਤ ਮੈਂਬਰਾਂ ਵਜੋਂ ਆਪਣੇ ਕਾਰਜਕਾਲ ਦੌਰਾਨ ਸਰਕਾਰੀ ਫੰਡਾਂ ਚੋਂ 1,66,95,153 ਰੁਪਏ ਦਾ ਗਬਨ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿੱਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿੱਚ ਪੰਜਾਂ ਮੁਲਜ਼ਮਾਂ ਖ਼ਿਲਾਫ਼ ਮੁਕੱਦਮਾ ਦਰਜ ਕਰ ਲਿਆ ਗਿਆ ਹੈ ਅਤੇ ਇਸ ਮਾਮਲੇ ਦੀ ਅਗਲੇਰੀ ਕਾਰਵਾਈ ਜਾਰੀ ਹੈ।

### ਵਿਧਾਨਸਭਾ 'ਚ ਵਿਧਾਇਕਾਂ ਨੇ ਚੁੱਕੀ ਅਫੀਮ ਦੀ ਖੇਤੀ ਦੀ ਮੰਗ

ਚੰਡੀਗੜ੍ਹ 23 ਅਕਤੂਬਰ। ਵਿਧਾਨਸਭਾ ਸੈਸ਼ਨ 'ਚ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਕੋਲ ਸਵਾਲ ਪੁੱਛਿਆ ਗਿਆ ਕਿ ਸਰਕਾਰ ਸਿੰਥੈਟਿਕ ਡਰੱਗ ਨੂੰ ਠੱਲ੍ਹ ਪਾਉਣ ਲਈ ਪੰਜਾਬ 'ਚ ਪੋਸਤ ਦੀ ਖੇਤੀ ਕਰਨ ਦਾ ਵਿਚਾਰ ਰੱਖਦੀ ਹੈ ਜਾਂ ਨਹੀਂ ਅਤੇ ਜੇਕਰ ਰੱਖਦੀ ਹੈ ਤਾਂ ਕਦੋਂ ਇਸ ਨੂੰ ਸ਼ੁਰੂ ਕਰਨ ਦੀ ਸੰਭਾਵਨਾ ਹੈ ? ਇਸ ਦੌਰਾਨ ਹੱਸਦੇ ਹੋਏ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਕਿਹਾ ਕਿ ਇਸ ਸਵਾਲ 'ਤੇ ਸਭ ਦੇ ਚਿਹਰੇ ਖੀੜ ਗਏ ਹਨ ਅਤੇ ਮੈਂ ਵੀ ਉਸ ਉਮਰ ਵੱਲ ਜਾ ਰਿਹਾ ਜਿੱਥੇ ਸ਼ਾਇਦ ਲੋੜ ਪੈ ਜਾਂਦੀ ਹੈ। ਇਸ ਤੋਂ ਬਾਅਦ ਸਵਾਲ ਦਾ ਜਵਾਬ ਦਿੰਦਿਆਂ ਮੰਤਰੀ ਨੇ ਕਿਹਾ ਫਿਲਹਾਲ ਸਰਕਾਰ ਦਾ ਇਸ ਦੀ ਖੇਤੀ ਕਰਨ ਦਾ ਕੋਈ ਇਰਾਦਾ ਨਹੀਂ ਹੈ, ਕਿਉਂਕਿ ਇਹ ਵੀ ਇਕ ਨਸ਼ਾ ਹੈ। ਇਸ ਦੌਰਾਨ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਜਦੋਂ ਤੁਹਾਨੂੰ ਸਮਾਂ ਮਿਲੇ ਤਾਂ ਇਹ ਵੀ ਦੱਸੋ ਕਿ ਪੰਜਾਬ 'ਚ ਪਹਿਲਾਂ ਅਫੀਮ ਦੇ ਠੇਕੇ ਹੁੰਦੇ ਸੀ ਤੇ ਹੁਣ ਕਿਉਂ ਬੰਦ ਕੀਤੇ ਗਏ ਹਨ।

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH
EX.MALL, SECTOR-9,
ROHINI, NEW DELHI

ਦਿੱਲੀ ਸਰਕਾਰ
ਆਪ ਦੀ ਸਰਕਾਰ

ਦਿੱਲੀ ਸਰਕਾਰ
ਆਪ ਦੀ ਸਰਕਾਰ

**ਕ੍ਰਿਪਾ ਦਿਧਆਨ ਦਿਓ।**

ਮਾਇਆਪੁਰੀ ਫਲਾਈਓਵਰ 'ਤੇ ਲੋਕ ਨਿਰਮਾਣ ਵਿਭਾਗ ਵਲੋਂ ਮੁਰੰਮਤ ਕਾਰਜ ਕੀਤਾ ਜਾਣਾ ਹੈ।

**ਰਾਜਾ ਗਾਰਡਨ ਤੋਂ ਨਾਰਾਇਣਾ ਵਿਹਾਰ (ਸ਼ੇਸ਼ ਅੱਧਾ ਕੈਰਿਜਵੇ)**
**ਮਿਤੀ 20.10.2024 ਤੋਂ 03.11.2024 ਬੰਦ ਰਹੇਗਾ।**

ਯਾਤਰੀਆਂ ਨੂੰ ਅਸੁਵਿਧਾ ਤੋਂ ਬਚਣ ਦੇ ਲਈ ਵੈਕਲਪਿਕ ਮਾਰਗਾਂ ਦਾ ਉਪਯੋਗ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ

**ਰੂਟ ਡਾਇਵਰਜ਼ਨ ਪਲਾਨ (ਫੇਜ਼-4)**

Raja Garden to Naraina Vihar Remaining Half Carriageway (Phase-4)




MAYAPURI FLYOVER (Phase-IV)
ਮਾਇਆਪੁਰੀ ਫਲਾਈਓਵਰ (ਫੇਜ਼ - 4)

DIP/Shabdarth/Classified/0173/24-25

## ਝੋਨੇ ਦੀ ਖਰੀਦ ਤੇ ਮੰਡੀਆਂ ਚੋਂ ਲਿਫਟਿੰਗ ਨਾ ਹੋਣ ਕਾਰਨ ਚੰਡੀਗੜ੍ਹ ਧਰਨਾ ਦੇਣ ਜ਼ਾ ਰਹੇ ਕਿਸਾਨਾਂ ਨੂੰ ਰੋਕਿਆ



**ਜ਼ੀਰਕਪੁਰ, 23 ਅਕਤੂਬਰ- -ਕੌਮੀ ਪੱਤ੍ਰਿਕਾ ਬਿਊਰੋ-**

ਵੱਖ-ਵੱਖ ਦਾਣਾ ਮੰਡੀਆਂ 'ਚ ਝੋਨੇ ਦੀ ਆਮਦ ਤੇਜ਼ ਹੋ ਗਈ ਹੈ ਜਦਕਿ ਖਰੀਦ ਨਾ ਹੋਣ ਅਤੇ ਮੰਡੀਆਂ 'ਚੋਂ ਲਿਫਟਿੰਗ ਨਾ ਹੋਣ ਕਾਰਨ ਮੰਡੀਆਂ ਵਿਚ ਝੋਨੇ ਦੀ ਅੰਬਾਰ ਲੱਗ ਗਏ ਹਨ, ਜਿਸ ਕਾਰਨ ਕਿਸਾਨਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਿਸ ਕਰਕੇ ਸ਼ੁੱਕਰਵਾਰ ਨੂੰ ਸੰਯੁਕਤ ਕਿਸਾਨ ਮੋਰਚਾ ਵਲੋਂ ਪਹਿਲਾਂ ਐਲਾਨੇ ਪ੍ਰੋਗਰਾਮ ਤਹਿਤ ਪੰਜਾਬ ਦੇ ਮੁੱਖ ਮੰਤਰੀ ਦੀ ਰਿਹਾਇਸ਼ ਅੱਗੇ ਲਗਾਏ ਜਾਣ ਵਾਲੇ ਧਰਨੇ ਲਈ ਜਾ ਰਹੇ ਕਿਸਾਨਾਂ ਨੂੰ ਪੁਲੀਸ ਵਲੋਂ ਨਾਕੇਬੰਦੀ ਕਰ ਰੋਕੇ ਜਾਣ ਤੋਂ ਬਾਅਦ, ਜਿਨ੍ਹਾਂ ਨੂੰ ਚੰਡੀਗੜ੍ਹ ਪੁਲਿਸ ਨੇ ਚੰਡੀਗੜ੍ਹ ਬੈਰੀਅਰ ਜਦਕਿ ਪੰਜਾਬ ਪੁਲਿਸ ਨੇ ਛੱਤ ਲਾਈਟਾਂ ਤੇ ਰੋਕ ਦਿੱਤਾ, ਜਿਸ ਤੋਂ ਬਾਅਦ ਕਿਸਾਨਾਂ ਵੱਲੋਂ ਮੌਕੇ ਤੇ ਹੀ ਸ਼ਾਮ ਤੱਕ ਧਰਨਾ ਦਿੱਤਾ ਗਿਆ, ਜਦਕਿ ਦੂਜੇ ਪਾਸੇ, ਪੁਲਿਸ ਨੇ ਕਿਸਾਨ ਆਗੂ ਰੁਲਦੂ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਸ ਦੌਰਾਨ ਸ਼ਹਿਰ ਦੀਆਂ ਸੜਕਾਂ ਤੇ ਸਾਰਾ ਦਿਨ ਜਾਮ ਵਰਗੀ ਸਥਿਤੀ ਬਣੀ ਰਹੀ। ਹਾਸਲ ਜਾਣਕਾਰੀ ਅਨੁਸਾਰ ਝੋਨੇ ਦੀ ਫਸਲ ਦੀ ਸਹੀ ਖਰੀਦ ਨਾ ਹੋਣ ਕਾਰਨ ਕਿਸਾਨ ਨਾਰਾਜ਼ ਹਨ, ਜਿਸ ਕਾਰਨ ਵੱਖ-ਵੱਖ ਕਿਸਾਨ ਜਥੇਬੰਦੀਆਂ, ਆੜਤੀਏ ਤੇ ਸੈਲਰ ਮਾਲਕ ਅੱਜ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਨਿਵਾਸ ਦਾ ਘਿਰਾਓ ਕਰ ਜਾ ਰਹੇ ਸਨ, ਪਰ ਪੁਲਿਸ ਨੇ ਉਹਨਾਂ ਨੂੰ ਰਸਤੇ ਵਿੱਚ ਹੀ ਰੋਕ ਲਿਆ ਹੈ। ਰਸਤੇ ਵਿੱਚ ਰੋਕੇ ਜਾਣ ਤੋਂ ਬਾਅਦ ਕਿਸਾਨਾਂ ਨੇ ਚੰਡੀਗੜ੍ਹ ਬੈਰੀਅਰ ਅਤੇ ਛੱਤ ਲਾਈਟ ਪੁਆਇੰਟ ਤੇ ਸੜਕ ਤੇ ਹੀ ਡੇਰਾ ਲਗਾ ਲਿਆ ਹੈ ਤੇ ਧਰਨਾ ਸ਼ੁਰੂ ਕਰ ਦਿੱਤਾ ਹੈ। ਸੁਰੱਖਿਆ ਦੇ ਮੱਦੇਨਜ਼ਰ ਮੌਕੇ ਤੇ ਵੱਡੀ ਗਿਣਤੀ ਵਿੱਚ ਪੁਲਿਸ ਤੈਨਾਤ ਕੀਤੀ ਗਈ ਹੈ, ਜਿਸ ਕਾਰਨ ਸ਼ਹਿਰ ਦੀਆਂ ਸੜਕਾਂ 'ਤੇ ਜਾਮ ਲੱਗ ਗਿਆ ਅਤੇ ਸੜਕਾਂ ਤੇ ਵਾਹਨਾਂ ਦੀਆਂ ਲੰਬੀਆਂ-ਲੰਬੀਆਂ ਕਤਾਰਾਂ ਲੱਗ ਗਈਆਂ ਅਤੇ ਲੋਕਾਂ ਨੂੰ ਭਾਰੀ ਖੱਜਲ ਖੁਆਰੀ ਦਾ ਸਾਹਣਾ ਕਰਨਾ ਪਿਆ। ਜਦਕਿ ਕਿਸਾਨ ਆਗੂਆਂ ਨੇ ਕਿਹਾ ਕਿ ਸਰਕਾਰ ਵੱਲੋਂ ਕਿਸਾਨਾਂ ਦੀ 6 ਮਹੀਨਿਆਂ ਤੋਂ ਪੁੱਤਾਂ ਵਾਂਗ ਪਾਲੀ ਝੋਨੇ ਦੀ ਫਸਲ ਉੱਤੇ ਐਮਐਸਪੀ ਰੇਟ ਨਾ ਮਿਲਣ ਕਰਕੇ ਕਿਸਾਨਾਂ ਵਿੱਚ ਨਾਰਾਜ਼ਗੀ ਹੈ ਅਤੇ ਉਹਨਾਂ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਕਿਸਾਨਾਂ ਦੇ ਨਾਲ ਨਾਲ ਆੜ੍ਹਤੀਏ ਅਤੇ ਸੈਲਰ ਮਾਲਕ ਵੀ ਆਪਣੀਆਂ ਮੰਗਾਂ ਨੂੰ ਲੈ ਕੇ ਹੜਤਾਲ ਤੇ ਹਨ। ਹਰ ਇੱਕ ਵਰਗ ਸਰਕਾਰਾਂ ਤੋਂ ਪਰੇਸ਼ਾਨ ਹੈ ਇਸ ਲਈ ਸੜਕਾਂ ਉੱਤੇ ਧਰਨੇ ਲਗਾਉਣਾ ਸਾਡੀ ਮਜਬੂਰੀ ਹੈ। ਝੋਨੇ ਦੀ ਫਸਲ ਦੀ ਸਹੀ ਖਰੀਦ ਨਾ ਹੋਣ ਅਤੇ ਮੰਡੀਆਂ ਵਿਚ 1 ਅਕਤੂਬਰ ਤੋਂ ਹੋ ਰਹੀ ਖੱਜਲ ਖੁਆਰੀ ਕਾਰਨ ਕਿਸਾਨ ਨਾਰਾਜ਼ ਹਨ। ਕਿਸਾਨ ਆਗੂਆਂ ਨੇ ਦੱਸਿਆ ਕਿ ਲੀਡਰਸ਼ਿਪ ਟੀਮ ਨੇ ਇਹ ਫੈਸਲਾ ਲਿਆ ਹੈ। ਫੈਸਲੇ ਅਨੁਸਾਰ ਦੋਵੇਂ ਤਰ੍ਹਾਂ ਦੇ ਧਰਨੇ ਦਿਨ-ਰਾਤ ਜਾਰੀ ਰਹਿਣਗੇ। ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਕਈ ਮੰਗਾਂ ਹਨ। ਇਨ੍ਹਾਂ ਮੰਗਾਂ ਵਿੱਚੋਂ ਇੱਕ ਮੰਗ ਹੈ ਕਿ ਘੱਟੋ-ਘੱਟ ਸਮਰਥਨ ਮੁੱਲ 'ਤੇ ਝੋਨੇ ਦੀ ਨਿਰਵਿਘਨ ਖਰੀਦ ਸ਼ੁਰੂ ਕੀਤੀ ਜਾਵੇ। ਇਸ ਤੋਂ ਇਲਾਵਾ ਕਈ ਹੋਰ ਮੰਗਾਂ ਵੀ ਇਸ ਵਿੱਚ ਸ਼ਾਮਲ ਹਨ। ਜਿਸ 'ਤੇ ਕੇਂਦਰ ਦੀ ਭਾਜਪਾ ਸਰਕਾਰ ਅਤੇ ਸੂਬੇ ਦੀ 'ਆਪ' ਸਰਕਾਰ ਗੰਭੀਰਤਾ ਨਹੀਂ ਦਿਖਾ ਰਹੀ। ਕਿਸਾਨ ਆਗੂਆਂ ਨੇ ਕੇਂਦਰ ਦੀ ਮੋਦੀ ਸਰਕਾਰ ਤੇ ਪੰਜਾਬ ਸਰਕਾਰਾਂ 'ਤੇ ਕਿਸਾਨਾਂ ਦੀਆਂ ਜਾਇਜ਼ ਮੰਗਾਂ ਨੂੰ ਅਣਗੌਲਿਆਂ ਕਰਨ ਦਾ ਇਲਜ਼ਾਮ ਲਾਇਆ। ਉਹ ਕਾਰਪੋਰੇਟ ਪੱਖੀ ਡਬਲਯੂ.ਟੀ.ਓ. ਦੀ ਓਪਨ ਮਾਰਕੀਟ ਨੀਤੀ ਦੇ ਖਿਲਾਫ ਹਨ। ਉਨ੍ਹਾਂ ਸਮੂਹ ਪਿੰਡਾਂ ਦੇ ਕਿਸਾਨਾਂ-ਮਜ਼ਦੂਰਾਂ ਨੂੰ ਕੇਂਦਰ ਅਤੇ ਰਾਜ ਸਰਕਾਰਾਂ ਦੇ ਇਸ ਮਾਰੂ ਹਮਲੇ ਨੂੰ ਨਾਕਾਮ ਕਰਨ ਲਈ ਦਿਨ ਰਾਤ ਮਿਹਨਤ ਕਰਨ ਦੀ ਅਪੀਲ ਕੀਤੀ ਹੈ। ਕਿਸਾਨ ਆਗੂਆਂ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਸ਼ਨੀਵਾਰ ਸ਼ਾਮ 4 ਵਜੇ ਪੰਜਾਬ ਭਵਨ ਵਿੱਚ ਕਿਸਾਨਾਂ ਨਾਲ ਮੀਟਿੰਗ ਕਰਨਗੇ। ਇਸ ਮੀਟਿੰਗ ਵਿੱਚ ਸੰਯੁਕਤ ਕਿਸਾਨ ਮੋਰਚਾ ਦੇ ਆਗੂ ਬਲਬੀਰ ਸਿੰਘ ਰਾਜੇਵਾਲ ਸ਼ਾਮਿਲ ਰਹਿਣਗੇ। ਮੀਟਿੰਗ ਵਿੱਚ ਝੋਨੇ ਦੀ ਫਸਲ ਦੀ ਖਰੀਦ, ਡੀ.ਏ.ਪੀ ਅਤੇ ਹੋਰ ਮੰਗਾਂ ਉੱਤੇ ਚਰਚਾ ਹੋਵੇਗੀ।

## ਪਦਮ ਸ਼੍ਰੀ ਉਸਤਾਦ ਅਹਿਮਦ ਹੁਸੈਨ ਅਤੇ ਮੁਹੰਮਦ ਹੁਸੈਨ ਦੇ ਸੂਫ਼ੀਆਨਾ ਗੀਤਾਂ ਨੇ ਝੂਮਣ ਲਾ ਦਿੱਤੇ ਪਟਿਆਲਵੀ

**ਪਟਿਆਲਾ, 23 ਅਕਤੂਬਰ- -ਕੌਮੀ ਪੱਤ੍ਰਿਕਾ ਬਿਊਰੋ-**

ਨਿਊ ਮਹਿਕ ਕਲਚਰਲ ਫੋਰਮ ਦੇ 26ਵੇਂ ਸਥਾਪਨਾ ਦਿਵਸ ਮੌਕੇ ਨਰੇਸ਼ ਰਾਜ ਦੀ ਪ੍ਰਧਾਨਗੀ ਹੇਠ ਹਰਪਾਲ ਟਿਵਾਣਾ ਆਡੀਟੋਰੀਅਮ ਵਿਖੇ ਪ੍ਰਾਚੀਨ ਸੱਭਿਆਚਾਰ ਨਾਲ ਭਰਪੂਰ ਇੱਕ ਸੂਫੀ ਸ਼ਾਮ ਦਾ ਆਯੋਜਨ ਕੀਤਾ ਗਿਆ।

ਪ੍ਰੋਗਰਾਮ ਵਿੱਚ, ਜੈਪੁਰ ਘਰਾਣੇ ਦੇ ਪਦਮਸ਼੍ਰੀ ਉਸਤਾਦ ਅਹਿਮਦ ਹੁਸੈਨ ਅਤੇ ਮੁਹੰਮਦ ਹੁਸੈਨ ਦੀ ਜੋੜੀ ਨੇ ਆਯਾ ਤੇਰੇ ਦਰ ਪੇ ਦੀਵਾਨਾ ਇਸੀ ਕੋ ਪਿਆਰ ਕਹਤੇ ਹੈਂ ਆਦਿ ਕਈ ਫਿਲਮੀ ਅਤੇ ਗੈਰ-ਫਿਲਮੀ ਸੂਫੀ ਗੀਤ ਪੇਸ਼ ਕੀਤੇ।ਮੌਸਮ ਆਤੇ ਹੈ ਗੀਤ ਪ੍ਰੋਗਰਾਮ ਦਾ ਸਿਖਰ ਗੀਤ ਸੀ। ਪ੍ਰੋਗਰਾਮ ਵਿੱਚ ਪੰਜਾਬ ਪੁਲਿਸ ਦੇ ਸਹਾਇਕ ਇੰਸਪੈਕਟਰ ਜਨਰਲ ਵਿਕਾਸ ਸੱਭਰਵਾਲ, ਅੰਤਰਰਾਸ਼ਟਰੀ ਸੂਫੀ ਗਾਇਕ ਅਤੇ ਕੱਵਾਲ ਉਸਤਾਦ ਨੀਲੇ ਖਾਨ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਲਗਵਾਈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਉੱਘੇ ਸਮਾਜ ਸੇਵੀ ਤੇ ਲੇਖਕ,ਵਾਤਾਵਰਣ ਅਤੇ ਕਲਾ ਪ੍ਰੇਮੀ ਰੋਟੇਰੀਅਨ ਭਗਵਾਨ ਦਾਸ ਗੁਪਤਾ, ਵੀ.ਕੇ.ਮੋਗਾਂ ਪ੍ਰਧਾਨ ਸੀਨੀਅਰ ਸਿਟੀਜ਼ਨ ਸੁਸਾਇਟੀ ਪਟਿਆਲਾ, ਸੀ.ਏ ਰਾਜੀਵ ਗੋਇਲ ਟਰੱਸਟੀ ਮਾਂ ਕਾਲੀ ਚੈਰੀਟੇਬਲ ਟਰੱਸਟ, ਸਾਬਕਾ ਕੌਂਸਲਰ ਗੋਪਾਲ ਸਿਗਲਾ, ਗਾਇਕਾ ਅਰਵਿੰਦ ਕੌਰ, ਜਸਪ੍ਰੀਤ ਸਿੰਘ ਮਹਾਜਨ, ਨਰਿੰਦਰ ਅਰੋੜਾ, ਰਮਨਜੀਤ ਅਰੋੜਾ, ਉਜਵਲ ਅਰੋੜਾ, ਪ੍ਰੇਮ ਸੇਠੀ, ਕਮਲਜੀਤ ਸੇਠੀ ਸਮੇਤ ਸ਼ਹਿਰ ਦੇ ਕਈ ਪਤਵੰਤੇ ਅਤੇ ਸਾਹਿਤ ਤੇ ਕਲਾ ਪ੍ਰੇਮੀ ਹਾਜ਼ਰ ਸਨ। ਰੋਟੇਰੀਅਨ ਜਸਪ੍ਰੀਤ ਸਿੰਘ ਨੇ ? ਬਾਖੂਬੀ ਸਟੇਜ ਸੰਚਾਲਨ ਕੀਤਾ।

## ਡੀਸੀ ਅਤੇ ਐਸਐਸਪੀ ਵੱਲੋਂ ਪਿੰਡਾਂ ਦਾ ਦੌਰਾ



**ਅਬੋਹਰ, 23 ਅਕਤੂਬਰ- -ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਅਤੇ ਐਸ ਐਸ ਪੀ ਵਰਿੰਦਰ ਸਿੰਘ ਬਰਾੜ ਨੇ ਅੱਜ ਪਿੰਡ ਕਟੈਹਿੜਾ, ਨਿਹਾਲ ਖੇੜਾ, ਬੁਰਜ ਮੁਹਾਰ ਅਤੇ ਕਿਲਿਆਂਵਾਲੀ ਦਾ ਦੌਰਾ ਕਰਕੇ ਕਿਸਾਨਾਂ ਨੂੰ ਪਰਾਲੀ ਦਾ ਖੇਤੀਬਾੜੀ ਵਿਭਾਗ ਵੱਲੋਂ ਸੁਝਾਏ ਤਰੀਕਿਆਂ ਨਾਲ ਨਿਪਟਾਰਾ ਕਰਨ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਉੱਨਤ ਕਿਸਾਨ ਮੋਬਾਇਲ ਐਪ ਬਣਾਈ ਗਈ ਹੈ। ਇਸ ਐਪ ਤੇ ਰਜਿਸਟਰ ਹੋ ਕੇ ਕਿਸਾਨ ਆਪਣੇ ਨੇੜੇ ਉਪਲਬਧ ਮਸ਼ੀਨਾਂ ਸਬੰਧੀ ਜਾਣਕਾਰੀ ਲੈਣ ਦੇ ਨਾਲ ਨਾਲ ਆਪਣੀ ਲੋੜ ਅਨੁਸਾਰ ਮਸ਼ੀਨਾਂ ਦੀ ਬੁਕਿੰਗ ਕਰਵਾ ਸਕਦਾ ਹੈ। ਉਹਨਾਂ ਕਿਹਾ ਕਿ ਜਿੰਨਾ ਕਿਸਾਨਾਂ ਦਾ ਡਾਟਾ ਅਨਾਜ ਖਰੀਦ ਪੋਰਟਲ ਤੇ ਪਹਿਲਾਂ ਤੋਂ ਦਰਜ ਹੈ

ਉਹ ਆਪਣੇ ਮੋਬਾਈਲ ਨੰਬਰ ਜਾਂ ਆਧਾਰ ਕਾਰਡ ਨਾਲ ਸਿੱਧੇ ਤੌਰ ਤੇ ਇਸ ਐਪ ਵਿੱਚ ਲੋਗਇਨ ਕਰ ਸਕਦੇ ਹਨ। ਜਦਕਿ ਜੇਕਰ ਕਿਸੇ ਕਿਸਾਨ ਦਾ ਪਹਿਲਾ ਤੋਂ ਲੋਗਿਨ ਨਾ ਹੋਵੇ ਤਾਂ ਉਹ ਪਹਿਲਾਂ ਅਨਾਜ ਖਰੀਦ ਪੋਰਟਲ ਤੇ ਜਾ ਕੇ ਆਪਣੀ ਰਜਿਸਟਰੇਸ਼ਨ ਕਰਾ ਸਕਦਾ ਹੈ ਜਿਸ ਦਾ ਲਿੰਕ ਐਪ ਤੇ ਉੱਪਰ ਹੀ ਮਿਲ ਜਾਵੇਗਾ।

ਉਹਨਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਪਰਾਲੀ ਨੂੰ ਅੱਗ ਲਾਉਣ ਦੀ ਬਜਾਏ ਇਸ ਨੂੰ ਖੇਤ ਵਿੱਚ ਹੀ ਵਾਹ ਕੇ ਹੀ ਅਗਲੀ ਫਸਲ ਦੀ ਬਿਜਾਈ ਕੀਤੀ ਜਾਵੇ ਕਿਉਂਕਿ ਇਸ ਨਾਲ ਜਮੀਨ ਦੀ ਉਪਜਾਊ ਸ਼ਕਤੀ ਵੱਧਦੀ ਹੈ। ਉਨਾਂ ਨੇ ਆਖਿਆ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਜਮੀਨ ਦੇ ਪੋਸ਼ਕ ਤੱਤ ਜਲ ਕੇ ਨਸ਼ਟ ਹੋ ਜਾਂਦੇ ਹਨ ਅਤੇ ਪ੍ਰਦੂਸ਼ਣ ਵੀ ਹੁੰਦਾ ਹੈ।

ਇਸ ਮੌਕੇ ਐਸਐਸਪੀ ਵਰਿੰਦਰ ਸਿੰਘ ਬਰਾੜ ਨੇ ਵੀ ਕਿਸਾਨਾਂ ਨੂੰ ਅਪੀਲ ਕੀਤੀ ਕਿ ਪਰਾਲੀ ਨੂੰ ਅੱਗ ਲਗਾਉਣ ਦੀ ਬਜਾਏ ਇਸ ਦਾ ਸਹੀ ਤਰੀਕੇ ਨਾਲ ਨਿਪਟਾਰਾ ਕੀਤਾ ਜਾਵੇ ਤਾਂ ਜੋ ਅਸੀਂ ਆਪਣੇ ਜਮੀਨ ਦੀ ਉਪਜਾਊ ਸ਼ਕਤੀ ਨੂੰ ਬਰਕਰਾਰ ਰੱਖ ਸਕੀਏ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਸੁਭਾਸ਼ ਚੰਦਰ, ਐਸ ਡੀ ਐਮ ਅਬੋਹਰ ਕ੍ਰਿਸ਼ਨ ਪਾਲ ਰਾਜਪੂਤ, ਮੁੱਖ ਖੇਤੀਬਾੜੀ ਅਫਸਰ ਸੰਦੀਪ ਰਿਣਵਾ, ਬਲਾਕ ਖੇਤੀਬਾੜੀ ਅਫਸਰ ਪਰਵਿੰਦਰ ਸਿੰਘ ਧੰਜੂ ਸਮੇਤ ਵੱਖ ਵੱਖ ਪਿੰਡਾਂ ਦੇ ਨੋਡਲ ਅਤੇ ਕਲਸਟਰ ਅਫਸਰ ਵੀ ਹਾਜ਼ਰ ਸਨ।

## ਰੂਪਨਗਰ ਜ਼ਿਲ੍ਹੇ ਦੀਆਂ ਮੰਡੀਆਂ 'ਚ ਖ਼ਰੀਦੇ ਝੋਨੇ ਬਦਲੇ ਕਿਸਾਨਾਂ ਨੂੰ 69.67 ਕਰੋੜ ਦੀ ਕੀਤੀ ਅਦਾਇਗੀ

**ਰੂਪਨਗਰ, 23 ਅਕਤੂਬਰ- -ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਰੂਪਨਗਰ ਸ਼੍ਰੀ ਹਿਮਾਂਸ਼ੂ ਜੈਨ ਨੇ ਦੱਸਿਆ ਕਿ ਮੰਡੀਆਂ 'ਚ ਖ਼ਰੀਦ ਕੀਤੇ ਝੋਨੇ ਦੀ ਮਿਥੇ ਸਮੇਂ ਵਿਚ ਅਦਾਇਗੀ ਵੀ ਕੀਤੀ ਜਾ ਰਹੀ ਹੈ ਅਤੇ ਖ਼ਰੀਦੇ ਝੋਨੇ ਬਦਲੇ ਕਿਸਾਨਾਂ ਨੂੰ 69 ਕਰੋੜ 67 ਲੱਖ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ।

ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਰੂਪਨਗਰ ਦੀਆਂ ਅਨਾਜ ਮੰਡੀਆਂ ਵਿੱਚ 35 ਹਜਾਰ 648 ਮੀਟਰਕ ਟਨ ਝੋਨੇ ਦੀ ਆਮਦ ਹੋਈ ਹੈ ਅਤੇ ਵੱਖ-ਵੱਖ ਖਰੀਦ ਏਜੰਸੀਆਂ ਵੱਲੋਂ 34 ਹਜਾਰ 003 ਮੀਟ੍ਰਿਕ ਟਨ ਦੀ ਖਰੀਦ ਕੀਤੀ ਜਾ ਚੁੱਕੀ ਹੈ।

ਉਨ੍ਹਾਂ ਦੱਸਿਆ ਕਿ ਹੁਣ ਤੱਕ ਪਨਗ੍ਰੇਨ ਵਲੋਂ 12 ਹਜ਼ਾਰ 339 ਮੀਟਰਕ ਟਨ ਦੀ ਖਰੀਦੀ ਕੀਤੀ ਗਈ, ਮਾਰਕਫੈੱਡ ਵਲੋਂ 7 ਹਜਾਰ 681 ਮੀਟਰਕ ਟਨ, ਪਨਸਪ ਵਲੋਂ 8 ਹਜਾਰ 142 ਮੀਟਰਕ ਟਨ, ਵੇਅਰ ਹਾਊਸ 2 ਹਜਾਰ 901 ਮੀਟਰਕ ਟਨ, ਐਫ.ਸੀ.ਆਈ. ਵਲੋਂ 2 ਹਜਾਰ 713 ਮੀਟਰਕ ਟਨ ਅਤੇ ਵਪਾਰੀ ਵਰਗ ਵਲੋਂ 227 ਮੀਟਰਕ ਟਨ ਦੀ ਖਰੀਦ ਝੋਨੇ ਦੀ ਖਰੀਦ ਕੀਤੀ ਗਈ।

ਇਸ ਬਾਰੇ ਹੋਰ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕਿਸਾਨਾਂ ਦੇ ਜ਼ਿਲ੍ਹਾ ਪ੍ਰਸ਼ਾਸਨ ਝੋਨੇ ਦੇ ਇੱਕ ਇੱਕ ਦਾਣੇ ਨੂੰ ਯਕੀਨੀ ਤੌਰ ਉੱਤੇ ਖਰੀਦਿਆ ਜਾਵੇਗਾ ਅਤੇ ਆਉਣ ਵਾਲੇ ਸਮੇਂ ਵਿੱਚ ਖਰੀਦ ਸੰਬੰਧੀ ਪ੍ਰਬੰਧਾਂ ਨੂੰ ਹੋਰ ਪੁੱਖਤਾ ਕੀਤਾ ਜਾਵੇਗਾ।

ਉਨ੍ਹਾਂ ਕਿਸਾਨਾਂ ਨੂੰ ਇਹ ਵੀ ਕਿਹਾ ਕਿ ਉਹ ਜਿਨਸ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾ ਕੇ ਇਸ ਦਾ ਯੋਗ ਪ੍ਰਬੰਧਨ ਕਰਨ ਨੂੰ ਤਰਜੀਹ ਦੇਣ। ਫ਼ਸਲੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਨਾਲ ਜਿੱਥੇ ਵਾਤਾਵਰਣ ਪ੍ਰਦੂਸ਼ਿਤ ਹੁੰਦਾ ਹੈ, ਉੱਥੇ ਬਿਮਾਰੀਆਂ ਲੱਗਣ ਦਾ ਖ਼ਤਰਾ ਵੀ ਬਣਿਆ ਰਹਿੰਦਾ ਹੈ ਅਤੇ ਜਿੱਥੇ ਇਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵੀ ਘੱਟਦੀ ਹੈ।

ਉਨ੍ਹਾਂ ਕਿਹਾ ਕਿ ਫ਼ਸਲੀ ਰਹਿੰਦ-ਖੂੰਹਦ ਦੇ ਯੋਗ ਪ੍ਰਬੰਧਨ ਨਾਲ ਫ਼ਸਲ ਦਾ ਝਾੜ ਵੀ ਵੱਧਦਾ ਹੈ ਅਤੇ ਕਿਸਾਨਾਂ ਨੂੰ ਬੇਲੋੜੀਆਂ ਖਾਦਾਂ ਦੀ ਵਰਤੋਂ ਨਹੀਂ ਕਰਨੀ ਪੈਂਦੀ।

ਕਿਸਾਨਾਂ ਨੂੰ ਰਾਤ ਵੇਲੇ ਫ਼ਸਲ ਦੀ ਕਟਾਈ ਨਾ ਕਰਨ ਦੀ ਅਪੀਲ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਉਹ ਮੰਡੀ 'ਚ ਵੀ ਸੁੱਕਾ ਝੋਨਾ ਹੀ ਲਿਆਉਣ।

## ਸੀਟੀ ਯੂਨੀਵਰਸਿਟੀ ਵਿੱਚ ਮਨਾਇਆ ਗਿਆ ਵਰਲਡ ਸਟੂਡੈਂਟ ਡੇ



**ਲੁਧਿਆਣਾ, 23 ਅਕਤੂਬਰ- -ਕੌਮੀ ਪੱਤ੍ਰਿਕਾ ਬਿਊਰੋ-**

ਸੀਟੀ ਯੂਨੀਵਰਸਿਟੀ ਵਿੱਚ ਵਿਦਿਆਰਥੀ ਭਲਾਈ ਵਿਭਾਗ ਨੇ ਵੱਖ-ਵੱਖ ਵਿਦਿਆਰਥੀ ਕਲੱਬਾਂ ਦੇ ਨਾਲ ਮਿਲਕੇ ਵਿਸ਼ਵ ਵਿਦਿਆਰਥੀ ਦਿਵਸ ਮਨਾਇਆ। ਦਿਨ ਦੀ ਸ਼ੁਰੂਆਤ ਇੰਟਰਾ ਯੂਨਿਵਰਸਿਟੀ ਡਿਬੇਟ ਕੰਪਟੀਸ਼ਨ ਤੋਂ ਹੋਈ, ਜਿਥੇ ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਮੁਕਾਬਲੇ ਵਿਚ ਸਕੂਲ ਆਫ ਲਾ ਦੇ ਖਿਡਾਰੀ ਗੌਸੀਆ ਬੇਗ, ਸ਼ਿਵਮ ਅਤੇ ਸਿਦਰਾ ਪਹਿਲੇ ਸਥਾਨ ਤੇ ਆਏ।ਇਸ ਮੌਕੇ 'ਤੇ ਡੋਨੇਸ਼ਨ ਕੈਂਪ ਵੀ ਆਯੋਜਿਤ ਕੀਤਾ ਗਿਆ ਜਿਸ ਵਿਚ ਵਿਦਿਆਰਥੀਆਂ ਨੇ ਸਥਾਨਕ ਲੋਕਾਂ ਲਈ ਜ਼ਰੂਰੀ ਸਹਾਇਤਾ ਦਾ ਦਾਨ ਕੀਤਾ। ਇਸ ਪਹਿਲ ਨਾਲ ਵਿਦਿਆਰਥੀ ਨੇ ਸਮਾਜਿਕ ਜ਼ਿੰਮੇਵਾਰ ਅਤੇ ਕਰੁਣਾ ਦੇ ਪ੍ਰਤੀ ਸਮਰਪਣ ਨੂੰ ਪ੍ਰਗਟ ਕੀਤਾ ਹੈ। ਵਿਦਿਆਰਥੀਆਂ ਨੂੰ ਉਨ੍ਹਾਂ ਦੀ ਲੀਗਲ ਰਾਈਟਸ ਐਂਡ ਡੂਟੀ ਬਾਰੇ ਜਾਗਰੂਕਤ ਕਰਨ ਲਈ ਇੱਕ ਲੀਗਲ ਅਵਰੇਨਸ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸਤੋਂ ਅਲਾਵਾ ਇਸ ਪ੍ਰੋਗਰਾਮ ਵਿੱਚ ਖੇਡ ਗਤੀਵਿਧੀਆਂ, ਡਾਂਸ ਅਤੇ ਗਾਇਨ ਮੁਕਾਬਲੇ ਵੀ ਸ਼ਾਮਲ ਹਨ।

ਇਸ ਮੌਕੇ ਪ੍ਰੋ ਚਾਂਸਲਰ ਡਾ. ਮਨਬੀਰ ਨੇ ਕਿਹਾ, ਵਿਦਿਆਰਥੀਆਂ ਨੇ ਆਪਣੀ ਪ੍ਰਤਿਭਾ, ਉਤਸ਼ਾਹ ਅਤੇ ਸਮਾਜਿਕ ਚੇਤਨਾ ਦਾ ਪ੍ਰਦਰਸ਼ਨ ਕੀਤਾ ਜਿੰਨੇ ਵਿਸ਼ਵ ਵਿਦਿਆਰਥੀ ਦਿਵਸ ਸਮਾਰੋਹ ਨੂੰ ਇੱਕ ਯਾਦਗਰ ਮੌਕਾ ਬਣਾ ਦਿਤਾ। ਸਮਾਗਮ ਵਿੱਚ ਵਾਈਸ ਚਾਂਸਲਰ ਡਾ. ਅਭਿਸ਼ੇਕ ਤ੍ਰਿਪਾਠੀ, ਡੀਨ ਅਕਾਦਮਿਕ ਡਾ. ਸਿਮਰਨਜੀਤ ਕੌਰ ਗਿਲ ਅਤੇ ਵਿਦਿਆਰਥੀ ਭਲਾਈ ਵਿਭਾਗ ਦੇ ਡਾਇਰੈਕਟਰ ਦਵਿੰਦਰ ਸਿੰਘ ਵੀ ਮੌਜੂਦ ਸਨ।

## ਜ਼ਿਲ੍ਹਾ ਟਾਸਕ ਫੋਰਸ ਵੱਲੋਂ ਜੀਵਨਜੋਤ ਪ੍ਰੋਜੈਕਟ ਤਹਿਤ ਬਾਲ ਭਿੱਖਿਆ ਦੀ ਰੋਕਥਾਮ ਲਈ ਚਲਾਇਆ ਗਿਆ ਜਾਗਰੂਕਤਾ ਅਭਿਆਨ




**ਲੁਧਿਆਣਾ, 23 ਅਕਤੂਬਰ- -ਕੌਮੀ ਪੱਤ੍ਰਿਕਾ ਬਿਊਰੋ-**

ਜੀਵਨਜੋਤ ਪ੍ਰੋਜੈਕਟ ਤਹਿਤ ਬਾਲ ਭਿੱਖਿਆ ਦੀ ਰੋਕਥਾਮ ਲਈ ਜ਼ਿਲ੍ਹਾ ਟਾਸਕ ਫੋਰਸ ਟੀਮ ਵੱਲੋਂ ਰੇਲਵੇ ਸਟੇਸ਼ਨ, ਲੁਧਿਆਣਾ ਵਿਖੇ ਜਾਗਰੂਕਤਾ ਅਭਿਆਨ ਚਲਾਇਆ ਗਿਆ।

ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਲੁਧਿਆਣਾ ਸ੍ਰੀਮਤੀ ਰਸ਼ਮੀ ਦੀ ਅਗਵਾਈ ਹੇਠ ਜ਼ਿਲ੍ਹਾ ਟਾਸਕ ਫੋਰਸ ਵੱਲੋਂ ਰੇਲਵੇ ਸਟੇਸ਼ਨ 'ਤੇ ਆਮ ਲੋਕਾਂ ਨੂੰ ਜਾਗਰੂਕ ਕੀਤਾ ਗਿਆ ਕਿ ਛੋਟੇ ਬੱਚਿਆਂ ਨੂੰ ਇਕੱਲਾ ਨਾ ਛੱਡਿਆ ਜਾਵੇ। ਉਨ੍ਹਾਂ ਵੱਖ-ਵੱਖ ਰੇਲ ਗੱਡੀਆਂ ਵਿੱਚ ਮੁਸਾਫਿਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਆਪਣੇ ਨਾਲ ਸਫਰ ਕਰ ਰਹੇ ਬੱਚਿਆਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਅਤੇ ਬੱਚਿਆਂ ਨੂੰ ਬਾਲ ਮਜਦੂਰੀ ਅਤੇ ਬਾਲ ਭਿੱਖਿਆ ਤੋਂ ਰੋਕਣ ਵਿੱਚ ਪ੍ਰਸ਼ਾਸ਼ਨ ਦਾ ਸਹਿਯੋਗ ਕੀਤਾ ਜਾਵੇ।

ਇਸ ਤੋਂ ਇਲਾਵਾ ਜ਼ਿਲ੍ਹਾ ਟਾਸਕ ਫੋਰਸ ਵੱਲੋਂ ਰੇਲਵੇ ਸਟੇਸ਼ਨ ਦੇ ਅੰਦਰ ਬਣੀਆਂ ਦੁਕਾਨਾਂ 'ਤੇ ਵੀ ਜਾਂਚ ਕੀਤੀ ਅਤੇ ਬਾਲ ਮਜ਼ਦੂਰੀ ਕਰਵਾਉਣ ਤੋਂ ਗੁਰੇਜ਼ ਕਰਨ ਲਈ ਪ੍ਰੇਰਿਤ ਕੀਤਾ। ਇਸ ਜਾਗਰੂਕਤਾ ਅਭਿਆਨ ਦੌਰਾਨ 2 ਬੱਚਿਆਂ ਨੂੰ ਭੀਖ ਮੰਗਦਿਆਂ ਰੈਸਕਿਊ ਕਰਵਾਇਆ ਅਤੇ ਬਾਲ ਭਲਾਈ ਕਮੇਟੀ ਦੇ ਸਾਹਮਣੇ ਪੇਸ਼ ਕੀਤਾ ਗਿਆ।

ਇਸ ਮੌਕੇ ਟੀਮ ਵਿੱਚ ਸ਼੍ਰੀ ਸਨਦੀਪ ਸਿੰਘ (ਬਚਪਨ ਬਚਾਉ ਅੰਦੋਲਨ), ਆਰ.ਪੀ.ਐਫ ਤੋਂ ਇੰਸਪੈਕਟਰ ਸਲੇਸ਼ ਕੁਮਾਰ ਅਤੇ ਸੁਖਦੀਪ ਸਿੰਘ, ਸੀ.ਬੀ.ਆਈ. ਦੇ ਅਸ਼ੋਕ ਕੁਮਾਰ ਤੋਂ ਇਲਾਵਾ ਏ.ਐਚ.ਟੀ.ਯੂ., ਆਰ.ਪੀ.ਐਫ. ਟੀਮ ਸ਼ਾਮਲ ਸਨ।

## ਵਿਧਾਇਕ ਰੰਧਾਵਾ ਨੇ ਪੰਚਾਇਤ ਰਾਜ ਇਕਾਈਆਂ ਦੀ ਕਮੇਟੀ ਦੀ ਮੀਟਿੰਗ ਵਿੱਚ ਆਡੀਟਰ ਜਨਰਲ ਦੀ ਸਾਲਾਨਾ ਤਕਨੀਕੀ ਨਿਰੀਖਣ ਰਿਪੋਰਟ 'ਤੇ ਕੀਤੀ ਚਰਚਾ



**ਡੇਰਾ ਬਸੀ, 23 ਅਕਤੂਬਰ- -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਵਿਖੇ ਪੰਚਾਇਤ ਰਾਜ ਇਕਾਈ ਕਮੇਟੀ ਦੀ ਅਹਿਮ ਮੀਟਿੰਗ ਹੋਈ, ਜਿਸ ਦੀ ਪ੍ਰਧਾਨਗੀ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਸਭਾਪਤੀ ਵਜੋਂ ਕੀਤੀ। ਮੀਟਿੰਗ ਦਾ ਮੁੱਖ ਏਜੰਡਾ ਵਿਧਾਇਕਾਂ ਅਤੇ ਅਧਿਕਾਰੀਆਂ ਨਾਲ ਆਡੀਟਰ ਜਨਰਲ ਦੀ ਸਾਲਾਨਾ ਤਕਨੀਕੀ ਨਿਰੀਖਣ ਰਿਪੋਰਟ 'ਤੇ ਚਰਚਾ ਕਰਨਾ ਸੀ।

ਮੀਟਿੰਗ ਦੌਰਾਨ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਆਡੀਟਰ ਜਨਰਲ ਦੀ ਰਿਪੋਰਟ 'ਤੇ ਚਰਚਾ ਦੀ ਅਗਵਾਈ ਕੀਤੀ, ਜਿਸ ਵਿਚ ਸੂਬੇ ਦੇ ਵੱਖ-ਵੱਖ ਸਰਕਾਰੀ ਵਿਭਾਗਾਂ ਅਤੇ ਏਜੰਸੀਆਂ ਦੀ ਕਾਰਗੁਜ਼ਾਰੀ 'ਤੇ ਚਾਨਣਾ ਪਾਇਆ ਗਿਆ। ਰਿਪੋਰਟ ਨੇ ਇਹਨਾਂ ਸੰਸਥਾਵਾਂ ਦੇ ਵਿੱਤੀ ਪ੍ਰਬੰਧਨ, ਕੁਸ਼ਲਤਾ ਅਤੇ ਪ੍ਰਭਾਵ ਦਾ ਇੱਕ ਵਿਆਪਕ ਵਿਸ਼ਲੇਸ਼ਣ ਪ੍ਰਦਾਨ ਕੀਤਾ, ਅਤੇ ਕਮੇਟੀ ਲਈ ਪ੍ਰਗਤੀ ਦਾ ਮੁਲਾਂਕਣ ਕਰਨ ਅਤੇ ਸੁਧਾਰ ਲਈ ਖੇਤਰਾਂ ਦੀ ਪਛਾਣ ਕਰਨ ਲਈ ਇੱਕ ਕੀਮਤੀ ਸਾਧਨ ਵਜੋਂ ਕੰਮ ਕੀਤਾ।

ਮੀਟਿੰਗ ਵਿੱਚ ਕਮੇਟੀ ਦੇ ਮੈਂਬਰ ਵਿਧਾਇਕਾਂ ਅਤੇ ਅਧਿਕਾਰੀਆਂ ਨੇ ਭਾਗ ਲਿਆ, ਜਿਨ੍ਹਾਂ ਨੇ ਚਰਚਾ ਵਿੱਚ ਸਰਗਰਮੀ ਨਾਲ ਹਿੱਸਾ ਲਿਆ ਅਤੇ ਰਿਪੋਰਟ ਬਾਰੇ ਆਪਣੀ ਸੂਝ ਸਾਂਝੀ ਕੀਤੀ। ਕਮੇਟੀ ਮੈਂਬਰਾਂ ਨੇ ਅਹਿਮ ਸਵਾਲ ਅਤੇ ਚਿੰਤਾਵਾਂ ਵੀ ਉਠਾਈਆਂ, ਜਿਨ੍ਹਾਂ ਨੂੰ ਮੀਟਿੰਗ ਵਿੱਚ ਹਾਜ਼ਰ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਅਤੇ ਹੋਰ ਅਧਿਕਾਰੀਆਂ ਨੇ ਸੰਬੋਧਨ ਕੀਤਾ। ਵਿਚਾਰ-ਵਟਾਂਦਰੇ ਫਲਦਾਇਕ ਰਹੇ ਅਤੇ ਸਰਕਾਰ ਵਿੱਚ ਮੌਜੂਦਾ ਮਾਮਲਿਆਂ ਦੀ ਬਿਹਤਰ ਸਮਝ ਪ੍ਰਾਪਤ ਕਰਨ ਵਿੱਚ ਮਦਦ ਕੀਤੀ।

ਮੀਟਿੰਗ ਬਾਰੇ ਬੋਲਦਿਆਂ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਕਿਹਾ, ÷ਆਡੀਟਰ ਜਨਰਲ ਦੀ ਸਾਲਾਨਾ ਤਕਨੀਕੀ ਨਿਰੀਖਣ ਰਿਪੋਰਟ ਇੱਕ ਮਹੱਤਵਪੂਰਨ ਦਸਤਾਵੇਜ਼ ਹੈ ਜੋ ਵੱਖ-ਵੱਖ ਸਰਕਾਰੀ ਵਿਭਾਗਾਂ ਅਤੇ ਏਜੰਸੀਆਂ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਕਰਨ ਵਿੱਚ ਸਾਡੀ ਮਦਦ ਕਰਦੀ ਹੈ।

ਇਹ ਯਕੀਨੀ ਕਰਨਾ ਸਾਡੀ ਜ਼ਿੰਮੇਵਾਰੀ ਹੈ ਕਿ ਟੈਕਸਦਾਤਾਵਾਂ ਦੇ ਪੈਸੇ ਕੁਸ਼ਲਤਾ ਅਤੇ ਪ੍ਰਭਾਵੀ ਢੰਗ ਨਾਲ ਵਰਤਿਆ ਜਾ ਰਿਹਾ ਹੈ, ਮੈਨੂੰ ਖੁਸ਼ੀ ਹੈ ਕਿ ਮੀਟਿੰਗ ਲਾਭਕਾਰੀ ਸੀ, ਅਤੇ ਅਸੀਂ ਰਿਪੋਰਟ 'ਤੇ ਇੱਕ ਸਾਰਥਕ ਚਰਚਾ ਕਰਨ ਦੇ ਯੋਗ ਸੀ।

ਵਿਧਾਇਕ ਰੰਧਾਵਾ ਨੇ ਕਿਹਾ ਕਿ ਪੰਚਾਇਤ ਰਾਜ ਇਕਾਈਆਂ ਕਮੇਟੀ ਦੀ ਮੀਟਿੰਗ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਕੰਮਕਾਜ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਉਤਸ਼ਾਹਿਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਸੀ।

ਮੀਟਿੰਗ ਦੌਰਾਨ ਹੋਈਆਂ ਵਿਚਾਰ-ਵਟਾਂਦਰੇ ਸੂਬੇ ਦੀਆਂ ਭਵਿੱਖੀ ਨੀਤੀਆਂ ਅਤੇ ਫੈਸਲਿਆਂ ਨੂੰ ਰੂਪ ਦੇਣ ਵਿੱਚ ਅਹਿਮ ਭੂਮਿਕਾ ਨਿਭਾਉਣਗੇ। ਵਿਧਾਇਕਾਂ ਅਤੇ ਅਧਿਕਾਰੀਆਂ ਦੀ ਸਰਗਰਮ ਭਾਗੀਦਾਰੀ ਨਾਲ, ਕਮੇਟੀ ਦਾ ਉਦੇਸ਼ ਰਾਜ ਅਤੇ ਇਸਦੇ ਲੋਕਾਂ ਦੀ ਬਿਹਤਰੀ ਲਈ ਕੰਮ ਕਰਨਾ ਹੈ।

## ਐਸ ਡੀ ਐਮ ਬਟਾਲਾ ਵਲੋਂ ਸਬ ਡਵੀਜ਼ਨ ਬਟਾਲਾ ਵਿੱਚ ਪੈਂਦੇ ਕਲਸਟਰ ਅਫਸਰ, ਖੇਤੀਬਾੜੀ ਅਫਸਰ, ਸਹਾਇਕ ਖੇਤੀਬਾੜੀ ਅਫਸਰ ਅਤੇ ਫਲਾਇੰਗ ਸੁਕਾਇਡ ਟੀਮਾਂ ਨਾਲ ਮੀਟਿੰਗ

**ਬਟਾਲਾ, 23 ਅਕਤੂਬਰ- -ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਗੁਰਦਾਸਪੁਰ ਵਿੱਚ ਝੋਨੇ ਦੀ ਕਟਾਈ ਦਾ ਕੰਮ ਸ਼ੁਰੂ ਹੋ ਚੁੱਕਾ ਹੈ ਅਤੇ ਕਿਸਾਨਾਂ ਵੱਲੋਂ ਝੋਨੇ ਦੀ ਪਰਾਲੀ ਅਤੇ ਉਸ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ। ਇਨ੍ਹਾਂ ਅੱਗ ਲੱਗਣ ਦੀਆਂ ਘਟਨਾਵਾਂ ਨੂੰ ਰੋਕਣ ਲਈ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਨਵੀਂ ਦਿੱਲੀ, ਮਾਨਯੋਗ ਨੈਸ਼ਨਲ ਗ੍ਰੀਨ ਟ੍ਰਿਬਿਊਨਲ, ਨਵੀਂ ਦਿੱਲੀ, ਮਾਨਯੋਗ ਮੁੱਖ ਸਕੱਤਰ ਪੰਜਾਬ ਅਤੇ ਮਾਨਯੋਗ ਪ੍ਰਮੁੱਖ ਸਕੱਤਰ ਖੇਤੀਬਾੜੀ ਵਿਭਾਗ ਪੰਜਾਬ ਚੰਡੀਗੜ ਅਤੇ ਮਾਨਯੋਗ ਡਿਪਟੀ ਕਮਿਸ਼ਨਰ, ਗੁਰਦਾਸਪੁਰ ਵੱਲੋਂ ਰੋਜਾਨਾ ਰਿਵਿਊ ਕੀਤਾ ਜਾ ਰਿਹਾ ਹੈ। ਇਸ ਸਬੰਧ ਵਿੱਚ ਅੱਜ ਸ੍ਰੀ ਵਿਕਰਮਜੀਤ ਸਿੰਘ ਪਾਂਥੇ, ਉਪ ਮੰਡਲ ਮੈਜਿਸਟਰੇਟ ਬਟਾਲਾ ਦੀ ਪ੍ਰਧਾਨਗੀ ਹੇਠ ਸਬ ਡਵੀਜ਼ਨ ਬਟਾਲਾ ਵਿੱਚ ਪੈਂਦੇ ਕਲਸਟਰ ਅਫਸਰ, ਖੇਤੀਬਾੜੀ ਅਫਸਰ, ਸਹਾਇਕ ਖੇਤੀਬਾੜੀ ਅਫਸਰ ਅਤੇ ਫਲਾਇੰਗ ਸੁਕਾਇਡ ਦੀਆਂ ਲਗਾਈਆਂ ਗਈਆਂ ਟੀਮਾਂ ਦੀ ਦਫਤਰ ਨਗਰ ਨਿਗਮ ਬਟਾਲਾ ਵਿਖੇ ਮੀਟਿੰਗ ਕੀਤੀ

ਐਸ ਡੀ ਐਮ ਬਟਾਲਾ ਨੇ ਮੀਟਿੰਗ ਵਿੱਚ ਹਾਜ਼ਰ ਆਏ ਸਮੂਹ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਅਦੇਸ਼ ਦਿੱਤੇ ਗਏ ਕਿ ਜੇਕਰ ਕੋਈ ਵੀ ਅੱਗ ਲੱਗਣ ਦੀ ਘਟਨਾ ਵਾਪਰਦੀ ਹੈ ਤਾਂ ਸਬੰਧਤ ਟੀਮ ਤੁਰੰਤ ਮੌਕਾ ਤੇ ਜਾ ਕੇ ਕਾਰਵਾਈ ਕਰੇਗੀ। ਜਿਵੇਂ ਕਿ ਸਬੰਧਤ ਕਿਸਾਨ ਦਾ ਚਲਾਨ ਕੱਟਣਾ ਕੇ ਉਸ ਦੀ ਰਿਕਵਰੀ ਜਮਾਂ ਕਰਵਾਉਣੀ। ਮਾਲ ਰਿਕਾਰਡ ਵਿੱਚ ਰੈੱਡ ਐਂਟਰੀ ਦਰਜ ਕਰਨੀ। ਕਲਸਟਰ ਅਫਸਰ ਵੱਲੋਂ ਇਸ ਦੀ ਰਿਪੋਰਟ ਸਬੰਧੀ ਮੁੱਖ ਥਾਣਾ ਅਫਸਰ ਜਾਂ ਚੌਕੀ ਇੰਚਾਰਜ ਨੂੰ ਦੇਣੀ ਅਤੇ ਸਬੰਧਤ ਪੁਲਿਸ ਅਧਿਕਾਰੀਆਂ ਵੱਲੋਂ ਸਬੰਧਤ ਕਿਸਾਨ ਤੇ ਕਾਨੂੰਨ ਅਨੁਸਾਰ ਕਾਰਵਾਈ ਕਰਨੀ।ਸਬੰਧਤ ਟੀਮਾਂ ਹਰ ਰੋਜ ਜਾ ਕੇ ਪਿੰਡਾਂ ਵਿੱਚ ਫਲੈਗ ਮਾਰਚ ਕਰਨਾ ਅਤੇ ਸਬੰਧਤ ਕਿਸਾਨਾ ਨੂੰਜਾਗਰੂਕ ਕੀਤਾ ਜਾਵੇ ਕਿ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣਾ ਇੱਕ ਕਾਨੂੰਨੀ ਅਪਰਾਧ ਹੈ ਅਤੇ ਇਸ ਤੋਂ ਇਲਾਵਾ ਇਸ ਨਾਲ ਵਾਤਾਵਰਣ ਵੀ ਦੂਸ਼ਿਤ ਹੁੰਦਾ ਹੈ, ਜਿਸ ਨਾਲ ਕਈ ਕਿਸਮ ਦੀਆਂ ਬਿਮਰੀਆਂ ਵੀ ਫੈਲ ਸਕਦੀਆਂ ਹਨ। ਉਨ੍ਹਾਂ ਨੂੰ ਇਹ ਵੀ ਜਾਗਰੂਕ ਕੀਤਾਜਾਵੇ ਕਿ ਜੇਕਰ ਉਨ੍ਹਾਂ ਦੇ ਮਾਲ ਰਿਕਾਰਡ ਵਿੱਚ ਰੈੱਡ ਐਂਟਰੀ ਹੋ ਜਾਵੇਗੀ ਤਾਂ ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ। ਇਸ ਦੇ ਨਾਲ ਕਿਸਾਨਾਂ ਨੂੰ ਇਹ ਵੀਅਪੀਲ ਕੀਤੀ ਜਾਵੇ ਕਿ ਮਾਨਯੋਗ ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਜੀ ਵੱਲੋਂ ਜਾਰੀ ਹੋਏ ਅਦੇਸ਼ਾਂ ਦੀ ਪਾਲਣਾ ਕੀਤੀ ਜਾਵੇ ਕਿ ਕੰਬਾਇਨਾਂ ਸਵੇਰੇ 10.00 ਵਜੇ ਤੋਂ ਸਾਮ 5.00 ਵਜੇ ਤੱਕ ਹੀ ਚਲਾਈਆਂ ਜਾਣ।

## ਮਤੱਸਯਾ ਕਿਸਾਨ ਸ਼ਮਰਿਧੀ ਸਹਿਯੋਜਨਾ ਸਕੀਮ ਦੀ ਰਜਿਸਟ੍ਰੇਸ਼ਨ ਹੋਈ ਸ਼ੁਰੂ

**ਫਾਜ਼ਿਲਕਾ, 23 ਅਕਤੂਬਰ- -ਕੌਮੀ ਪੱਤ੍ਰਿਕਾ ਬਿਊਰੋ-**

ਸੀਨੀਅਰ ਮੱਛੀ ਪਾਲਣ ਅਫਸਰ ਸ੍ਰੀਮਤੀ ਕੋਕਮ ਕੌਰ ਨੇ ਸਮੂਹ ਫਿਸ਼ਰੀਜ/ਸ਼ਰਿੰਪ ਸੈਕਟਰ ਨਾਲ ਜੁੜੇ ਲੋਕਾਂ ਲਈ ਪ੍ਰਧਾਨ ਮੰਤਰੀ ਮਤੱਸਯ ਸੰਪਦਾ ਯੋਜਨਾ ਦੀ ਨਵੀਂ ਲਾਂਚ ਕੀਤੀ ਸਬ ਸਕੀਮ ਪ੍ਰਧਾਨ ਮੰਤਰੀ ਮਤੱਸਯਾ ਕਿਸਾਨ ਸ਼ਮਰਿਧੀ ਸਹਿਯੋਜਨਾ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਕੀਮ ਦੀ ਰਜਿਸਟ੍ਰੇਸ਼ਨ ਸ਼ੁਰੂ ਹੋ ਰਹੀ ਹੈ।ਉਨ੍ਹਾਂ ਕਿਹਾ ਕਿ ਵੱਖ-ਵੱਖ ਸਮੇਂ *ਤੇ ਸਰਕਾਰ ਦੀਆਂ ਵੱਖ-ਵੱਖ ਸਕੀਮਾਂ ਦਾ ਲਾਭ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਕੀਮ ਦਾ ਲਾਭ ਲੈਣ ਲਈ ਰਜਿਸਟਰੇਸ਼ਨ ਕਰਨ ਲਈ ਲਿੰਕ *ਤੇ ਅਪਲਾਈ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਕਾਸ਼ਤਕਾਰ/ਲਾਭਪਾਤਰੀ ਵੱਲੋਂ ਆਪਣੇ ਪਿੰਡ/ਸ਼ਹਿਰ ਦੇ ਨੇੜਲੇ ਕਾਮਨ ਸਰਵਿਸ ਸੈਂਟਰ ਵਿਖੇ ਜਾ ਕੇ ਆਪਣੀ ਰਜਿਸ਼ਟ੍ਰੇਸ਼ਨ ਜਲਦ ਤੋਂ ਜਲਦ ਕਰਵਾਈ ਜਾਵੇ ਤਾਂ ਜੋ ਆਪ ਇਸ ਸਕੀਮ ਦਾ ਲਾਭ ਮਿਲ ਸਕੇ।

## ਸਿਹਤ ਵਿਭਾਗ ਦੀਆਂ ਟੀਮਾਂ ਵੱਲੋ ਡੇਂਗੂ ਵਿਰੁੱਧ ਜਾਗਰੂਕਤਾ ਗਤੀਵਿਧੀਆਂ ਨਿਰੰਤਰ ਜਾਰੀ: ਸਿਵਲ ਸਰਜਨ

**ਰੂਪਨਗਰ, 23 ਅਕਤੂਬਰ- -ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਨੂੰ ਡੇਂਗੂ ਮੁਕਤ ਕਰਨ ਲਈ ਸਿਹਤ ਮੰਤਰੀ ਡਾ. ਬਲਬੀਰ ਸਿੰਘ ਅਤੇ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਡਾਕਟਰ ਹਤਿੰਦਰ ਕੌਰ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਸਿਵਲ ਸਰਜਨ ਰੂਪਨਗਰ ਡਾਕਟਰ ਤਰਸੇਮ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ "ਹਰ ਸ਼ੁੱਕਰਵਾਰ ਡੇਂਗੂ ਤੇ ਵਾਰ "ਮੁਹਿੰਮ ਦੇ ਤਹਿਤ ਅੱਜ ਰੋਪੜ ਸ਼ਹਿਰ ਸਮੇਤ ਪੇਂਡੂ ਏਰੀਏ ਵਿੱਚ ਵੀ ਸਿਹਤ ਕਰਮਚਾਰੀਆਂ, ਬਰੀਡਰ ਚੈਕਰ, ਆਸ਼ਾ ਵਰਕਰ, ਸੋਸ਼ਲ ਵਰਕਰ ਅਤੇ ਸਿਹਤ ਕਰਮਚਾਰੀਆਂ ਵਲੋਂ ਜਾਗਰੂਕਤਾ ਮੁਹਿੰਮ ਚਲਾਈ ਗਈ ਜਿਸ ਵਿਚ ਰੂਪਨਗਰ ਸ਼ਹਿਰ, ਪੇਂਡੂ ਖੇਤਰਾਂ ਅਤੇ ਸਿਹਤ ਕੇਂਦਰਾਂ ਵਿੱਚ ਡੇਂਗੂ ਦਾ ਲਾਰਵਾ ਚੈੱਕ ਕਰਕੇ ਨਸ਼ਟ ਕੀਤਾ ਗਿਆ।

ਉਨ੍ਹਾਂ ਦੱਸਿਆ ਕਿ ਇਸ ਮੁਹਿਮ ਤਹਿਤ ਜ਼ਿਲ੍ਹੇ ਦੇ ਸਾਰੇ ਸਿਹਤ ਅਧਿਕਾਰੀ ਅਤੇ ਬਲਾਕਾਂ ਵਿੱਚ ਸੀਨੀਅਰ ਮੈਡੀਕਲ ਅਫਸਰਾਂ ਵੱਲੋਂ ਇਸ ਦੀ ਕਮਾਂਡ ਸੰਭਾਲੀ ਗਈ ਸਿਹਤ ਵਿਭਾਗ ਦੀਆਂ ਟੀਮਾਂ ਵੱਲੋ ਮੌਕੇ ਤੇ ਮਿਲਿਆ ਡੇਂਗੂ ਦਾ ਲਾਰਵਾ ਨਸ਼ਟ ਕੀਤਾ ਗਿਆ ਅਤੇ ਸਟਾਫ ਵੱਲੋਂ ਹਰ ਸ਼ੁੱਕਰਵਾਰ-ਡੇਂਗੂ ਤੇ ਵਾਰ ਸੰਬੰਧੀ ਜਾਗਰੂਕ ਕੀਤਾ ਗਿਆ।

ਡਾ. ਜਤਿੰਦਰ ਕੌਰ ਅਤੇ ਡਾ. ਸੋਨਾਲੀ ਵੋਹਰਾ ਐਪੀਡਿਮਾਲੋਜਿਸਟ ਨੇ ਦੱਸਿਆ ਕਿ ਜੇਕਰ ਕਿਸੇ ਵਿਅਕਤੀ ਨੂੰ ਤੇਜ ਬੁਖਾਰ, ਮਾਸ ਪੇਸੀਆਂ ਚ ਦਰਦ, ਅੱਖਾਂ ਦੇ ਪਿਛਲੇ ਹਿੱਸੇ ਚ ਦਰਦ, ਸਰੀਰ ਤੇ ਲਾਲ ਰੰਗ ਦੇ ਧੱਫੜ, ਨੱਕ ਜਾਂ ਮਸੂੜਿਆਂ ਚੋਂ ਖੂਨ ਆਉਣਾ ਆਦਿ ਲੱਛਣ ਮਹਿਸੂਸ ਹੋਣ ਤਾਂ ਤੁਰੰਤ ਡਾਕਟਰੀ ਸਲਾਹ ਅਨੁਸਾਰ ਇਲਾਜ ਕਰਵਾਉਣਾ ਚਾਹੀਦਾ ਹੈ। ਇਸ ਸਮੇਂ ਘਰੇਲੂ ਇਲਾਜ ਜਾਂ ਇਲਾਜ ਚ ਦੇਰੀ ਕਾਰਨ ਕਈ ਵਾਰ ਖਤਰੇ ਦਾ ਕਾਰਨ ਬਣ ਜਾਂਦਾ ਹੈ।

ਭੁਪਿੰਦਰ ਸਿੰਘ ਏ.ਐਮ.ਓ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਬੜੀ ਹਵੇਲੀ ਵਿਖੇ ਡੇਂਗੂ ਦੀ ਬਿਮਾਰੀ ਸਬੰਧੀ ਦੱਸਿਆ ਕਿ ਅੱਜ ਕੱਲ੍ਹ ਡੇਂਗੂ ਦਾ ਸੀਜਨ ਚੱਲ ਰਿਹਾ ਹੈ। ਇਸ ਲਈ ਆਪਣੇ ਘਰਾਂ, ਦੁਕਾਨਾਂ ਅਤੇ ਵਰਕਸਾਪਾਂ ਚ ਟਾਇਰ, ਘੜੇ, ਪਾਣੀ ਵਾਲੀਆਂ ਖੇਲਾਂ, ਗਮਲੇ, ਕੂਲਰਾਂ ਅਤੇ ਫਰਿੱਜ ਦੇ ਬੈਕ ਟਰੇਅ ਆਦਿ ਥਾਵਾਂ ਤੇ ਪਾਣੀ ਨੂੰ ਹਫਤੇ ਚ ਇੱਕ ਦਿਨ ਹਰ ਸ਼ੁੱਕਰਵਾਰ ਜਰੂਰ ਸੁਕਾਉਣਾ ਚਾਹੀਦਾ ਹੈ ਤਾਂ ਜੋ ਮੱਛਰ ਨੂੰ ਪੈਦਾ ਹੋਣ ਤੋਂ ਰੋਕਿਆ ਜਾ ਸਕੇ

ਸਿਹਤ ਵਿਭਾਗ ਦੀਆਂ ਟੀਮਾਂ ਵਿੱਚ ਰੂਪਨਗਰ ਸਹਿਰ ਚ ਸਿਹਤ ਕਰਮਚਾਰੀ ਸਟੂਡੈਂਟਸ ਦੇ ਸਹਿਯੋਗ ਨਾਲ ਟੀਮਾਂ ਬਣਾ ਕੇ ਡੇਂਗੂ ਦਾ ਲਾਰਵਾ ਨਸਟ ਕਰਵਾਇਆ ਅਤੇ ਬਚਾਅ ਲਈ ਜਾਗਰੂਕਤਾ ਉਹਨਾਂ ਦੱਸਿਆ ਕਿ ਡੇਂਗੂ ਸਬੰਧੀ ਜੇਕਰ ਲੱਛਣ ਹੋਣ ਤਾਂ ਤੁਰੰਤ ਡਾਕਟਰੀ ਸਲਾਹ ਅਨੁਸਾਰ ਇਲਾਜ ਕਰਵਾਉਣਾ ਚਾਹੀਦਾ ਹੈ।

## ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਸਟੱਬਲ ਬਰਨਿੰਗ ਦੀ ਰੋਕਥਾਮ ਲਈ ਜ਼ਿਲ੍ਹਾ ਪੱਧਰੀ ਪਰਾਲੀ ਪ੍ਰਬੰਧਨ ਸੈਮੀਨਾਰ

**ਗੁਰਦਾਸਪੁਰ, 23 ਅਕਤੂਬਰ- -ਕੌਮੀ ਪੱਤ੍ਰਿਕਾ ਬਿਊਰੋ-**

ਡਪਟੀ ਕਮਿਸ਼ਨਰ, ਸ੍ਰੀ ਉਮਾ ਸ਼ੰਕਰ ਦੀ ਪ੍ਰਧਾਨਗੀ ਹੇਠ ਸਟੱਬਲ ਬਰਨਿੰਗ ਦੀ ਰੋਕਥਾਮ ਨੂੰ ਲੈ ਕੇ ਜਿਲ੍ਹਾ ਪੱਧਰੀ ਪਰਾਲੀ ਪ੍ਰਬੰਧਨ ਸੈਮੀਨਾਰ ਕਰਵਾਇਆ ਗਿਆ,ਜਿਸ ਵਿੱਚ ਐਸ ਐਸ ਪੀ ਗੁਰਦਾਸਪੁਰ, ਹਰੀਸ਼ ਦਾਯਮਾ, ਐਸ ਐਸ ਪੀ ਬਟਾਲਾ, ਸੁਹੇਲ ਕਾਸਿਮ ਮੀਰ, ਸੁਰਿੰਦਰ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਜ), ਸੁਰਿੰਦਰ ਸਿੰਘ, ਆਦਿਤਿਆ ਗੁਪਤਾ, ਸਹਾਇਕ ਕਮਿਸ਼ਨਰ (ਜ) ਸਮੇਤ ਪੁਲਿਸ, ਰੈਵੀਨਿਊ, ਖੇਤੀਬਾੜੀ, ਸਹਿਕਾਰੀ ਸਭਾਵਾਂ, ਪ੍ਰਦੂਸ਼ਣ ਕੰਟਰੋਲ ਬੋਰਡ,ਕਲੱਸਟਰ ਅਫਸਰ, ਨੋਡਲ ਅਫਸਰਾਂ, ਫਲਾਇੰਗ ਅਸਕਾਟ ਟੀਮਾਂ, ਪਟਵਾਰੀ, ਸਕੱਤਰਾਂ ਸਮੇਤ ਸਬੰਧਤ ਸਮੂਹ ਅਧਿਕਾਰੀਆਂ ਤੇ ਕਰਮਚਾਰੀਆਂ ਮੌਜੂਦ ਸਨ।

ਸਥਾਨਕ ਬੇਅੰਤ ਸਿੰਘ ਸਟੇਟ ਯੂਨੀਵਰਸਿਟੀ, ਗੁਰਦਾਸਪੁਰ ਵਿਖੇ ਕਰਵਾਏ ਸੈਮੀਨਾਰ ਦੌਰਾਨ ਡਿਪਟੀ ਕਮਿਸ਼ਨਰ, ਉਮਾ ਸ਼ੰਕਰ ਗੁਪਤਾ ਨੇ ਕਿਹਾ ਕਿ ਸਟੱਬਲ ਬਰਨਿੰਗ ਦੀ ਰੋਕਥਾਮ ਲਈ ਸਿਵਲ ਤੇ ਪੁਲਿਸ ਵਿਭਾਗ ਦੇ ਅਧਿਕਾਰੀ ਇੱਕ ਟੀਮ ਵਜੋਂ ਹੋਰ ਬਿਹਤਰ ਤਾਲਮੇਲ, ਜਿੰਮੇਵਾਰੀ ਤੇ ਮਿਹਨਤ ਨਾਲ ਕੰਮ ਕਰਨ। ਉਨ੍ਹਾਂ ਦੱਸਿਆ ਕਿ ਖੇਤਾਂ ਵਿੱਚ ਪਰਾਲੀ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਵਿੱਚ ਅਚਾਨਕ ਹੋਏ ਵਾਧੇ ਨੂੰ ਰੋਕਣ ਲਈ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਹੋਰ ਸਖ਼ਤ ਨਜ਼ਰ ਰੱਖਣ ਦੀ ਬੇਹੱਦ ਜਰੂਰਤ ਹੈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਟੱਬਲ ਬਰਨਿੰਗ ਸ਼ੋਸਲ ਤੇ ਨੈਸ਼ਨਲ ਮੁੱਦਾ ਹੈ ਅਤੇ ਮਾਣਯੋਗ ਸੁਪਰੀਮ ਕੋਰਟ ਵਲੋਂ ਹਰ ਹਫਤੇ ਇਸ ਸਬੰਧੀ ਰੀਵੀਊ ਕੀਤਾ ਜਾ ਰਿਹਾ ਹੈ। ਉਨ੍ਹਾਂ ਸਮੂਹ ਹਾਜਰੀਨ ਨੂੰ ਸਖ਼ਤ ਸੰਕੇਤ ਦਿੰਦੇ ਹੋਏ ਦੱਸਿਆ ਕਿ ਹੁਣ ਤੋਂ ਡਿਊਟੀ ਵਿੱਚ ਲਾਪ੍ਰਵਾਹੀ ਕਰਨ ਵਾਲੇ ਨੋਡਲ ਅਫਸਰਾਂ ਅਤੇ ਸਬੰਧਤ ਐਸ ਐਚ ਓ/ਬੀਟ ਅਫਸਰ ਖ਼ਿਲਾਫ਼ ਹਵਾ ਗੁਣਵੱਤਾ ਪ੍ਰਬੰਧਨ ਕਮਿਸ਼ਨ ਦੀਆਂ ਹਾਲੀਆ ਹਦਾਇਤਾਂ ਅਨੁਸਾਰ ਅਦਾਲਤ ਚ ਕੇਸ ਦਾਇਰ ਕੀਤੇ ਜਾ ਸਕਣਗੇ। ਕਮਿਸ਼ਨ ਨੇ 10 ਅਕਤੂਬਰ, 2024 ਦੇ ਆਪਣੇ ਆਦੇਸ਼ ਵਿੱਚ ਡਿਪਟੀ ਕਮਿਸ਼ਨਰ/ ਜ਼ਿਲ੍ਹਾ ਕੁਲੈਕਟਰ/ਜ਼ਿਲ੍ਹਾ ਮੈਜਿਸਟ੍ਰੇਟ ਨੂੰ ਆਪਣੇ-ਆਪਣੇ ਅਧਿਕਾਰ ਖੇਤਰ ਵਿੱਚ ਝੋਨੇ ਦੀ ਪਰਾਲੀ ਨੂੰ ਸਾੜਨ ਨੂੰ ਰੋਕਣ ਲਈ ਵੱਖ-ਵੱਖ ਪੱਧਰਾਂ ਅਤੇ ਸਟੇਸ਼ਨਾਂ 'ਤੇ ਤਾਇਨਾਤ ਨੋਡਲ ਅਫ਼ਸਰ, ਸੁਪਰਵਾਈਜ਼ਰੀ ਅਫ਼ਸਰ ਅਤੇ ਸਟੇਸ਼ਨ ਹਾਊਸ ਅਫਸਰ, ਜੋ ਕਿ ਇਨ੍ਹਾਂ ਰੋਕ ਦੇ ਹੁਕਮਾਂ ਨੂੰ ਯਕੀਨੀ ਬਣਾਉਣ ਲਈ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਜ਼ਿੰਮੇਵਾਰ ਹਨ, ਦੀ ਅਯੋਗਤਾ ਦੇ ਸਬੰਧ ਵਿੱਚ ਇਲਾਕਾ ਜੁਡੀਸ਼ੀਅਲ ਮੈਜਿਸਟਰੇਟ ਕੋਲ ਸ਼ਿਕਾਇਤ / ਮੁਕੱਦਮਾ ਦਰਜ ਕਰਨ ਲਈ ਅਧਿਕਾਰਤ ਕੀਤਾ ਗਿਆ ਹੈ। ਪਰ ਨਾਲ ਹੀ ਉਨ੍ਹਾਂ ਕਿਹਾ ਕਿ ਪਿਛਲੇ ਸਾਲ ਵੀ ਸਾਰੇ ਅਧਿਕਾਰੀਆਂ ਵਲੋਂ ਸਖ਼ਤ ਮਿਹਨਤ ਕੀਤੀ ਗਈ ਸੀ ਅਤੇ ਉਨ੍ਹਾਂ ਨੂੰ ਵਿਸ਼ਵਾਸ ਹੈ ਕਿ ਇਸ ਸਾਲ ਵੀ ਅਧਿਕਾਰੀ ਆਪਣੇ ਅਣਥੱਕ ਯਤਨਾਂ ਨਾਲ ਹੋਰ ਵਧੇਰੇ ਕਾਰਜ ਕਰਨਗੇ।




ਡਿਪਟੀ ਕਮਿਸ਼ਨਰ ਨੇ ਪਟਵਾਰੀਆਂ, ਖੇਤੀਬਾੜੀ ਅਫਸਰਾਂ, ਸਹਿਕਾਰੀ ਸਭਾਵਾਂ ਦੇ ਅਧਿਕਾਰੀਆਂ, ਪੇਂਡੂ ਵਿਕਾਸ ਵਿਭਾਗ ਦੇ ਜੇ. ਈ ਅਤੇ ਐਸ ਐਚ ਓਜ਼ ਨੂੰ ਕਿਹਾ ਕਿ ਉਨ੍ਹਾਂ ਦਾ ਕਿਸਾਨਾਂ ਨਾਲ ਕਿਸੇ ਨਾ ਕਿਸੇ ਰੂਪ ਵਿੱਚ ਰੋਜਾਨਾ ਹੀ ਸਿੱਧਾ ਵਾਹ ਪੈਂਦਾ ਹੈ, ਇਸ ਲਈ ਉਹ ਪਿੰਡ -ਪਿੰਡ ਜਾ ਕੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਪ੍ਰੇਰਿਤ ਕਰਨ ਅਤੇ ਇੱਕ ਟੀਮ ਬਣਾ ਕੇ ਕਿਸਾਨਾਂ ਨੂੰ ਮਿਲਿਆ ਜਾਵੇ।ਉਨ੍ਹਾਂ ਅੱਗੇ ਕਿਹਾ ਕਿ ਸਬਸਿਡੀ ਵਾਲੀ ਪਰਾਲੀ ਪ੍ਰਬੰਧਨ ਮਸ਼ੀਨਰੀ ਦਾ ਵੱਡੀ ਗਿਣਤੀ ਵਿੱਚ ਪ੍ਰਬੰਧ ਹੋਣ ਦੇ ਬਾਵਜੂਦ ਵੀ ਪਰਾਲੀ ਸਾੜਨ ਦੀਆਂ ਘਟਨਾਵਾਂ ਵਾਪਰਨੀਆਂ ਚਿੰਤਾ ਦਾ ਵਿਸ਼ਾ ਹਨ, ਇਸ ਲਈ ਸਮੂਹ ਵਿਭਾਗ ਅਗਲੇ ਦਿਨਾਂ ਵਿੱਚ ਹੋਰ ਤੇਜੀ ਨਾਲ ਕੰਮ ਕਰਨ। ਪਿੰਡਾਂ ਵਿੱਚ ਜਾਣ ਖਾਸਕਰਕੇ ਪੁਲਿਸ ਵਿਭਾਗ ਪੈਟਰੋਲਿੰਗ ਕਰੇ ਅਤੇ ਫਲੈਗ ਮਾਰਚ ਕਰਕੇ ਕਿਸਾਨਾਂ ਨੂੰ ਜਾਗਰੂਕ ਕੀਤਾ ਜਾਵੇ।

ਡਿਪਟੀ ਕਮਿਸ਼ਨਰ ਨੇ ਐਸ.ਡੀ.ਐਮਜ਼ ਨੂੰ ਕਿਸਾਨਾਂ ਤੱਕ ਇਨ੍ਹਾਂ ਮਸ਼ੀਨਾਂ ਦੀ ਪਹੁੰਚ ਵਧਾਉਣ ਦੇ ਨਿਰਦੇਸ਼ ਦਿੰਦਿਆਂ ਕਿਹਾ ਕਿ ਕਿਸਾਨਾਂ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਨੂੰ ਰੋਕਣ ਲਈ ਸਾਰੇ ਨੋਡਲ ਅਫ਼ਸਰਾਂ ਨੂੰ ਵਧੇਰੇ ਚੌਕਸ ਰਹਿਣਾ ਚਾਹੀਦਾ ਹੈ।ਡਿਪਟੀ ਕਮਿਸ਼ਨਰ ਨੇ ਗੁਰਦਾਸਪੁਰ ਤੇ ਬਟਾਲਾ ਦੇ ਸੀਨੀਅਰ ਪੁਲਿਸ ਕਪਤਾਨ ਨੂੰ ਫੀਲਡ ਪੁਲਿਸ ਅਧਿਕਾਰੀਆਂ ਨੂੰ ਹੋਰ ਤਨਦੇਹੀ ਨਾਲ ਕੰਮ ਕਰਨ ਲਈ ਸਰਗਰਮ ਕਰਨ ਦੀ ਅਪੀਲ ਕੀਤੀ।ਐਸ ਐਸ ਪੀ ਗੁਰਦਾਸਪੁਰ, ਹਰੀਸ਼ ਦਾਯਮਾ, ਐਸ ਐਸ ਪੀ ਬਟਾਲਾ, ਸੁਹੇਲ ਕਾਸਿਮ ਮੀਰ ਵਲੋਂ ਵੀ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨੂੰ ਇੱਕਜੁੱਟ ਹੋ ਕੇ ਹੋਰ ਕਾਰਗਰ ਤਰੀਕੇ ਨਾਲ ਫੀਲਡ ਵਿੱਚ ਜਾਣ ਲਈ ਕਿਹਾ। ਉਨ੍ਹਾਂ ਕਿਹਾ ਕਿ ਸਾਡੇ ਸਾਰਿਆਂ ਲਈ ਸਟੱਬਲ ਬਰਨਿੰਗ ਚੁਣੌਤੀਪੂਰਨ ਮੁੱਦਾ ਹੈ ਅਤੇ ਸਮੂਹਿਕ ਯਤਨਾਂ ਨਾਲ ਹੀ ਇਸ ਨੂੰ ਨਜਿਠਿਆ ਜਾ ਸਕਦਾ ਹੈ।

ਇਸ ਤੋਂ ਪਹਿਲਾਂ, ਸੁਰਿੰਦਰ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਜ) ਨੇ ਵਿਸਥਾਰ ਵਿੱਚ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੀ ਅਗਵਾਈ ਵਿੱਚ ਜਿਲ੍ਹਾ ਪ੍ਰਸ਼ਾਸਨ ਵਲੋਂ ਪਰਾਲੀ ਨਾ ਸਾੜਨ ਲਈ ਕੀਤੇ ਉਪਰਾਲਿਆਂ ਦਾ ਜਿਕਰ ਕੀਤਾ। ਉਨ੍ਹਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਵਲੋਂ ਨਿਵੇਕਲੀ ਪਹਿਲਕਦਮੀ ਕਰਦਿਆਂ ਪਿੰਡ ਪੱਧਰ ਤੱਕ ਕਿਸਾਨਾਂ ਨੂੰ ਖੇਤੀ ਸੰਦ ਮੁਹੱਈਆ ਕਰਵਾਉਣ ਲਈ ਨੋਡਲ ਅਫ਼ਸਰ ਤਾਇਨਾਤ ਕੀਤੇ ਗਏ ਹਨ। ਖੁਦ ਡਿਪਟੀ ਕਮਿਸ਼ਨਰ ਵਲੋਂ ਪਿੰਡਾਂ ਵਿੱਚ ਜਾ ਕੇ ਕਿਸਾਨਾਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਅਤੇ ਕਿਸਾਨਾਂ ਦੀਆਂ ਪਰਾਲੀ ਪ੍ਰਬੰਧਨ ਨੂੰ ਲੈ ਕੇ ਮੁਸ਼ਕਿਲਾਂ ਸੁਣ ਕੇ ਹੱਲ ਕੀਤੀਆਂ ਗਈਆਂ ਹਨ।

ਮੀਟਿੰਗ ਵਿੱਚ ਐਸ ਪੀ (ਐੱਚ) ਗੁਰਦਾਸਪੁਰ ਜੁਗਰਾਜ ਸਿੰਘ, ਐਸ ਪੀ (ਐੱਚ) ਬਟਾਲਾ ਸ੍ਰੀਮਤੀ ਜਸਵੰਤ ਕੌਰ, ਐਸ ਡੀ ਐਮ ਬਟਾਲਾ ਵਿਕਰਮਜੀਤ ਸਿੰਘ, ਐਸ ਡੀ ਐਮ ਡੇਰਾ ਬਾਬਾ ਨਾਨਕ ਰਾਜਪਾਲ ਸਿੰਘ ਸੇਖੋਂ,ਐਸ ਡੀ ਐਮ ਫਤਿਹਗੜ੍ਹ ਚੂੜੀਆਂ ਸ੍ਰੀਮਤੀ ਵੀਰਪਾਲ ਕੌਰ, ਜਿਲਾ ਮਾਲ ਅਫਸਰ ਜਸਕਰਨ ਸਿੰਘ, ਡੀਡੀਪੀਓ ਗੁਰਪ੍ਰੀਤ ਸਿੰਘ, ਰਾਜੇਸ ਕੁਮਾਰ ਕਾਰਜਕਾਰੀ ਇੰਜਨੀਅਰ ਪੀ.ਪੀ.ਸੀ.ਬੀ, ਮੁੱਖ ਖੇਤੀਬਾੜੀ ਅਫ਼ਸਰ ਡਾ.ਸੁਰਿੰਦਰਪਾਲ ਸਿੰਘ, ਅਧਿਕਾਰੀ ਮੌਜੂਦ ਸਨ।

ਸ਼ਬਦੋ ਵਣਜਾਰਿਓ

# ਅਸ਼ਰਫ਼ੀ

ਫ਼ਾਰਸੀ ਕੋਸ਼ਾਂ ਅਨੁਸਾਰ ਸੋਨੇ ਦਾ ਸਿੱਕਾ ਜੋ ਅਸ਼ਰਫ ਬਾਦਸ਼ਾਹ ਨਾਲ ਸਬੰਧਿਤ ਹੈ, ਜਿਸ ਨੇ ਪਹਿਲਾਂ ਦਸ ਮਾਸੇ ਸੋਨੇ ਦਾ ਸਿੱਕਾ ਜਾਰੀ ਕੀਤਾ ਸੀ, ਮੋਹਰ, ਦੀਨਾਰ, ਇਕ ਬੂਟੀ ਦਾ ਨਾਂ ਜਿਸ ਦਾ ਫੁਲ ਗੋਲ ਤੇ ਪੀਲਾ ਹੁੰਦਾ ਹੈ। ਸੋਨੇ ਦੀ ਇਕ ਮੁਦਰਾ ਸੀ ਜੋ ਮਿਸਰ ਤੋਂ ਲੈ ਕੇ ਭਾਰਤ ਤਕ ਮਸ਼ਹੂਰ ਸੀ। ਪੁਰਾਣੇ ਜ਼ਮਾਨੇ ਵਿਚ ਬਾਦਸ਼ਾਹ ਇਨਾਮ ਵਜੋਂ ਅਸ਼ਰਫੀਆਂ ਦੀਆਂ ਥੈਲੀਆਂ ਦਿੰਦੇ ਸਨ।

ਕਈ ਬਾਦਸ਼ਾਹ ਤਾਂ ਦਰਬਾਰੀ ਕਵੀਆਂ ਨੂੰ ਕਵਿਤਾ ਦੀ ਹਰ ਪੰਕਤੀ 'ਤੇ ਇਕ ਅਸ਼ਰਫ਼ੀ ਇਨਾਮ ਵਜੋਂ ਦੇਂਦੇ ਸਨ। ਭਾਵੇਂ ਕਿੱਸੇ ਕਹਾਣੀਆਂ ਵਿਚ ਇਹਦੀ ਚੜ੍ਹਤ ਬੜੀ ਸ਼ਾਨਦਾਰ ਹੈ ਪਰ ਮੁਦਰਾ ਦੇ ਰੂਪ ਵਿਚ ਇਹ ਕਦੇ ਟਿਕਾਊ ਨਹੀਂ ਰਹੀ, ਉਲਟਾ ਦਿਨਾਰ ਦਾ ਸਿੱਕਾ ਮੁਦਰਾਂ ਵਜੋਂ ਜੰਮਿਆ ਰਿਹਾ। ਅਸ਼ਰਫ਼ੀ ਨੂੰ ਪਛਾਣ ਦੇਣ ਵਾਲਾ ਇਹ ਨਾਂ ਮਿਸਰ ਦੇ ਪ੍ਰਸਿੱਧ ਸੁਲਤਾਨ ਅਲ ਅਸ਼ਰਫ਼ ਅਦ-ਦੀਨ ਬਰਸਵੀ (1422-1438) ਦੀ ਦੇਣ ਹੈ। ਉਹਨੇ ਦਿਨਾਰ ਦੀ ਥਾਂ 3.3 ਗ੍ਰਾਮ ਦੇ ਵਜ਼ਨ ਦੀ ਇਹ ਮੁਦਰਾ ਚਲਾਈ। ਅਸ਼ਰਫ਼ੀ ਅਸਲ 'ਚ ਤਾਂ ਦਿਨਾਰ ਦਾ ਹੀ ਰੂਪ ਹੈ। ਫਰਕ ਕੇਵਲ ਵਜ਼ਨ ਤੇ ਆਕਾਰ ਦਾ ਹੈ। ਉਦੋਂ ਪ੍ਰਚਲਿਤ ਦਿਨਾਰ 4.25 ਗ੍ਰਾਮ ਦਾ ਹੁੰਦਾ ਸੀ। ਅਸ਼ਰਫ਼ੀ ਦਾ ਵੀ ਪੂਰਾ ਨਾਂ ਅਸ਼ਰਫ਼ੀ ਦਿਨਾਰ ਹੀ ਸੀ। ਅਸ਼ਰਫ਼ ਦਾ ਅਰਥ ਹੈ-ਸੱਜਣ, ਭੱਦਰ ਪੁਰਸ਼, ਆਦਰਸ਼ ਆਦਿ। ਸੈਮੇਟਿਕ ਭਾਸ਼ਾ ਪਰਿਵਾਰ ਦੇ ਇਸ ਸ਼ਬਦ ਦੇ ਅੱਗੇ ਪਿੱਛੇ ਹੋਰ ਵੀ ਕਈ ਸ਼ਬਦ ਹਨ ਜੋ ਅਰਬੀ-ਫ਼ਾਰਸੀ ਦੇ ਹਨ।

ਇਹ ਅਸਲ ਵਿਚ 'ਸ਼ਰਫ਼' ਤੋਂ ਬਣਿਆ ਹੈ-ਜਿਸ ਦਾ ਅਰਥ ਹੈ, ਸ੍ਰੇਸ਼ਟ, ਉੱਚ, ਕੁਲੀਨ। ਸ਼ਰੀਫ਼ ਦਾ ਅਰਥ ਇਮਾਨਦਾਰ, ਸੱਜਣ ਪੁਰਸ਼ ਵੀ ਹੈ। ਏਸੇ ਤੋਂ ਬਣਿਆ-ਸ਼ਰਾਫ਼ਤ-ਇਮਾਨਦਾਰੀ, ਕੁਲੀਨਤਾ, ਉੱਚਤਾ ਆਦਿ। ਮੁਸ਼ਰਫ਼ ਵੀ ਏਸੇ ਕੜੀ ਦਾ ਸ਼ਬਦ ਹੈ, ਜਿਸ ਦਾ ਅਰਥ ਹੈ : ਸਨਮਾਨਯੋਗ, ਕੁਲੀਨ, ਉੱਚ। ਉਂਜ ਅਸ਼ਰਫ਼ ਸ਼ਬਦ ਫ਼ਾਰਸੀ ਮੂਲ ਦਾ ਹੈ ਪਰ ਅਵੇਸਤਾ ਦੇ 'ਅਸ਼ਰ' ਤੋਂ ਵੀ ਇਹਦੀ ਵਿਉਤਪਤੀ ਮੰਨੀ ਜਾਂਦੀ ਹੈ। ਜਿਸ ਦਾ ਅਰਥ ਹੈ-ਪਰਮ, ਸ਼ੁਧ, ਸੱਚਾ। ਸ਼ਰਫ਼ ਤੋਂ ਬਣੇ ਅਸ਼ਰਫ਼ ਤੇ ਮੁਸ਼ਰਫ਼ ਜੋ ਵਿਅਕਤੀਗਤ ਨਾਂ ਹਨ। ਅਸ਼ਰਫ਼ੀ ਲਾਲ ਵਰਗੇ ਵਿਅਕਤੀਗਤ ਨਾਂ ਵੀ ਇਸ ਤੋਂ ਪ੍ਰਚਲਤ ਹਨ। ਈਸਾ ਪੂਰਵ ਤੋਂ ਲੈ ਕੇ ਈਸਾ ਤੋਂ ਬਾਅਦ ਚੌਥੀ ਪੰਜਵੀਂ ਸਦੀ ਤਕ ਰੋਮਨ ਸਾਮਰਾਜ ਦੇ ਭਾਰਤ ਨਾਲ ਕਾਰੋਬਾਰੀ ਰਿਸ਼ਤੇ ਰਹੇ ਹਨ। ਭਾਰਤ ਦੇ ਪੱਛਮੀ ਸਮੁੰਦਰੀ ਤੱਟ ਰਾਹੀਂ ਇਹ ਕਾਰੋਬਾਰ ਚਲਦਾ ਰਿਹਾ।

ਭਾਰਤੀ ਮਾਲ ਦੇ ਬਦਲੇ ਰੋਮਨ ਆਪਣੀ ਸੋਨ ਮੁਦਰਾ 'ਦਿਨਾਰਿਅਸ' ਵਿਚ ਭੁਗਤਾਨ ਕਰਦੇ ਸਨ। ਇਹ ਵਪਾਰ ਲੰਬਾ ਸਮਾਂ ਰਿਹਾ ਤੇ ਦਿਨਾਰ ਦੀ ਸਰਦਾਰੀ ਵੀ ਕਾਇਮ ਰਹੀ। ਗਰੈਕੋ-ਰੋਮਨ ਦਿਨਾਰ ਉਂਜ ਤਾਂ ਸੋਨ ਮੁਦਰਾ ਸੀ ਪਰ ਉਹਦੇ ਵਿਚ ਪੰਝੀ ਪ੍ਰਤੀਸ਼ਤ ਚਾਂਦੀ ਵੀ ਹੁੰਦੀ ਸੀ। ਦਿਨਾਰ ਅੱਜ ਵੀ ਕਈ ਮੁਲਕਾਂ ਦੀ ਕਰੰਸੀ ਹੈ। ਜ਼ਿਆਦਾਤਰ ਅਰਬੀ ਮੁਲਕਾਂ ਵਿਚ ਇਹਦਾ ਚਲਣ ਹੈ। ਅੱਜ ਇਹ ਧਾਤ ਦੀ ਬਜਾਏ ਕਾਗ਼ਜ਼ੀ ਮੁਦਰਾ ਦੇ ਰੂਪ ਵਿਚ ਮਿਲਦੀ ਹੈ। ਇਹੀ ਨਹੀਂ ਅਰਬ ਮੁਲਕਾਂ ਦਾ ਦਿਨਾਰ ਸਰਬੀਆ, ਯੁਗੋਸਲਾਵੀਆ, ਬੋਸਨੀਆ ਹਰਜੇਗਵਿਨਾ, ਅਲਜੀਰੀਆ, ਯਮਨ, ਟਿਊਨੇਸ਼ੀਆ, ਸੁਡਾਨ ਅਤੇ ਮੋਂਟੇਨੇਗਰੋ ਦੇਸ਼ਾਂ ਵਿਚ ਸਰਕਾਰੀ ਮੁਦਰਾ ਹੈ। •



**ਪਰਮਜੀਤ ਢੀਂਗਰਾ**
ਮੋਬਾਈਲ : 94173-58120

# ਬਹੁ ਵਿਧਾਵੀ ਲੇਖਕ ਗੁਰਦਿਆਲ ਦਲਾਲ



**ਕੁਲਦੀਪ ਸਿੰਘ ਬੰਗੀ**
ਮੋਬਾਈਲ : 94174-07778

*ਗੁਰਦਿਆਲ ਦਲਾਲ ਨੂੰ ਜਿੱਥੇ ਪਾਠਕਾਂ ਦਾ ਰੱਜਵਾਂ ਹਾਂ ਪੱਖੀ ਹੁੰਗਾਰਾ ਤੇ ਪਿਆਰ ਮਿਲਿਆ ਹੈ ਓਥੇ ਹੀ ਕਈ ਸਾਹਿਤ ਸਭਾਵਾਂ ਨੇ ਉਸ ਨੂੰ ਮਾਣ-ਸਨਮਾਨਾਂ ਨਾਲ ਨਿਵਾਜ਼ਿਆ ਹੈ...*

ਗੁਰਦਿਆਲ ਦਲਾਲ ਦਾ ਜਨਮ ਆਪਣੇ ਨਾਨਕੇ ਘਰ 2 ਮਈ 1946 ਨੂੰ ਪਿੰਡ ਰਾਏਪੁਰ ਜ਼ਿਲ੍ਹਾ ਰੋਪੜ ਵਿਖੇ ਪਿਤਾ ਅਨੰਤ ਰਾਮ ਤੇ ਮਾਤਾ ਹੁਕਮ ਦੇਵੀ ਦੇ ਘਰ ਹੋਇਆ, ਦਲਾਲ ਦੀ ਜ਼ਿੰਦਗੀ ਦੀ ਸ਼ੁਰੂਆਤ ਹੋਣ ਤੋਂ ਪਹਿਲਾਂ ਹੀ ਉਸ ਦੇ ਇਮਤਿਹਾਨ ਸ਼ੁਰੂ ਹੋ ਗਏ ਸਨ। ਉਸ ਦੇ ਜਨਮ ਤੋਂ ਲਗਪਗ ਇਕ ਮਹੀਨਾ ਪਹਿਲਾਂ ਅਚਾਨਕ ਉਸ ਦੇ ਪਿਤਾ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ। ਜਿਸ ਕਾਰਨ ਚਾਰ ਭਰਾਵਾਂ ਚੋਂ ਸਭ ਤੋਂ ਛੋਟੇ ਗੁਰਦਿਆਲ ਨੂੰ ਆਪਣੇ ਪਿਤਾ ਦਾ ਜੱਦੀ ਪਿੰਡ ਹਫਜ਼ਾਬਾਦ, ਜ਼ਿਲ੍ਹਾ ਰੋਪੜ ਵੀ ਵੇਖਣਾ ਨਸੀਬ ਨਹੀਂ ਹੋਇਆ। ਗ਼ਰੀਬ ਅਤੇ ਕਿਰਤੀ ਪਰਿਵਾਰ ਦੇ ਇਨ੍ਹਾਂ ਬੱਚਿਆਂ ਦਾ ਬਚਪਨ ਪਿਤਾ ਤੋਂ ਵਿਰਵੇ ਹੋਣ ਕਰਕੇ ਖੁੜ੍ਹਾਂ ਟੁੱਟਾਂ ਅਤੇ ਤੰਗੀਆਂ-ਤੁਰਸ਼ੀਆਂ ਵਿਚ ਗੁਜ਼ਰਿਆ। ਮਾਂ ਦੇ ਸਿਰੜ ਅਤੇ ਮਾਮਾ ਅਮੀ ਚੰਦ ਦੀ ਛਤਰ ਛਾਇਆ ਹੇਠ ਭਾਰੀ ਮੁਸ਼ਕਿਲਾਂ ਨਾਲ ਜੂਝਦੇ ਹੋਏ ਰੁਲਦਿਆਂ-ਖੁਲਦਿਆਂ ਦਲਾਲ ਨੇ ਆਪਣੀ ਪੜ੍ਹਾਈ ਜਾਰੀ ਰੱਖੀ ਤੇ ਐੱਮ ਐੱਸੀ (ਮੈਥ) ਬੀਐੱਡ ਕਰ ਕੇ ਸਰਕਾਰੀ ਅਧਿਆਪਕ ਲਗ ਗਿਆ। 31 ਮਈ 2004 ਨੂੰ ਬਤੌਰ ਪ੍ਰਿੰਸੀਪਲ ਦੁਰਾਹੇ ਤੋਂ ਰਿਟਾਇਰ ਹੋਇਆ ਅਤੇ ਦੁਰਾਹੇ ਦਾ ਹੀ ਪੱਕਾ ਵਸਨੀਕ ਬਣ ਗਿਆ। ਉਨ੍ਹਾਂ ਦੀ ਧਰਮ ਪਤਨੀ ਇਕਬਾਲ ਵੀ ਲੈਕਚਰਾਰ ਪੰਜਾਬੀ ਰਿਟਾਇਰ ਹੋਈ। ਪੁੱਤਰ ਅਤੇ ਨੂੰਹ ਵੀ ਸਿੱਖਿਆ ਵਿਭਾਗ ਵਿਚ ਸੇਵਾ ਨਿਭਾ ਰਹੇ ਹਨ ਜਦ ਕੇ ਬੇਟੀ ਅਸਟ੍ਰੇਲੀਆ ਇਕ ਕੰਪਨੀ ਵਿਚ ਬਤੌਰ ਮੈਨੇਜਰ ਕੰਮ ਕਰ ਰਹੀ ਹੈ।

ਗੁਰਦਿਆਲ ਦਲਾਲ ਦੇ ਦੱਸਣ ਅਨੁਸਾਰ ਸਾਹਿਤਕ ਖੇਤਰ ਵਿਚ ਅਨੰਤ ਰਾਮ ਉਸ ਦੀ ਪਹਿਲੀ ਹਾਜ਼ਰੀ ਗੌਰਮਿੰਟ ਕਾਲਜ ਰੋਪੜ ਦੇ ਮੈਗਜ਼ੀਨ ਵਿਚ ਦੋ ਕਵਿਤਾਵਾਂ ਦੇ ਰੂਪ ਵਿਚ ਲੱਗੀ ਫਿਰ ਵਿਆਹ ਤੋਂ ਬਾਅਦ ਆਪਣੀ ਸੱਸ ਦੇ ਨਾਲ ਉਨ੍ਹਾਂ ਦੇ ਧਰਮ ਭਰਾ ਹਮਦਰਦਵੀਰ ਨੌਸ਼ਹਿਰਵੀ ਕੋਲ ਰੱਖੜੀ ਵਾਲੇ ਦਿਨ ਗਏ ਤਾਂ ਉਨ੍ਹਾਂ ਦੇ ਘਰ ਬਹੁਤ ਸਾਰੀਆਂ ਕਿਤਾਬਾਂ ਵੇਖ ਉਹ ਉਤਸ਼ਾਹਿਤ ਹੋਇਆ ਉਨ੍ਹਾਂ ਦਲਾਲ ਨੂੰ ਐਸਾ ਸਾਹਿਤਕ ਅਸ਼ੀਰਵਾਦ ਦਿੱਤਾ ਕੇ ਦਲਾਲ ਦਾ ਸਾਹਿਤਕ ਸਫ਼ਰ ਸ਼ੁਰੂ ਹੋ ਗਿਆ। ਉਸ ਦੇ ਸਾਰੇ ਸੰਗੀ ਸਾਥੀ, ਸਾਹਿਤਕ ਖੇਤਰ ਨਾਲ ਜੁੜੇ ਹੋਏ ਬਣ ਗਏ ਸ਼ੁਰੂ ਸ਼ੁਰੂ ਵਿਚ ਭਨੋਟ, ਹਰਬੰਸ ਰਾਮਪੁਰੀ, ਸੁਰਿੰਦਰ ਰਾਮਪੁਰੀ, ਨੇ 'ਕੱਠਿਆਂ ਕਹਾਣੀ ਲਿਖਣੀ ਸ਼ੁਰੂ ਕੀਤੀ। ਫਿਰ ਹੌਲੀ ਹੌਲੀ ਉਨ੍ਹਾਂ ਦੀ ਕੁਰੈਸ਼ੀ ਜੀ ਤੋਂ ਇਲਾਵਾ ਸੰਤੋਖ ਸਿੰਘ ਧੀਰ ਅਤੇ ਗੁਰਸ਼ਰਨ ਭਾਅ ਜੀ ਦੇ ਨਾਲ ਕਾਫੀ ਸਾਹਿਤਕ ਨੇੜਤਾ ਵਧ ਗਈ ਜਿਸ ਦਾ ਨਤੀਜਾ ਅੱਜ ਸਾਡੇ ਸਾਹਮਣੇ ਹੈ। ਗੁਰਦਿਆਲ ਦਲਾਲ ਸਾਹਿਤ ਸਭਾ ਰਾਮਪੁਰ ਤੋਂ ਇਲਾਵਾ ਸਾਹਿਤ ਸਭਾ ਮਾਛੀਵਾੜਾ ਦਾ ਵੀ ਪ੍ਰਧਾਨ ਰਿਹਾ, ਸਾਹਿਤ ਸਭਾ ਖੰਨਾ ਦਾ ਮੀਤ ਪ੍ਰਧਾਨ ਅਤੇ ਨਵਰੰਗ ਕਲਾ ਮੰਚ (ਦੁਰਾਹਾ) ਦਾ ਪ੍ਰਧਾਨ ਹੈ। ਗੁਰਦਿਆਲ ਦਲਾਲ ਸਮਾਜ ਹਤੈਸ਼ੀ ਲੇਖਕ ਹੈ, ਉਸ ਨੇ ਕਹਾਣੀ ਸੰਗ੍ਰਹਿ, ਵਿਅੰਗ, ਨਾਵਲ, ਸਵੈ-ਜੀਵਨੀ ਅਤੇ ਗ਼ਜ਼ਲ ਆਦਿ ਵਿਧਾਵਾਂ ਵਿਚ ਲਿਖਿਆ ਅਤੇ ਪਾਠਕਾਂ ਦੀ ਕਸਵੱਟੀ 'ਤੇ ਹਮੇਸ਼ਾਂ ਖਰਾ ਉਤਰਿਆ, ਉਸ ਦੀ ਹਰ ਲਿਖਤ ਸਮਾਜਿਕ, ਰਾਜਨੀਤਿਕ, ਆਰਥਿਕ ਮੁੱਦੇ ਉਸਾਰਨ ਦਾ ਵਸੀਲਾ ਬਣੀ ਹੈ। ਉਸ ਦੇ ਕੁਝ ਸ਼ਿਅਰ ਪਾਠਕਾਂ ਦੀ ਨਜ਼ਰ ਕਰ ਰਿਹਾ ਹਾਂ..

*ਪਲਾਂ ਵਿਚ ਲੁਟ ਲਏ ਸਭ ਨੋਟ ਉਸ ਨੇ ਇਕ ਇਸ਼ਾਰੇ ਤੇ।*
*ਟਿਕੇਗਾ ਹੁਣ ਘਰਾਂ ਦਾ ਅਰਥਚਾਰਾ ਕਿਸ ਸਹਾਰੇ ਤੇ।*
*ਮਿਟਊਂਦੀ ਰੇਤ ਤੋਂ ਅੱਖਰ ਗਈ ਇਕ ਛੱਲ ਪਾਣੀ ਦੀ,*
*ਅਸੀਂ ਇਤਿਹਾਸ ਲਿਖਦੇ ਸੀ ਜਦੋਂ ਸਾਗਰ ਕਿਨਾਰੇ ਤੇ।*

ਗੁਰਦਿਆਲ ਦਲਾਲ ਸਾਹਿਤ ਜਗਤ ਦੀ ਝੋਲੀ ਹੁਣ ਤਕ 16 ਕਿਤਾਬਾਂ ਪਾ ਚੁੱਕਾ ਹੈ। ਜਿਸ ਵਿਚ ਸਭ ਤੋਂ ਪਹਿਲਾਂ 1983 ਵਿਚ ਬੁੱਢੇ ਦਰਿਆ ਦੀ ਲਹਿਰ (ਕਹਾਣੀ ਸੰਗ੍ਰਹਿ), 1985 ਫਰਿੱਜ ਵਿਕਾਊ ਹੈ (ਵਿਅੰਗ ਸੰਗ੍ਰਹਿ), 1987 ਅੱਗ ਅਜੇ ਸੁਲਗਦੀ ਹੈ (ਸੰਪਾਦਤ ਕਹਾਣੀ ਸੰਗ੍ਰਹਿ), 1996 ਦਹਿਸ਼ਤਗਰਦ (ਕਹਾਣੀ ਸੰਗ੍ਰਹਿ), 2003 ਰਿਵੀ ਤੇ ਲੂਅ ( ਮਿੰਨੀ ਕਹਾਣੀ ਸੰਗ੍ਰਹਿ), 2006 ਪਲ ਪਲ ਬਦਲਦਾ ਮੌਸਮ (ਕਹਾਣੀ ਸੰਗ੍ਰਹਿ), 2006 ਛਾਤੀ ਅੰਦਰਲੀ ਥੇਹ (ਸਵੈ-ਜੀਵਨੀ), 2008 ਅੰਨੀ ਗਲੀ ਦਾ ਮੋੜ (ਕਹਾਣੀ ਸੰਗ੍ਰਹਿ), 2011 ਫ਼ਿਰੌਤੀ (ਕਹਾਣੀ ਸੰਗ੍ਰਹਿ), 2012 ਕਿੱਥੇ ਕਿੱਥੇ ਪੀੜ ਅਜੇ (ਗ਼ਜ਼ਲ ਸੰਗ੍ਰਹਿ), 2013 ਪੈੜਾਂ (ਨਾਵਲ), 2014 ਜਿੱਲਣ (ਕਹਾਣੀ ਸੰਗ੍ਰਹਿ), 2015 ਸੁਪਨਿਆਂ ਦੀ ਸੇਜ (ਗ਼ਜ਼ਲ ਸੰਗ੍ਰਹਿ), 2016 ਨਕਸ਼ ਨੁਹਾਰ (ਯਾਦਾਂ ਦੀ ਪਟਾਰੀ) 2016 ਮਨ ਮਸਤਕ ਦੀ ਲੀਲਾ (ਗ਼ਜ਼ਲ ਸੰਗ੍ਰਹਿ) ਤੇ 2017 ਡੁੱਬ (ਗ਼ਜ਼ਲ ਸੰਗ੍ਰਹਿ) ਸ਼ਾਮਲ ਹਨ। ਉਸ ਦੀਆਂ ਅਨੇਕਾਂ ਕਹਾਣੀਆਂ ਤੇ ਟੈਲੀ ਫਿਲਮਾਂ ਤੇ ਨਾਟਕ ਸਿਰਫ਼ ਪੰਜਾਬ ਜਾਂ ਭਾਰਤ ਵਿਚ ਹੀ ਨਹੀਂ ਅਸਟ੍ਰੇਲੀਆ, ਕਨੇਡਾ ਆਦਿ ਬਾਹਰੀ ਮੁਲਕਾਂ ਵਿਚ ਵੀ ਖੇਡੇ ਅਤੇ ਵੇਖੇ ਜਾ ਰਹੇ ਹਨ। ਜਿਨ੍ਹਾਂ ਵਿਚ ਅੰਨੀ ਗਲੀ ਦਾ ਮੋੜ, ਰਾਮ ਕ੍ਰਿਸ਼ਨ ਦਾ ਸੇਬ, ਤੌਲੀਆ, ਬਲਡੋਜ਼ਰ, ਸੇਵਾ, ਪੁਨਰ ਜਨਮ, ਦਾਨ ਪੁੰਨ ਆਦਿ ਨਾਂ ਜ਼ਿਕਰਯੋਗ ਹਨ।



ਬਹੁ ਵਿਧਾਵੀ ਲੇਖਕ ਗੁਰਦਿਆਲ ਦਲਾਲ ਨੂੰ ਜਿੱਥੇ ਪਾਠਕਾਂ ਦਾ ਰੱਜਵਾਂ ਹਾਂ ਪੱਖੀ ਹੁੰਗਾਰਾ ਅਤੇ ਪਿਆਰ ਮਿਲਿਆ ਹੈ ਓਥੇ ਦਰਜਨਾਂ ਹੀ ਸਾਹਿਤਕ ਸਭਾਵਾਂ ਨੇ ਉਸ ਨੂੰ ਵੱਖ-ਵੱਖ ਤਰ੍ਹਾਂ ਦੇ ਮਾਣ-ਸਨਮਾਨਾਂ ਨਾਲ ਨਿਵਾਜ਼ਿਆ ਜਿਸ ਵਿਚ ਪਲਸ ਮੰਚ ਵੱਲੋਂ 1993 ਦਾ ਕਹਾਣੀਕਾਰ ਅਵਾਰਡ, ਸਾਕਰ ਪੁਰਸਾਰਥੀ ਪੁਰਸਕਾਰ, ਪਹਿਲਾ ਕਹਾਣੀ ਪੁਰਸਕਾਰ, ਕਰਨਲ ਨਰੈਣ ਸਿੰਘ ਭੱਠਲ ਪੁਰਸਕਾਰ ਬਰਨਾਲਾ, ਪੰਜਾਬੀ ਸੱਥ ਬਰਵਾਲੀ, ਪੰਜਾਬੀ ਸਾਹਿਤ ਸਭਾ ਅਮਲੋਹ, ਜ਼ਿਲ੍ਹਾ ਲਿਖਾਰੀ ਸਭਾ ਰੂਪ ਨਗਰ ਆਦਿ ਅਨੇਕਾਂ ਨਾਂ ਜ਼ਿਕਰ ਯੋਗ ਹਨ ਤੇ ਵਿਸ਼ੇਸ਼ ਰੂਪ 'ਚ ਗੁਰਸ਼ਰਨ ਭਾਅ ਜੀ ਵੱਲੋਂ ਉਸ ਦਾ ਨਾਟਕ ਤੌਲੀਆ ਖੇਡਣਾ ਅਤੇ 1991 ਵਿਚ ਪੰਜਾਬ ਦਾ ਇਕ ਨੰਬਰ ਦਾ ਕਹਾਣੀਕਾਰ ਕਹਿ ਕੇ ਜਲੰਧਰ ਦੇ ਭਰਵੇਂ ਸਹਿਤਕ ਸਮਾਗਮ ਵਡਿਆਉਣਾ ਉਸ ਲਈ ਮਾਣ ਵਾਲੀ ਗੱਲ ਹੈ।

ਅੱਜ ਅਨੇਕਾਂ ਹੀ ਵਿਦਿਆਰਥੀ ਉਸ ਦੁਆਰਾ ਰਚਿਤ ਵਿਸ਼ਿਆਂ ਤੇ ਐੱਮਫਿਲ ਅਤੇ ਪੀਐੱਚਡੀ ਕਰ ਤੇ ਕਰ ਚੁੱਕੇ ਹਨ। ਪਰ ਉਹ ਆਪਣੇ ਆਪ ਨੂੰ ਅੱਜ ਵੀ ਇਕ ਸਿਖਾਂਦਰੂ ਦੇ ਰੂਪ ਵਿਚ ਵੇਖਦੇ ਹਨ। ਜਲਦ ਹੀ ਉਸ ਦਾ ਨਵਾਂ ਨਾਵਲ ਪਾਠਕਾਂ ਦੀ ਝੋਲੀ ਹੋਵੇਗਾ। ਉਨ੍ਹਾਂ ਦੇ ਲਿਖਣ ਕਾਰਜ ਨਿਰੰਤਰ ਜਾਰੀ ਹੈ। •

## ਗ਼ਜ਼ਲਾਂ

ਲਿਆਏ ਤੋਹਫ਼ੇ ਅਪਣੀ ਜਾਨ ਦੇ ਨੇ।
ਪਤੰਗੇ ਤੇਰੇ ਸ਼ਮ੍ਹਾਦਾਨ ਦੇ ਨੇ।

ਪਰਸਪਰ ਪਿਆਰ ਦਾ ਸੰਦੇਸ਼ ਦੇਂਦੇ,
ਜੋ ਸੁਰ ਤੇਰੇ ਮੇਰੇ ਸਹਿਗਾਨ ਦੇ ਨੇ।

ਕੋਈ ਫ਼ਰਿਆਦ ਲੈ ਏਧਰ ਨਾ ਆਵੇ,
ਇਸ਼ਾਰੇ ਮਹਿਲ ਦੇ ਦਰਬਾਨ ਦੇ ਨੇ।

ਮੈਂ ਇਹਨਾਂ ਦਾ ਬੜਾ ਮਸ਼ਕੂਰ ਹੁੰਦਾਂ,
ਜਦੋਂ ਇਹ ਗ਼ਮ ਮੈਨੂੰ ਸਨਮਾਨ ਦੇ ਨੇ।

ਸ੍ਰਿਸ਼ਟੀ ਵਿਚ ਜਿੰਨੇ ਰੰਗ ਦਿਸਦੇ,
ਇਹੀ ਸਭ ਰੰਗ ਮੇਰੇ ਅਰਮਾਨ ਦੇ ਨੇ।

ਲਗਾਵਾਂ ਗਾ ਮੈਂ ਹਰ ਇਕ ਬੇੜੀ ਬੰਨੇ,
ਇਹ ਵਾਅਦੇ ਆਪਣੇ ਤੂਫ਼ਾਨ ਦੇ ਨੇ।

ਗਲੋਰੀ ਬਣ ਨਹੀ ਸਕਦੇ, ਕਦੇ ਵੀ,
ਇਹ ਜਿਹੜੇ ਸੁੱਕੇ ਪੱਤੇ ਪਾਨ ਦੇ।

ਭਰਿਸ਼ਟਾਚਾਰ ਰਿਸ਼ਵਤ ਬੇਈਮਾਨ,
ਇਹ ਤਮਗੇ ਤਾਂ ਸਿਆਸਤਦਾਨ ਦੇ ਨੇ।

ਨਹੀ ਮਿਲਦੀ ਉਹਨਾਂ ਨੂੰ ਭੀਖ ਵੀ ਹੁਣ,
ਜੋ ਜੇਤੂ ਜੰਗ ਦੇ ਮੈਦਾਨ ਦੇ ਨੇ।

ਮੈਂ ਘਰ ਦੀ ਕੱਢੀ ਹੀ ਪੀਣੀ ਹੈ 'ਪੰਛੀ',
ਅਜਬ ਨਖ਼ਰੇ ਮੇਰੇ ਮਹਿਮਾਨ ਦੇ ਨੇ।



• **ਸਰਦਾਰ ਪੰਛੀ**
ਮੋਬਾਈਲ : 94170-91668

ਇਕ ਜਾਦੂਈ ਵਿਸ਼ਵਾਸ ਵਿਚ ਆਪਾਂ ਬੁਰੇ ਫਸੇ।
ਅੱਛੇ ਦਿਨਾਂ ਦੀ ਆਸ ਵਿਚ ਆਪਾਂ ਬੁਰੇ ਫਸੇ।

ਬਘਿਆੜ ਮੂੰਹੋਂ ਬਚਣ ਲਈ, ਸੱਦ ਬੈਠੇ ਮਗਰਮੱਛ,
ਸਵਤੰਤਰੀ-ਪਰਿਆਸ ਵਿਚ ਆਪਾਂ ਬੁਰੇ ਫਸੇ।

ਅਹਿਸਾਸ ਜੋ ਕਰਵਾਇਆ ਸੀ, ਅਹਿਸਾਸ ਸੀ ਗ਼ਲਤ,
ਇਕ ਤਿਲਸਮੀ-ਅਹਿਸਾਸ ਵਿਚ ਆਪਾਂ ਬੁਰੇ ਫਸੇ।

ਮੰਗੀਆਂ ਅਸਾਂ ਨੇ ਰੋਟੀਆਂ, ਖੁੱਸੀਆਂ ਲੰਗੋਟੀਆਂ,
ਇਕ ਮਿਰਗ-ਤ੍ਰਿਸ਼ਨੀ ਪਿਆਸ ਵਿਚ ਆਪਾਂ ਬੁਰੇ ਫਸੇ।

ਉਹ ਰੋਣ ਨਾ ਦਿੰਦੇ ਸੀ, ਇਹ ਖੰਘਣ ਵੀ ਦੇਣ ਨਾ,
ਪਰਿਵਰਨੀ-ਅਭਿਆਸ ਵਿਚ ਆਪਾਂ ਬੁਰੇ ਫਸੇ।

ਕੀਤਾ ਨਾ ਅਪਣੇ ਆਪ 'ਤੇ, ਨਾ ਆਪ 'ਤੇ ਯਕੀਨ,
ਇਕ ਅਜਨਬੀ-ਵਿਸ਼ਵਾਸ ਵਿਚ ਆਪਾਂ ਬੁਰੇ ਫਸੇ।

ਦਾਣੇ ਵਿਖਾ ਕੇ ਫਾਹ ਲਿਆ, ਦਾਣੇ ਵੀ ਹੂੰਝ ਲਏ,
ਫਾਹੀਗਰਾਂ ਦੀ ਫਾਸ ਵਿਚ ਆਪਾਂ ਬੁਰੇ ਫਸੇ।

ਹੁਣ ਗੈਸ ਤੇ ਪੈਟਰੋਲ ਨੂੰ, ਹੱਥ ਲਾਇਆਂ ਹੱਥ ਸੜੂ,
ਇਕ ਨਿੱਘ ਦੇ ਅਹਿਸਾਸ ਵਿਚ ਆਪਾਂ ਬੁਰੇ ਫਸੇ।

ਸਾਨੂੰ ਤਾਂ ਅਪਣੇ ਹੱਕ ਵੀ ਮੰਗਿਆਂ ਨਹੀਂ ਮਿਲੇ,
'ਸੰਤਾਲੀ' ਤੋਂ ਅਰਦਾਸ ਵਿਚ ਆਪਾਂ ਬੁਰੇ ਫਸੇ।

ਬੇਗਾਨਿਆਂ ਤੋਂ ਵੀ ਬੁਰੀ ਕੀਤੀ ਹੈ ਅਪਣਿਆਂ,
ਅਪਣੱਤ ਦੇ ਅਹਿਸਾਸ ਵਿਚ ਆਪਾਂ ਬੁਰੇ ਫਸੇ।

ਰੱਖਿਆ ਦਾ ਦੇ ਧਰਵਾਸ ਉਸ, ਕੀਤੀ ਨਸਲ-ਕੁਸ਼ੀ,
ਉਫ਼! ਖ਼ੁਦਕੁਸ਼ੀ-ਧਰਵਾਸ ਵਿਚ ਆਪਾਂ ਬੁਰੇ ਫਸੇ।

ਤਿਆਗੀ ਹੀ 'ਸੰਧੂ' ਪਿੰਡ ਦੀਆਂ ਇਜ਼ਤਾਂ ਲੈ ਉੱਡਿਆ,
ਸਨਿਆਸੀ ਦੇ ਸਨਿਆਸ ਵਿਚ ਆਪਾਂ ਬੁਰੇ ਫਸੇ।



• **ਅਮਰਜੀਤ ਸਿੰਘ ਸੰਧੂ**, ਮੋਬਾਈਲ : 94636-13528

ਚਮੁਖੀਏ ਵਾਂਗ ਚੁਰਾਹੇ 'ਚ ਬਾਲ ਦੇ ਬੇਸ਼ੱਕ।
ਦਿਆਲ ਹੋਇਐਂ ਤਾਂ ਰੌਸ਼ਨ ਖ਼ਿਆਲ ਦੇ ਬੇਸ਼ੱਕ।

ਕਿਸੇ ਵੀ ਹਾਲ 'ਚ ਪਾਵੀਂ ਨ ਜੂਨ ਪੱਥਰ ਦੀ,
ਤੂੰ ਮੇਰਾ, ਹੋਂਦ 'ਚ ਆਉਣਾ ਹੀ ਟਾਲ ਦੇ ਬੇਸ਼ੱਕ।

ਤਿਰੀ ਤਲਾਸ਼ ਹੀ ਮਕਸਦ ਰਹੇ ਨ ਜੀਵਨ ਦਾ,
ਇਦ੍ਹੋਂ ਅਗਾਹਾਂ ਵੀ ਹੋਵੇ ਜੇ ਭਾਲ, ਦੇ ਬੇਸ਼ੱਕ।

ਕਿਸੇ ਦੇ ਤੜਫਦੇ ਬੁੱਲਾਂ ਨੂੰ ਦੇ ਸਕਾਂ ਹਾਸਾ,
ਜੇ ਮੈਨੂੰ ਦੇ ਸਕੇਂ ਐਸਾ ਕਮਾਲ ਦੇ ਬੇਸ਼ੱਕ।

ਮੈਂ ਅਪਣੀ ਹੋਂਦ ਦਾ ਅਹਿਸਾਸ ਮਾਣਨਾਂ ਚਾਹੁੰਨਾਂ,
ਭਲੇ ਹੀ ਮੈਨੂੰ ਤੂੰ ਝਰਨੇ 'ਚ ਢਾਲ ਦੇ ਬੇਸ਼ੱਕ।

ਬਗ਼ੈਰ ਢਾਲ ਦੇ, ਦਰਿਆ ਦੀ ਜ਼ਿੰਦਗੀ ਕਿੱਥੇ,
ਤੂੰ ਬਹੁਤੀ ਨਾ ਸਹੀ, ਥੋੜ੍ਹੀ ਕੁ ਢਾਲ ਦੇ ਬੇਸ਼ੱਕ।

ਬਗ਼ੈਰ ਤਾਲ ਦੇ ਕੋਈ ਗ਼ਜ਼ਲ ਨਹੀਂ ਹੁੰਦੀ,
ਸਮਝਦੈਂ 'ਦੀਪ' ਜੇ ਸ਼ਬਦਾਂ ਨੂੰ ਤਾਲ ਦੇ ਬੇਸ਼ੱਕ।



• **ਗੁਰਦੀਪ ਭਾਟੀਆ**, ਮੋਬਾਈਲ :94648-89046

## ਮਿੰਨੀ ਕਹਾਣੀ

• ਮਾ. ਬੀਰਪਾਲ ਸਿੰਘ ਅਲਬੇਲਾ



# ਮਾਪੇ

ਬਿਰਧ ਆਸ਼ਰਮ ਵਿਚ ਅੱਜ ਵਿਰਧ ਜੋੜੇ ਦਾ ਤੀਸਰਾ ਸਾਲ ਸੀ। ਉਸ ਦਾ ਇੱਕੋ-ਇਕ ਪੁੱਤ ਬੈਂਕ ਮੈਨੇਜਰ ਸਰਵਣ ਸਿੰਘ ਉਨ੍ਹਾਂ 'ਤੇ ਸ਼ਬਦਾਂ ਦੇ ਤੀਰ ਕੱਸਦਾ ਰਹਿੰਦਾ ਕਿ ਮੇਰੀ ਕੋਠੀ ਵਿਚ ਵੱਡੇ ਵੱਡੇ ਬੰਦੇ ਆਉਂਦੇ ਨੇ। ਤੁਸੀਂ ਠਹਿਰੇ ਪੁਰਾਣੇ ਖਿਆਲਾਂ ਵਾਲੇ। ਜਿਸ ਨੂੰ ਵੇਖ ਸਾਨੂੰ ਡਾਢੀ ਹੀ ਬੇਇੱਜ਼ਤੀ ਮਹਿਸੂਸ ਹੁੰਦੀ ਹੈ। ਸਾਡੇ ਬੱਚਿਆਂ ਦੇ ਵੀ ਜਮਾਤੀ ਆਉਂਦੇ ਹਨ। ਅਸੀਂ ਕੱਲ੍ਹ ਨੂੰ ਆਪਣੇ ਨਿਆਣੇ ਵੀ ਵਿਆਹੁਣੇ ਨੇ ਉਨ੍ਹਾਂ ਦਾ ਵੀ ਥੋੜੇ ਕੋਲੋਂ ਮਨ ਅੱਕਿਆ ਪਿਆ ਏ। ਉਨ੍ਹਾਂ ਕਰਕੇ ਘਰ ਵਿਚ ਰੋਜ਼ ਕਲੇਸ਼ ਹੋਣ ਲੱਗਾ ਜਿਸ ਤੋਂ ਤੰਗ ਆ ਕੇ ਉਹ ਘਰ ਦੇ ਨੇੜੇ ਹੀ ਬਣੇ ਬਿਰਧ ਆਸ਼ਰਮ ਵਿਚ ਚਲੇ ਗਏ। ਬਾਪੂ ਸ਼ਾਮ ਸਿੰਘ ਨੇ ਇਸ ਗੱਲ ਦਾ ਵਿਰੋਧ ਕੀਤਾ ਸੀ ਪਰ ਬੇਬੇ ਕਰਤਾਰੀ ਨੇ ਸ਼ਾਮ ਸਿੰਘ ਨੂੰ ਇਹ ਕਹਿਕੇ ਮਨਾ ਲਿਆ ਕਿ ਕੋਈ ਗੱਲ ਨਹੀਂ ਆਪਣਾ ਪੁੱਤ ਖ਼ੁਸ਼ ਰਹਿਣਾ ਚਾਹੀਦਾ ਹੈ।

ਆਪਾਂ ਨੂੰ ਤਾਂ ਚਾਰ ਰੋਟੀਆਂ ਚਾਹੀਦੀਆਂ ਨੇ ਬਿਰਧ ਆਸ਼ਰਮ ਵਿਚ ਖਾਈ ਜਾਵਾਂਗੇ। ਦੋ-ਚਾਰ ਪੜ੍ਹੇ ਸੀ ਉਹ। ਅਖ਼ਬਾਰ ਮਾੜਾ ਮੋਟਾ ਪੜ੍ਹ ਲੈਂਦੇ। ਬਿਰਧ ਆਸ਼ਰਮ ਦੀ ਵੀ ਆਪਣੀ ਹੀ ਦੁਨੀਆ ਹੁੰਦੀ ਹੈ। ਸਾਰੇ ਦੁਖੀ ਇੱਕੋ ਜਗਾ ਇਕੱਠੇ ਹੁੰਦੇ। ਜੋ ਇਕੱਠੇ ਹੋ ਕੇ ਇਕ ਦੂਜੇ ਨਾਲ ਦੁੱਖ ਸਾਂਝਾ ਕਰ ਆਪਣੇ ਦਿਲ ਦੇ ਭਾਰ ਨੂੰ ਹੌਲਾ ਕਰ ਲੈਂਦੇ। ਕਦੇ ਕਦੇ ਤਾਂ ਸ਼ਾਮ ਸਿੰਘ ਦਾ ਬਲੱਡ ਪ੍ਰੈਸ਼ਰ ਇੰਨਾਂ ਵਧ ਜਾਂਦਾ। ਉਹ ਪਿਆਰੀ ਨੂੰ ਕਹਿੰਦਾ ਕਿ ਦੇਖ ਆਪਾਂ ਸਰਵਣ ਭਗਤ ਦੇ ਨਾਂ ਤੇ ਆਪਣੇ ਪੁੱਤ ਦਾ ਨਾਂ ਸਰਵਣ ਰੱਖਿਆ ਸੀ ਕਿ ਉਹ ਉਸ ਵਾਂਗ ਸੇਵਾ ਕਰੂ। ਆ ਦੇਖ ਲੈ ਹੁੰਦੀ ਹੈ ਸੇਵਾ। ਪਿਆਰੀ ਹਮੇਸ਼ਾ ਹੀ ਉਸ ਨੂੰ ਹੌਸਲਾ ਦਿੰਦੀ ਕਿ ਚਲੋ ਛੱਡੋ ਜੀ ਆਪਾਂ ਸੁੱਖਾਂ ਸੁੱਖ ਕੇ ਲਿਆ ਸਰਵਣ ਅਸੀਸਾਂ ਦਿਆ ਕਰੋ।

ਜਵਾਨੀਆਂ ਮਾਣੇ ਮੇਰਾ ਪੁੱਤ। ਉਹ ਅੱਜ ਸਵੇਰੇ ਕੋਈ ਛੇ ਕੁ ਵਜੇ ਵਿਹੜੇ ਵਿਚ ਬੈਠੇ ਸਨ। ਬਾਹਰ ਰਿਕਸ਼ੇ ਵਾਲਾ ਅਨਾਊਂਸਮੈਂਟ ਕਰ ਰਿਹਾ ਸੀ ਕਿ ਭੈਣੋਂ ਤੇ ਵੀਰੋ ਆਪਣੇ ਗਵਾਂਢੀ ਸ਼ਹਿਰ ਦੇ ਵਿਚ ਰਹਿੰਦੇ ਨਾਮਵਰ ਸਰਵਣ ਸਿੰਘ ਬੈਂਕ ਮੈਨੇਜਰ ਦੇ ਘਰ ਦਾ ਵਧੀਆ ਨਸਲ ਦਾ ਕੁੱਤਾ ਗੁੰਮ ਹੋ ਗਿਆ ਹੈ। ਜਿਸ ਦੀ ਕੀਮਤ ਪੰਜਾਹ ਹਜ਼ਾਰ ਹੈ। ਜਿਸ ਕਿਸੇ ਨੂੰ ਵੀ ਮਿਲੇ ਤਾਂ ਉਹ ਮੈਨੇਜਰ ਸਾਹਿਬ ਦੇ ਘਰ ਪਹੁੰਚਾ ਦੇਵੇ। ਜੇ ਕਿਸੇ ਨੇ ਨਾ ਮੋੜਿਆ ਤਾਂ ਉਸ ਨੂੰ ਜੁਰਮਾਨਾ ਕੀਤਾ ਜਾਵੇਗਾ। ਉਸ ਦੀ ਆਵਾਜ਼ ਸੁਣਕੇ ਪਿਆਰੀ ਬੋਲੀ, 'ਹਾਏ ਮੈਂ ਮਰਜਾਂ, ਪੰਜਾਹ ਹਜ਼ਾਰ ਦਾ ਕੁੱਤਾ'। ਬਈ ਇੰਨਾਂ ਨੁਕਸਾਨ ਹੋ ਗਿਆ ਮੇਰੇ ਪੁੱਤ ਦਾ। ਜੀ ਤੁਸੀਂ ਜਦੋਂ ਸਵੇਰੇ ਘੁੰਮਣ ਜਾਂਦੇ ਹੋ ਤਾਂ ਨਿਗਾਹ ਮਾਰ ਲਿਓ, ਖ਼ਬਰੇ ਕਿਤੇ ਮਿਲ ਜਾਵੇ ਮੇਰੇ ਪੁੱਤ ਦਾ ਕੁੱਤਾ'। ਉਸ ਦੀ ਗੱਲ ਸੁਣ ਸ਼ਾਮ ਸਿੰਘ ਅੱਗ ਬਬੂਲਾ ਹੋ ਕੇ ਕਹਿਣ ਲੱਗਾ,'ਭਾਗਵਾਨੇ ਕੁਝ ਅਕਲ ਨੂੰ ਹੱਥ ਮਾਰ। ਉਸ ਨੂੰ ਆਪਣਾ ਪੰਜਾਹ ਹਜ਼ਾਰ ਦਾ ਕੁੱਤਾ ਤਾਂ ਦਿਸ ਗਿਆ।

ਜਿਹੜਾ ਦੋ ਦਿਨ ਪਹਿਲਾਂ ਘਰੋਂ ਗਿਆ। ਜਿਹੜੇ ਮਾਂ ਪਿਓ ਤਿੰਨ ਸਾਲ ਪਹਿਲਾਂ ਘਰੋਂ ਗਏ ਨੇ। ਉਹ ਨਹੀਂ ਦਿਸੇ ਉਸ ਨੂੰ ਜਿਨ੍ਹਾਂ ਮਾਪਿਆਂ ਦਾ ਕੋਈ ਮੁੱਲ ਹੀ ਨਹੀਂ। ਉਸ ਮਾਪਿਆਂ ਲਈ ਤਾਂ ਉਸ ਨੇ ਕਦੇ ਨਹੀਂ ਕਰਾਈ ਅਨਾਊਂਸਮੈਂਟ। ਸ਼ਾਮ ਸਿੰਘ ਦੀ ਘੂਰੀ ਨਾਲ ਪਿਆਰੀ ਇਸ ਤਰ੍ਹਾਂ ਸ਼ਾਂਤ ਹੋ ਗਈ ਜਿਵੇਂ ਉਸ ਨੂੰ ਸੱਪ ਸੁੰਘ ਗਿਆ ਹੋਵੇ। ਉਨ੍ਹਾਂ ਦੇ ਵਿਆਹ ਨੂੰ ਕੋਈ ਪੰਜਾਹ ਕੁ ਸਾਲ ਹੋ ਗਏ ਸਨ। ਅੱਜ ਤਕ ਕਦੇ ਵੀ ਸ਼ਾਮ ਸਿੰਘ ਨੇ ਪਿਆਰੀ ਦੀ ਕੋਈ ਵੀ ਗੱਲ ਨਹੀ ਸੀ ਮੋੜੀ। ਸੈਰ 'ਤੇ ਜਾਣ ਲਈ ਜਦੋਂ ਉਸ ਨੇ ਆਪਣੀ ਖੂੰਡੀ ਚੱਕੀ ਤਾਂ ਉਹ ਹੰਝੂਆਂ ਨਾਲ ਭਰੀਆਂ ਅੱਖਾਂ ਚੁੰਨੀ ਨਾਲ ਸਾਫ਼ ਕਰਦੀ ਪਿਆਰੀ ਨੂੰ ਕਹਿਣ ਲੱਗਾ, 'ਕੋਈ ਗੱਲ ਨਹੀਂ ਤੂੰ ਨਾ ਘਬਰਾਈਂ'। ਮੈਂ ਮਾਰਲੂ ਚਾਰੇ ਪਾਸੇ ਨਜ਼ਰ। ਵੇਖ ਲੂ ਤੇਰੇ ਪੁੱਤ ਦਾ ਕੀਮਤੀ ਕੁੱਤਾ। ਪੁੱਤ ਕਪੁੱਤ ਹੋ ਸਕਦੇ ਨੇ, ਮਾਪੇ ਕੁਮਾਪੇ ਨਹੀਂ ਹੋ ਸਕਦੇ। ਇਹ ਕਹਿਕੇ ਸ਼ਾਮ ਸਿੰਘ ਬਿਰਧ ਆਸ਼ਰਮ ਤੋਂ ਬਾਹਰ ਸਵੇਰ ਦੀ ਸੈਰ ਲਈ ਚੱਲ ਪਿਆ। •

ਮੋਬਾਈਲ : 98556-00549

# ਤੁਰ ਗਿਆਂ ਨਾਲ ਮੁਲਾਕਾਤਾਂ

• **ਜਸਵਿੰਦਰ ਦੂਹੜਾ**

ਦੇਸ ਰਾਜ ਕਾਲੀ ਬਹੁ-ਚਰਚਿਤ ਨਾਂ ਹੈ। ਉਸ ਨੇ ਸਾਹਿਤਕ ਖੇਤਰ ਦੇ ਨਾਲ ਨਾਲ ਪੱਤਰਕਾਰੀ ਵਿਚ ਵੀ ਜ਼ਿਕਰਯੋਗ ਕੰਮ ਕੀਤਾ ਹੈ। ਪਿਛਲੇ ਕਈ ਵਰ੍ਹਿਆਂ ਤੋਂ ਉਹ ਲਕੀਰ (ਤ੍ਰੈ-ਮਾਸਿਕ ਰਸਾਲਾ) ਸੰਪਾਦਤ ਕਰ ਰਿਹਾ ਹੈ। ਉਸ ਨੇ ਲਕੀਰ ਦੇ ਬਹੁਤ ਸਾਰੇ ਸਾਂਭਣਯੋਗ ਅੰਕ ਪ੍ਰਕਾਸ਼ਤ ਕੀਤੇ ਹਨ। ਅਕਤੂਬਰ-ਦਸੰਬਰ 122 ਵਾਂ, ਜਿਹੜਾ ਉਸ ਨੇ ਤੁਰ ਗਿਆਂ ਨਾਲ ਮੁਲਾਕਾਤ ਵਿਸ਼ੇਸ਼ ਅੰਕ ਛਾਪਕੇ ਪਾਠਕਾਂ ਦੀ ਝੋਲੀ ਪਾਇਆ ਹੈ, ਉਹ ਸਾਂਭਣ ਤੇ ਪ੍ਰਸ਼ੰਸਾਯੋਗ ਹੈ। ਇਸ ਅੰਕ ਵਿਚ ਉਸ ਨੇ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਸਾਹਿਤ ਸਿਰਜਣਹਾਰਿਆਂ ਨਾਲ, ਵੱਖ ਵੱਖ ਸਾਹਿਤਕਾਰਾਂ ਵੱਲੋਂ ਕੀਤੀਆਂ ਮੁਲਾਕਾਤਾਂ ਨੂੰ ਪ੍ਰਕਾਸ਼ਤ ਕੀਤਾ ਹੈ।



ਹੱਥਲੇ ਵਿਸ਼ੇਸ਼ ਅੰਕ ਵਿਚ ਪਹਿਲੀ ਮੁਲਾਕਾਤ 'ਲਾਲ ਸਿੰਘ ਦਿਲ ਨਾਲ ਗੱਲਾਂ' ਦੇਸ ਰਾਜ ਕਾਲੀ ਦੀ ਲਾਲ ਸਿੰਘ ਨਾਲ ਕੀਤੀ ਮੁਲਾਕਾਤ ਹੈ। ਇਸ ਮੁਲਾਕਾਤ ਨੂੰ ਉਸ ਨੇ 'ਅਸੀ ਸਾਰੇ ਯੁੱਗ ਸਾਥੀ ਹਾਂ'! ਸਿਰਲੇਖ ਅਧੀਨ ਛਾਪਿਆ ਹੈ। ਇਸੇ ਤਰ੍ਹਾਂ ਅਗਲੇ ਪੰਨਿਆਂ 'ਤੇ ਸੰਤ ਸਿੰਘ ਸੇਖੋਂ ਨਾਲ ਰਮਨ ਵੱਲੋਂ ਕੀਤੀ ਮੁਲਾਕਾਤ 'ਸਿੱਖ ਇਤਿਹਾਸ ਪੰਜਾਬ ਦੀ ਕਿਸਾਨੀ ਦੇ ਸ਼ੰਘਰਸ਼ ਦੀ ਬੀਰ ਗਾਥਾ ਹੈ', ਪ੍ਰੋ. ਸੁਰਜੀਤ ਜੱਜ ਵੱਲੋਂ ਡਾ. ਜਗਤਾਰ ਨਾਲ ਕੀਤੀਆਂ ਗੱਲਾਂ ਸਿਰਲੇਖ 'ਜ਼ਿੰਦਗੀ ਸ਼ਾਇਰੀ ਤੋਂ ਕਿਤੇ ਵੱਡੀ ਸਿਰਜਣਾ ਹੈ', ਅਗਲੀ ਮੁਲਾਕਾਤ ਭੂਸ਼ਨ ਭਾਅ ਨਾਲ ਬਲਜੀਤ ਵੱਲੋਂ ਕੀਤੀਆਂ ਗੱਲਾਂ, 'ਵਿਦਿਆਰਥੀ ਪਾਠਕ ਨਹੀ ਹੁੰਦਾ'! ਤੇ ਸਾਹਿਬ ਸਿੰਘ ਦੁਆਰਾ ਪੰਜਾਬੀ ਦੇ ਲੋਕ ਪੱਖੀ ਰੰਗਕਰਮੀ ਗੁਰਸ਼ਰਨ ਸਿੰਘ ਉਰਫ਼ ਭਾਈ ਮੰਨਾ ਸਿੰਘ ਨਾਲ ਦਿਲ ਖੋਲ੍ਹ ਕੇ ਗੱਲਾਂ ਕੀਤੀ ਗਈਆਂ ਹਨ। ਇਸ ਤਰ੍ਹਾਂ ਹੀ ਗੁਰਪ੍ਰੀਤ ਨੇ ਸਾਹਿਤਕਾਰ ਦੇਵਨੀਤ ਨਾਲ ਜੋ ਗੱਲਾਂ ਕੀਤੀਆਂ ਉਸ ਨੇ 'ਅਲੋਚਕਾਂ ਨੇ ਟਾਂਗਰ 'ਚੋਂ ਟਾਂਟੇ ਛਾਂਟਣ ਦਾ ਕੰਮ ਕਰਨਾ ਹੁੰਦਾ' ਸਿਰਲੇਖ ਹੇਠ ਪਾਠਕਾਂ ਦੇ ਮਨਮੁੱਖ ਰੱਖੀਆਂ ਹਨ। ਇਸ ਤੋਂ ਬਾਅਦ 'ਕਹਿਤ ਕਬੀਰ ਸੁਣੋ ਭਾਈ ਭੂਸ਼ਣ' ਵੱਲੋਂ ਕਬੀਰ ਜੀ ਨਾਲ ਮੁਲਾਕਾਤ ਹੈ। ਰਸਾਲੇ ਦੇ ਅੰਤ ਵਿਚ 'ਇਹੁ ਜਨਮੁ ਤੁਮਾਹਰੇ ਲੇਖੈ' ਨੂੰ ਅੰਮ੍ਰਿਤਾ ਪ੍ਰੀਤਮ ਵਿਰੁੱਧ 'ਮੁਕਦਮੇ' ਦੇ ਹਾਰ ਪੜ੍ਹਦਿਆਂ', ਗੁਰਦਿਆਲ ਸਿੰਘ ਬੱਲ ਵੱਲੋਂ ਅੰਮ੍ਰਿਤਾ ਨਾਲ ਮੁਲਾਕਾਤ ਹੈ। ਇਹ ਮੁਲਾਕਾਤ ਹੱਥਲੇ ਅੰਕ ਦੀ ਸਭ ਤੋਂ ਲੰਮੀ ਤੇ ਵਿਸਥਾਰ-ਪ੍ਰਸਾਰ ਪੱਖੋਂ ਵਿਸ਼ਾਲ ਹੈ। ਇਸ ਮੁਲਾਕਾਤ ਦੇ ਨਾਲ ਹੀ ਲਕੀਰ ਦਾ ਤੁਰ ਗਿਆਂ ਨਾਲ ਮੁਲਾਕਾਤ ਵਿਸ਼ੇਸ਼ ਅੰਕ ਸੰਪੂਰਨ ਹੋ ਨਿਬੜਦਾ ਹੈ।

ਇਸ ਅੰਕ ਦੀ ਵਿਸ਼ੇਸ਼ਤਾ ਇਹ ਹੈ, ਜਿਸ ਤੋਂ ਪਾਠਕਾਂ ਦਾ ਜਾਣੂ ਹੋਣਾ ਅਤਿ ਜ਼ਰੂਰੀ ਹੈ, ਕਿ ਹੱਥਲੇ ਅੰਕ ਦੀਆਂ ਸਾਰੀਆਂ ਹੀ ਮੁਲਾਕਾਤਾਂ ਕਾਲਪਨਿਕ ਹਨ ਪਰ ਇਸ ਦੇ ਨਾਲ ਹੀ ਇਹ ਵੀ ਸਚਾਈ ਸਵੀਕਾਰਨਯੋਗ ਹੈ ਕਿ ਜੇ ਕਰ 'ਤੁਰ ਗਏ' ਮੁਲਾਕਾਤੀਆਂ ਦੇ ਰੂਬਰੂ ਵੀ ਬੈਠੇ ਹੁੰਦੇ ਤਾਂ ਵੀ ਸ਼ਾਇਦ ਇਹੀ ਗੱਲਾਂ ਕਰ ਦੇ ਜਾਂ ਇਸ ਹੀ ਤਰ੍ਹਾਂ ਦੇ ਜਵਾਬ ਦਿੰਦੇ। ਇਸ ਲਈ ਮੇਰੀ ਨਜ਼ਰੇ ਲਕੀਰ ਦਾ ਹੱਥਲਾ ਅੰਕ ਪੜ੍ਹਨ ਦੇ ਨਾਲ-ਨਾਲ ਸਾਂਭਣਯੋਗ ਵੀ ਹੈ। ਇਸ ਲਈ ਦੇਸ ਰਾਜ ਕਾਲੀ ਵਧਾਈ ਦਾ ਹੱਕਦਾਰ ਹੈ। •

ਮੋਬਾਈਲ : 98723-36944

## ਦੋਹੇ

ਜਿਨ੍ਹਾਂ ਨੇ ਕਰਨੀ ਸੀ ਯਾਰੋ, ਦੇਸ਼ ਦੀ ਉੱਚੀ ਸ਼ਾਨ,
ਨਸ਼ਿਆਂ ਦੇ ਵਿਚ ਗਲਤਾਨ ਨੇ, ਉਹ ਦੇਸ਼ ਦੇ ਨੌਜਵਾਨ।

ਬੇਈਮਾਨਾਂ ਤੇ ਚੋਰਾਂ ਦੇ ਨਾਲ, ਜਿਨ੍ਹਾਂ ਰੱਖੇ ਸਬੰਧ,
ਉਹ ਲੋਕਾਂ ਤੇ ਜੋਕਾਂ ਦੇ ਵਿਚ, ਉੱਚੀ ਕਰ ਰਹੇ ਨੇ ਕੰਧ।

ਵਿਆਹ ਤੋਂ ਪਹਿਲਾਂ ਕਹਿੰਦੇ ਸਨ, 'ਅਸੀ ਲੈਣਾ ਨਹੀਂ ਦਾਜ,'
ਵਿਆਹ ਤੋਂ ਪਿੱਛੋਂ ਰੌਲਾ ਪਾਂਦੇ, 'ਸਾਨੂੰ ਤੰਗ ਕਰੇ ਸਮਾਜ'।

ਵਧਦੀ ਆਬਾਦੀ ਨੇ ਕੀਤਾ, ਦੇਸ਼ ਦਾ ਬੜਾ ਨੁਕਸਾਨ,
ਦੂਸ਼ਿਤ ਪਾਣੀ ਤੇ ਹਵਾ ਨੇ, ਕੀਤੇ ਸਭ ਪਰੇਸ਼ਾਨ।

ਜਿੰਨਾ ਚਿਰ ਜਿਊਂਦੇ ਨੇ ਦੇਸ਼ 'ਚ, ਦਲਾਲ ਤੇ ਰਿਸ਼ਵਤਖ਼ੋਰ,
ਓਨਾ ਚਿਰ ਦੇਸ਼ ਤਰੱਕੀ , ਕਰ ਨਹੀਂ ਸਕਦਾ ਹੋਰ।

ਜਦ ਕੁੜੀਆਂ ਬਣਨ ਖਿਡਾਰਨਾਂ, ਪੁਲਿਸ ਅਫ਼ਸਰ ਤੇ ਜੱਜ,
ਫਿਰ ਕਿਉਂ ਕੁੜੀਆਂ ਜੰਮੀਆਂ ਤੇ, ਲੋਕਾਂ ਨੂੰ ਆਵੇ ਲੱਜ?

ਹਾਲੇ ਪਿਆਰ ਨਹੀਂ ਕਰਦੇ , ਜੋ ਮਾਂ ਬੋਲੀ ਦੇ ਨਾਲ,
ਉਹ ਇਸ ਵੱਲ ਆਖ਼ਰ ਮੁੜਨਗੇ, ਆਪਣੀਆਂ ਉਮਰਾਂ ਗਾਲ।

ਚੋਣਾਂ ਦੇ ਸੱਪ ਦੀ ਲੀਡਰਾਂ ਨੂੰ , ਏਨੀ ਚੜ੍ਹ ਗਈ ਜ਼ਹਿਰ,
ਕਿ ਉਨ੍ਹਾਂ ਨੂੰ ਆਪਣੇ ਭੈਣ-ਭਰਾ ਤੇ ਮਾਂ-ਪਿਉ ਵੀ ਲੱਗਣ ਗ਼ੈਰ।

ਜਿਨ੍ਹਾਂ ਚੋਣ ਮੈਨੀਫੈਸਟੋ 'ਚ, ਵਾਅਦੇ ਕਰ ਲਏ ਢੇਰ,
ਉਨ੍ਹਾਂ ਚੋਣਾਂ ਜਿੱਤਦੇ ਸਾਰ ਹੀ, ਅੱਖਾਂ ਲੈਂਦੀਆਂ ਫੇਰ।



• **ਮਹਿੰਦਰ ਸਿੰਘ ਮਾਨ**, ਮੋਹਾਲੀ : 99158-03554

# ਕਵੀ ਤੇ ਕਵੀਸ਼ਰ ਅਕਵਾਰ ਸਿੰਘ ਜੀਦਾ



**ਹਰਵਿੰਦਰ ਬਿਲਾਸਪੁਰ**
ਮੋਬਾਈਲ :9814907020

*1995 ਵਿਚ ਪੰਜਾਬੀ ਸਾਹਿਤ ਤੇ ਸੰਗੀਤ ਦਾ ਅਨਮੋਲ ਹੀਰਾ ਆਪਣੀ ਵਿਦਵਤਾ ਨੂੰ ਸਮੇਟ, ਸਰੋਤਿਆਂ ਨੂੰ ਉਦਾਸ ਅਵਸਥਾ ਵਿਚ ਛੱਡਕੇ ਅੱਖਾਂ ਮੀਟ ਗਿਆ। ਅੱਜ ਵੀ ਉਸ ਦੁਆਰਾ ਲਿਖੇ ਪ੍ਰਸੰਗ ਸੰਗੀਤ ਪ੍ਰੇਮੀਆਂ ਦੇ ਕੰਨਾ ਵਿਚ ਗੂਜਦੇ ਹਨ। ਉਸ ਦਾ ਰਚੀ ਕਵਿਤਾ ਨੂੰ ਪਾਠ ਮਾਨਸਿਕ ਪ੍ਰੇਸ਼ਾਨੀ ਨੂੰ ਦੂਰ ਕਰਨ ਲਈ ਪੜਦੇ ਹਨ...*

ਮੈਂ ਉਦੋਂ ਪੰਜਵੀਂ ਛੇਵੀਂ ਵਿਚ ਪੜ੍ਹਦਾ ਸੀ। ਮਹੀਨੇ ਬਾਅਦ ਪਰਮ ਸੰਤ ਬਾਬਾ ਰਾਮ ਸਿੰਘ ਜੀ ਗਿਆਰਵੀਂ ਵਾਲਿਆਂ ਦੇ ਡੇਰੇ ਰਾਤ ਦਾ ਦੀਵਾਨ ਸੱਜਦਾ। ਮੈਂ ਆਪਣੇ ਦਾਦਾ ਜੀ ਨਾਲ ਹਰੇਕ ਦੀਵਾਨ ਦੇਖਣ ਜਾਂਦਾ। ਦੀਵਾਨ ਵਿਚ ਦੋ ਚੀਜ਼ਾਂ ਮੇਰੇ ਬਾਲ ਮਨ ਨੂੰ ਬੇਹੱਦ ਖਿੱਚ ਪਾਉਂਦੀਆਂ ਸਨ। ਇਕ ਤਾਂ ਭੰਡਾਰੇ ਵਿਚ ਬਣੇ ਮਿੱਠੇ ਚੌਲ ਅਤੇ ਦੂਸਰਾ ਕਵੀਸ਼ਰ ਅਕਵਾਰ ਸਿੰਘ ਦਾ ਅਖਾੜਾ। ਲਗਾਤਾਰ ਪੰਜ ਛੇ ਘੰਟੇ ਸੁਣੀ ਜਾਣਾ ਤਾਂ ਵੀ ਮਨ ਨਾ ਅੱਕਣਾ। ਜ਼ਿਕਰਯੋਗ ਹੈ ਕਿ ਅਕਵਾਰ ਸਿੰਘ ਨੂੰ ਮੋਗਾ ਇਲਾਕੇ ਵਿਚ ਇਕਬਾਲ ਕਵੀਸ਼ਰ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਇਹ ਨਾਂ ਉਨ੍ਹਾਂ ਨੂੰ ਸ਼ਾਇਦ ਲੋਪੋ ਵਾਲੇ ਸੰਤ ਦਰਬਾਰਾ ਸਿੰਘ ਜੀ ਨੇ ਦਿੱਤਾ ਸੀ।

ਅਕਵਾਰ ਸਿੰਘ ਇਕੱਲਾ ਕਵੀਸ਼ਰ ਹੀ ਨਹੀਂ ਸਗੋਂ ਚੋਟੀ ਦਾ ਵਿਦਵਾਨ, ਵੇਦਾਂ ਦਾ ਗਿਆਤਾ ਅਤੇ ਉੱਚ ਕੋਟੀ ਦਾ ਕਵੀ ਵੀ ਸੀ। ਕੁਦਰਤ ਵੱਲੋਂ ਉਸ ਦੀ ਜ਼ੁਬਾਨ ਵਿਚ ਇੰਨਾਂ ਰਸ ਸੀ ਕਿ ਉਹ ਸਰੋਤਿਆਂ ਨੂੰ ਝੂਮਣ ਲਾ ਦਿੰਦਾ। ਬਹੁਤ ਦੇਰ ਦਾ ਮਨ ਵਿਚ ਸੀ ਕਿ ਉਸ ਬਾਰੇ ਪਾਠਕਾਂ ਨੂੰ ਦੱਸਿਆ ਜਾਵੇ। ਸੋ ਇਕ ਸਵੇਰ ਮੈਂ ਆਪਣੇ ਦੋਸਤਾਂ ਨਾਲ ਅਕਵਾਰ ਦੇ ਪਿੰਡ ਜੀਦੇ ਨੂੰ ਚੱਲ ਪਿਆ। ਅਕਵਾਰ ਤੇ ਜਰਨੈਲ ਸਿੰਘ ਦੇ ਪਰਿਵਾਰਾਂ ਨੂੰ ਪਹਿਲਾਂ ਹੀ ਸੂਚਿਤ ਕਰ ਦਿੱਤਾ ਸੀ। ਘਰ ਵੜਦਿਆਂ ਸਾਰ ਸਾਹਮਣੇ ਇਕ ਦਰੱਖ਼ਤ ਥੱਲੇ ਮੰਜੀ ਉੱਤੇ ਬਿਰਧ ਜਰਨੈਲ ਸਿੰਘ ਬੈਠਾ ਸੀ। ਉਸ ਨੂੰ ਮਿਲ ਕੇ ਚਾਹ ਪਾਣੀ-ਪੀਣ ਵਿਚ ਰੁੱਝ ਗਏ। ਜਰਨੈਲ ਸਿੰਘ ਦੇ ਲੜਕੇ ਸ਼ਾਮ ਨੇ ਪਿੰਡ ਵਿੱਚੋਂ ਹੋਰ ਬੰਦੇ ਵੀ ਬੁਲਾ ਰੱਖੇ ਸਨ ਜੋ ਅਕਵਾਰ ਸਿੰਘ ਬਾਰੇ ਜਾਣਕਾਰੀ ਰੱਖਦੇ ਸਨ।

ਅਕਵਾਰ ਸਿੰਘ ਦਾ ਜਨਮ ਸਨ 1923 ਵਿਚ ਮੱਧ ਵਰਗੀ ਪਰਿਵਾਰ ਨਾਲ ਸਬੰਧਿਤ ਪਿਤਾ ਨੰਬਰਦਾਰ ਗੁਰਬਖਸ਼ ਸਿੰਘ ਤੇ ਮਾਤਾ ਤੇਜ ਕੌਰ ਦੇ ਘਰ ਹੋਇਆ। ਅਕਵਾਰ ਨੂੰ ਸੁਰਤ ਸੰਭਾਲਣ ਸਾਰ ਖੇਤੀਬਾੜੀ ਦੇ ਕੰਮ ਨਾਲ ਜੁੜਨਾ ਗਿਆ। ਮੁੱਢਲੀ ਪੜ੍ਹਾਈ ਉਸ ਨੇ ਸਮੇਂ ਤੇ ਸਹੂਲਤ ਮੁਤਾਬਕ ਪਿੰਡ ਦੇ ਵਿਦਵਾਨ ਪੰਡਿਤ ਆਤਮਾ ਰਾਮ ਕੋਲੋਂ ਕੀਤੀ।

ਉਸ ਦਾ ਕੋਮਲ ਮਨ ਸ਼ੁਰੂ ਤੋਂ ਹੀ ਕਵਿਤਾ ਦਾ ਦੀਵਾਨਾ ਸੀ। ਕਵੀਸ਼ਰਾਂ ਨੂੰ ਸੁਣਨਾ ਤੇ ਫਿਰ ਉਨ੍ਹਾਂ ਦੀਆਂ ਕਵਿਤਾਵਾਂ ਨੇ ਗੁਣਗੁਣਾਉਣਾ ਉਸ ਦਾ ਸ਼ੌਕ ਬਣ ਗਿਆ। ਜੈਤੋ ਮੰਡੀ ਦੇ ਮੇਲੇ ਗਿਆ ਤਾਂ ਓਥੋਂ ਚਿੱਠਾ ਚੰਦਰਹਾਂਸ ਖਰੀਦ ਲਿਆਇਆ ਤੇ ਚਿੱਠੇ ਵਿਚਲੀਆਂ ਕਵਿਤਾਵਾਂ ਜ਼ੁਬਾਨੀ ਯਾਦ ਕਰ ਲਈਆਂ।

ਪਿੰਡ ਵਿਚ ਪੰਡਿਤ ਆਤਮਾ ਰਾਮ ਰਹਿੰਦਾ ਸੀ ਜੋ ਬਹੁਤ ਵਿਦਵਾਨ ਸੀ। ਉਸ ਨੇ ਅਨੇਕਾਂ ਗ੍ਰੰਥ, ਵੇਦ ਆਦਿ ਪੜ੍ਹੇ ਹੋਏ ਸਨ। ਪਿੰਡ ਵਾਲੇ ਉਸ ਕੋਲੋਂ ਦਿਨ ਤਿਉਹਾਰ 'ਤੇ ਇਕੱਠੇ ਹੋ ਕੋਈ ਕਥਾ ਵਾਰਤਾ ਸੁਣਦੇ ਹੁੰਦੇ ਸਨ। ਇਸੇ ਤਰ੍ਹਾਂ ਦੇ ਇਕ ਮੌਕੇ 'ਤੇ ਅਕਵਾਰ ਨੇ ਕਵਿਤਾ ਸੁਣਾਉਣ ਦੀ ਬੇਨਤੀ ਕੀਤੀ। ਇਜਾਜ਼ਤ ਮਿਲਣ ਤੇ ਉਸ ਨੇ ਚੰਦਰਹਾਂਸ ਦਾ ਚਿੱਠਾ ਜ਼ੁਬਾਨੀ ਗਾ ਕੇ ਸੁਣਾਇਆ ਤਾਂ ਉਸ ਦੀ ਜ਼ੁਬਾਨ ਵਿਚਲੀ ਮਿਠਾਸ ਨੇ ਸਾਰਿਆਂ ਨੂੰ ਕੀਲ ਕੇ ਰੱਖ ਦਿੱਤਾ। ਪੰਡਿਤ ਆਤਮਾ ਰਾਮ ਨੇ ਉਸੇ ਵੇਲੇ ਉਸ ਹੀਰੇ ਨੂੰ ਪਰਖ ਲਿਆ ਤੇ ਉਸ ਨੂੰ ਤਰਾਸ਼ਣ ਦੀ ਠਾਣ ਲਈ।

ਪੰਡਿਤ ਆਤਮਾ ਰਾਮ ਨੇ ਉਸ ਨੂੰ ਰੋਜ਼ਾਨਾ ਆਪਣੇ ਘਰ ਬੁਲਾ ਕੇ ਵਿਦਿਆ ਦੇਣੀ ਸ਼ੁਰੂ ਕਰ ਦਿੱਤੀ। ਓਧਰ ਖੇਤੀ ਦਾ ਸਾਰਾ ਕੰਮ ਵੀ ਅਕਵਾਰ ਜ਼ੁੰਮੇ ਹੀ ਸੀ। ਖੇਤ ਦਾ ਕੰਮ ਨਿਬੇੜ ਕੇ ਵੱਡੀ ਰਾਤ ਤਕ ਵਿਦਿਆ ਪ੍ਰਾਪਤ ਕਰਨੀ। ਸਵੇਰੇ ਸੁਵੱਖ਼ਤੇ ਫਿਰ ਖੇਤ ਜਾਣਾ। ਖੇਤ ਵੀ ਜਦੋਂ ਸਮਾਂ ਮਿਲਣਾ, ਆਪਣੇ ਗੁਰ ਭਾਈ ਜਰਨੈਲ ਸਿੰਘ ਨਾਲ ਰਲ ਕੇ ਕਵਿਤਾ ਬੋਲਣ ਦੀ ਅਭਿਆਸ ਕਰਨਾ। ਇਸੇ ਤਰ੍ਹਾਂ ਸਖ਼ਤ ਘਾਲਣਾ ਘਾਲਦਿਆਂ ਸਮਾਂ ਬੀਤਦਾ ਗਿਆ।

ਇਸ ਦੁਰਾਨ ਅਕਵਾਰ ਨੇ ਪਿੰਗਲ ਅਰੂਜ਼ ਸਭ ਪੜ੍ਹ ਲਏ। ਪੰਡਿਤ ਆਤਮਾ ਰਾਮ ਨੇ ਉਸ ਨੂੰ ਆਪਣੇ ਵਰਗਾ ਵਿਦਵਾਨ ਹੀ ਬਣਾ ਦਿੱਤਾ। ਕਵਿਤਾ ਲਿਖਣ ਅਤੇ ਗਾਉਣ ਵਿਚ ਪ੍ਰਵੀਨ ਕਰ ਦਿੱਤਾ। ਗੁਰ ਭਾਈ ਜਰਨੈਲ ਸਿੰਘ ਨਾਲ ਰਲ ਕੇ ਉਸ ਨੇ ਕਵੀਸ਼ਰੀ ਕਰਨੀ ਸ਼ੁਰੂ ਕਰ ਦਿੱਤੀ। ਪੰਡਿਤ ਆਤਮਾ ਰਾਮ ਦੀ ਸਰਪ੍ਰਸਤੀ ਵਿੱਚ ਰਾਗ ਵਿਦਿਆ ਉਨ੍ਹਾਂ ਨੇ ਪੰਡਿਤ ਖ਼ੁਸ਼ੀ ਰਾਮ ਤੋਂ ਸਿੱਖੀ। ਪਹਿਲੀ ਵਾਰ ਅਖਾੜਾ ਉਨਾਂ ਨੇ ਗੋਬਿੰਦਪੁਰਾ ਜ਼ਿਲ੍ਹਾ ਬਠਿੰਡਾ ਵਿਖੇ ਲਾਇਆ। ਅਕਵਾਰ ਨੇ ਅਖਾੜੇ ਦੇ ਐਸੇ ਅਰਥ ਕੀਤੇ ਕਿ ਆਪਣੇ ਗੁਰੂ ਨੂੰ ਵੀ ਮਾਤ ਪਾ ਦਿੱਤੀ। ਸਰੋਤਿਆਂ ਵੱਲੋਂ ਚਾਂਦੀ ਦੇ ਰੁਪਈਆਂ ਦਾ ਮੀਂਹ ਵਰ੍ਹ ਗਿਆ। ਜਦ ਇੰਨੇ ਸਾਰੇ ਪੈਸੇ ਘਰ ਲਿਆਂਦੇ ਤਾਂ ਪਿਤਾ ਜੀ ਨੇ ਸ਼ੱਕ ਕੀਤਾ ਕਿ ਮੁੰਡੇ ਕਿੱਧਰੇ ਡਾਕਾ ਤਾਂ ਨੀ ਮਾਰ ਲਿਆਏ ਪਰ ਅਸਲੀਅਤ ਪਤਾ ਲੱਗਣ 'ਤੇ ਉਸੇ ਪਿਤਾ ਨੇ ਉਸ ਨੂੰ ਸੀਨੇ ਨਾਲ ਲਾ ਲਿਆ ਜੋ ਅਕਸਰ ਹੀ ਪੰਡਿਤ ਆਤਮਾ ਰਾਮ ਨੂੰ ਉਲਾਂਭਾ ਦਿੰਦਾ ਹੁੰਦਾ ਸੀ ਕਿ 'ਪੰਡਿਤਾ ਕਿਉਂ ਸਾਡੇ ਜੁਆਕਾਂ ਨੂੰ ਖਰਾਬ ਕਰਦਾ ਹੈਂ, ਸਾਡੀ ਖੇਤੀ ਖਰਾਬ ਹੋਈ ਜਾਂਦੀ ਹੈ'। ਇਸ ਤੋਂ ਬਾਅਦ ਅਕਵਾਰ ਨੂੰ ਘਰ ਵਾਲਿਆਂ ਦਾ ਵੀ ਸਹਿਯੋਗ ਮਿਲਣ ਲੱਗਾ।

ਅਕਵਾਰ ਨੇ ਅਨੇਕਾਂ ਧਾਰਮਿਕ, ਇਤਿਹਾਸਿਕ ਪ੍ਰਸੰਗਾਂ ਦੀ ਕਵਿਤਾ ਰਚੀ ਜੋ ਬਹੁਤ ਮਕਬੂਲ ਹੋਈ।

ਅਕਵਾਰ ਦੀ ਇਕ ਕਵਿਤਾ ਦਾ ਬੰਦ ਦੇਖੋ :



*ਹੋਵੰਦੀ ਆ ਤੇਜ਼ੀ ਰਵੀ ਦੇ ਸਮਾਨ ਜੀ,*
*ਛਤਰੀ ਦੁਲਾਰੇ ਦੀ।*
*ਵੇਖ ਵੇਖ ਫੋਟੋ ਰੱਜਦੀ ਨੀ ਪਿਆਰੇ ਦੀ,*
*ਚੰਨ ਚਮਕਾਰੇ ਦੀ।*
*ਜਦੋਂ ਪ੍ਰਾਣ ਪਤੀ ਦਾ ਦੀਦਾਰ ਪਾ ਲਿਆ,*
*ਮੈਂ ਹੋ ਗਈ ਅਨੰਦ ਨੀ।*
*ਮੇਰਾ ਚਿੱਤ ਏਸ ਚੋਰ ਨੇ ਚੁਰਾ ਲਿਆ,*
*ਇਹ ਕੀਹਦਾ ਫਰਜ਼ੰਦ ਨੀ।*

ਅਕਵਾਰ ਬਾਰੇ ਗੱਲਬਾਤ ਅਧੂਰੀ ਹੀ ਰਹੇਗੀ ਜੇ ਉਸ ਦੇ ਜੋਟੀਦਾਰ ਜਰਨੈਲ ਸਿੰਘ ਬਾਰੇ ਗੱਲ ਨਾ ਕਰੀਏ। ਜਰਨੈਲ ਦਾ ਜਨਮ ਪਿਤਾ ਗੱਜਣ ਸਿੰਘ ਅਤੇ ਮਾਤਾ ਗੁਰਦਿਆਲ ਕੌਰ ਦੇ ਘਰ ਸੰਨ 1937 ਵਿਚ ਪਿੰਡ ਜੀਦਾ ਵਿਖੇ ਹੋਇਆ।

ਪਹਿਲਾਂ ਤਿੰਨ ਜਣਿਆਂ ਦਾ ਜੱਥਾ ਸੀ। ਅਕਵਾਰ, ਦੂਸਰਾ ਅਕਵਾਰ ਦਾ ਸ਼ਾਗਿਰਦ ਦਿਆਲ ਸਿੰਘ ਤੇ ਤੀਸਰਾ ਉਸ ਦਾ ਗੁਰਭਾਈ ਜਰਨੈਲ ਸਿੰਘ। ਕੁਝ ਸਮੇਂ ਬਾਅਦ ਹੀ ਦਿਆਲ ਸਿੰਘ ਦੀ ਆਵਾਜ਼ ਖਰਾਬ ਹੋ ਗਈ। ਜਰਨੈਲ ਸਿੰਘ ਉਸ ਨਾਲ ਅਖ਼ੀਰ ਤਕ ਨਿਭਿਆ। ਜਰਨੈਲ ਸਿੰਘ ਦੀ ਆਵਾਜ਼ ਸੋਜ਼ ਭਰੀ ਸੀ ਅਤੇ ਅਕਵਾਰ ਦੀ ਆਵਾਜ਼ ਥੋੜ੍ਹੀ ਕਰਾਰੀ। ਜਦੋਂ ਦੋਨਾਂ ਅਵਾਜ਼ਾਂ ਦਾ ਸੁਮੇਲ ਹੁੰਦਾ ਸੀ ਤਾਂ ਕੋਈ ਅਗੰਮੀ ਸੰਗੀਤ ਵੱਜਣ ਲੱਗ ਪੈਂਦਾ ਸੀ ਜੋ ਸਰੋਤਿਆਂ ਦੇ ਮਨ ਮਸਤਿਕ ਨੂੰ ਟੁੰਬਦਾ ਤੁਰਿਆ ਜਾਂਦਾ।ਦੋਨਾਂ ਨੇ ਲਗਪਗ 40 ਸਾਲ ਇਕੱਠੇ ਗਾਇਆ।

ਅਕਵਾਰ ਦੇ ਸ਼ਾਗਿਰਦ-ਦਿਆਲ ਸਿੰਘ, ਨਛੱਤਰ ਸਿੰਘ, ਜੰਗੀਰ ਸਿੰਘ ਝੱਖੜ, ਸਤਨਾਮ ਸਿੰਘ ਲੋਪੋ, ਕਾਕਾ ਸਿੰਘ ਲੋਪੋ, ਬਲਰਾਜ ਸਿੰਘ ਦੌਧਰ, ਅਜਾਇਬ ਸਿੰਘ ਦੌਧਰ, ਗੁਰਚਰਨ ਸਿੰਘ ਛਾਜਲੀ, ਬਲਦੇਵ ਸਿੰਘ, ਮੁਕੰਦ ਸਿੰਘ ਜੀਦਾ, ਗੁਰਜੰਟ ਸਿੰਘ ਜੀਦਾ, ਛੋਟਾ ਸਿੰਘ ਜੀਦਾ, ਰਾਜਿੰਦਰ ਸਿੰਘ ਰਾਧੂ, ਰਘਵੀਰ ਸਿੰਘ ਅਤੇ ਰਵੀ ਕੁਮਾਰ ਸ਼ਰਮਾ।

ਜਰਨੈਲ ਸਿੰਘ ਦੇ ਸ਼ਾਗਿਰਦ-ਨਿਰਭੈ ਸਿੰਘ ਗਿੱਲ ਲੋਪੋ ਅਤੇ ਰਾਜ ਸਿੰਘ ਲੋਪੋ। ਅਕਵਾਰ ਸਿੰਘ ਨੂੰ ਇੱਕ ਲਾਇਲਾਜ ਬਿਮਾਰੀ ਨੇ ਘੇਰ ਲਿਆ, ਜਿਸ ਨੇ ਉਸ ਦੇ ਅਖ਼ੀਰਲੇ ਸਮੇਂ ਨੂੰ ਨੇੜੇ ਲੈ ਆਂਦਾ। ਸੰਨ 1995 ਵਿਚ ਉਹ ਆਪਣੇ ਭਰੇ ਪੂਰੇ ਪਰਿਵਾਰ ਅਤੇ ਲੱਖਾਂ ਸਰੋਤਿਆਂ ਨੂੰ ਅਲਵਿਦਾ ਆਖ , ਇਸ ਫਾਨੀ ਦੁਨੀਆ ਤੋਂ ਕੂਚ ਕਰ ਗਿਆ।

1995 ਵਿਚ ਪੰਜਾਬੀ ਸਾਹਿਤ ਤੇ ਸੰਗੀਤ ਦਾ ਅਨਮੋਲ ਹੀਰਾ ਆਪਣੀ ਵਿਦਵਤਾ ਨੂੰ ਸਮੇਟ, ਸਰੋਤਿਆਂ ਨੂੰ ਉਦਾਸ ਅਵਸਥਾ ਵਿਚ ਛੱਡਕੇ ਅੱਖਾਂ ਮੀਟ ਗਿਆ। ਅੱਜ ਵੀ ਉਸ ਦੁਆਰਾ ਲਿਖੇ ਪ੍ਰਸੰਗ ਸੰਗੀਤ ਪ੍ਰੇਮੀਆਂ ਦੇ ਕੰਨਾਂ ਵਿਚ ਗੂਜਦੇ ਹਨ। ਉਸ ਦਾ ਰਚੀ ਕਵਿਤਾ ਨੂੰ ਪਾਠ ਮਾਨਸਿਕ ਪ੍ਰੇਸ਼ਾਨੀ ਨੂੰ ਦੂਰ ਕਰਨ ਲਈ ਪੜ੍ਹਦੇ ਹਨ। ਅਕਵਾਰ ਦੀ ਸੁਰੀਲੀ ਤੇ ਬੁਲੰਦ ਆਵਾਜ਼ ਉਸ ਦੇ ਚਾਹੁੰਣ ਵਾਲਿਆਂ ਨੂੰ ਰਹਿੰਦੀ ਦੁਨੀਆ ਤਕ ਯਾਦ ਰਹੇਗੀ। ਅਕਵਾਰ ਵਰਗੇ ਬਹੁ-ਪੱਖੀ ਸ਼ਖ਼ਸੀਅਤ ਦੇ ਮਾਲਕ ਦੁਨੀਆ 'ਤੇ ਸਦੀਆਂ ਪਿੱਛੋਂ ਜਨਮ ਲੈਂਦੇ ਹਨ ਤੇ ਸਦਾ ਲੋਕਾਂ ਦੇ ਦਿਲਾਂ 'ਚ ਜਿਉਂਦੇ ਰਹਿੰਦੇ ਹਨ। •

## ਕਵਿਤਾਵਾਂ

### ਤਰੱਕੀਆਂ

ਜਦੋਂ ਗੱਲਾਂ ਪਿੱਠ 'ਤੇ ਹੋਣ ਤਾਂ
ਤਰੱਕੀਆਂ ਨੇੜੇ ਈ ਆ
ਲੋਕੀ ਵੇਖ ਨੱਕ-ਬੁੱਲ ਵੱਟ ਦੇ ਤਾਂ
ਖ਼ੁਸ਼ੀਆਂ ਖੇੜੇ ਈ ਆ
ਸਾਡਾ ਤਾਂ ਚੰਗਿਆਂ ਤੋਂ ਹੀ ਹੁੰਦੇ
ਮਾੜੇ ਨਾਲ ਕਾਹਦੇ ਝੇੜੇ ਆਂ
ਚਿੱਤ ਲਾ ਸਾਹ ਕੁਝ ਸੌਖੇ ਕਰੀਏ
ਚੁਗਲੀਆਂ ਨਾਲ ਮੂੰਹ ਬੜੇ ਲਬੇੜੇ ਆਂ।



• **ਬਲਜੀਤ ਤਲਵੰਡੀ**, ਮੋਬਾਈਲ : 92177-68857

### ਕਸ਼ਮੀਰ

ਆਜ਼ਾਦ ਪਿੰਜਰੇ ਚੋਂ ਹੋਣਾ ਚਹੁੰਦੀਆਂ
ਘਟਾਵਾਂ ਵਾਦੀ ਦੀਆਂ
ਜਿਸ ਅੰਬਰ ਲੱਗੀਆਂ ਖ਼ੁਸ਼ੀਆਂ
ਤੋੜ ਲਿਆਵਾਂ ਵਾਦੀ ਦੀਆਂ
ਬਿਨ ਵਿਆਹੀਆਂ ਰਹਿ ਗਈਆਂ
ਕਈ ਮੁਟਿਆਰਾਂ ਵਾਦੀ ਦੀਆਂ
ਮੌਜ-ਬਹਾਰਾਂ ਕੀਰਨੇ ਬਣੀਆਂ
ਅੱਜ ਸੋਹਣੀ ਘਾਟੀ ਦੀਆਂ
ਕੱਖਾਂ ਖ਼ਾਲੀ ਤੱਕ-ਤੱਕ ਰੋਂਦੀਆਂ
ਕਈ ਮਾਵਾਂ ਵਾਦੀ ਦੀਆਂ
ਪਰ ਕੌਣ ਵੰਡਾਵੇ ਪੀੜਾਂ
ਇਸ ਸੋਹਣੀ ਵਾਦੀ ਦੀਆਂ।



• **ਜਸਵਿੰਦਰ ਸਿੰਘ**
ਮੋਬਾਈਲ : 95923-00387

ਕੌਮੀ ਪੱਤ੍ਰਿਕਾ

# ਸ੍ਰੀ ਅਨਿਲ ਵਿਜ ਸਮੇਤ ਮੰਤਰੀਆਂ ਨੂੰ ਮੁੱਖ ਮੰਤਰੀ ਨੇ ਕਰਵਾਇਆ ਅਹੁਦਾ ਗ੍ਰਹਿਣ ਮੌਜੂਦਾ ਸਰਕਾਰ ਨੌਨ-ਸਟਾਪ ਢੰਗ ਨਾਲ ਕਰੇਗੀ ਕੰਮ

**ਚੰਡੀਗੜ੍ਹ, 23 ਅਕਤੂਬਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਨੇ ਅੱਜ ਹਰਿਆਣਾ ਸਿਵਲ ਸਕੱਤਰੇਤ ਵਿਚ ਮੰਤਰੀਆਂ ਨੂੰ ਉਨ੍ਹਾਂ ਦੇ ਦਫਤਰ ਵਿਚ ਵਿਧੀਵਤ ਰੂਪ ਨਾਲ ਅਹੁਦਾ ਗ੍ਰਹਿਣ ਕਰਵਾਇਆ।

ਮੁੱਖ ਮੰਤਰੀ ਨੇ ਸੱਭ ਤੋਂ ਪਹਿਲਾਂ ਸ੍ਰੀ ਅਨਿਲ ਵਿਜ ਨੂੰ ਅਹੁਦਾ ਗ੍ਰਹਿਣ ਕਰਾਇਆ ਅਤੇ ਉਨ੍ਹਾਂ ਨੂੰ ਗੁਲਦਸਤਾ ਭੇਂਟ ਕਰ ਤੇ ਲੱਡੂ ਖਿਲਾ ਕੇ ਮੁਬਾਰਕਬਾਦ ਦਿੱਤੀ। ਸ੍ਰੀ ਅਨਿਲ ਵਿਜ ਨੇ ਮੁੱਖ ਮੰਤਰੀ ਦੇ ਨਾਲ ਮੀਡੀਆ ਨਾਲ ਗਲਬਾਤ ਕਰਦੇ ਹੋਏ ਕਿਹਾ ਕਿ ਅੱਜ ਖੁਸ਼ੀ ਦਾ ਦਿਨ ਹੈ। ਮੌਜੂਦਾ ਸਰਕਾਰ ਪਹਿਲਾਂ ਦੇ ਦੋ ਕਾਰਜਕਾਲ ਦੀ ਤਰ੍ਹਾ ਸਿਰਫ ਨੌਨ-ਸਟਾਪ ਹੀ ਨਹੀਂ ਚੱਲੇਗੀ ਸਗੋ ਮੈਟਰੋ ਦੀ ਸਪੀਡ ਨਾਲ ਦੌੜੇਗੀ। ਇਕ ਸੁਆਲ ਦਾ ਜਵਾਬ ਵਿਚ ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੇ ੧ ਵੀ ਜਿਮੇਵਾਰੀ ਦਿੱਤੀ ਜਾਂਦੀ ਹੈ ਉਸ ਨੂੰ ਉਹ ਪੂਰੀ ਇਮਾਨਦਾਰੀ ਨਾਲ ਨਿਭਾਉਂਦੇ ਆਏ ਹਨ ਅਤੇ ਅੱਗੇ ਵੀ ਇਸ ਨੂੰ ਨਿਭਾਉਂਦੇ ਰਹਿਣਗੇ।

ਸ੍ਰੀ ਅਨਿਲ ਵਿਜ ਨੇ ਕਿਹਾ ਕਿ ਲਗਭਗ 25 ਹਜਾਰ ਨੌਕਰੀਆਂ ਦਾ ਜੋ ਰਿਜਲਟ ਕੱਢਿਆ ਹੈ ਉਸ ਨੂੰ ਲੈ ਕੇ ਸੂਬਾ ਹੀ ਨਹੀਂ ਦੇਸ਼ ਵਿਚ ਚਰਚਾ ਹੋ ਰਹੀ ਹੈ। ਸੋਸ਼ਲ ਮੀਡੀਆ 'ਤੇ ਲੋਕ ਲਿਖ ਰਹੇ ਹਨ ਕਿ ਉਨ੍ਹਾਂ ਦੇ ਪਿੰਡ ਦੇ ਨੌਜੁਆਨ ਬਿਨ੍ਹਾਂ ਪੁਰਚੀ-ਖਰਚੀ ਦੇ ਨੌਕਰੀ ਲੱਗੇ ਹਨ। ਉਨ੍ਹਾਂ ਨੇ ਮੈਰਿਟ ਦੇ ਆਧਾਰ 'ਤੇ ਦਿੱਤੀ ਜਾ ਰਹੀ ਨੌਕਰੀਆਂ ਨੂੰ ਦੇਸ਼ਸ਼ਵਿਚ ਮੈਰਿਟ-ਕ੍ਰਾਂਤੀ ਕਰਾਰ ਦਿੱਤਾ ਹੈ।

ਮੀਡੀਆ ਨਾਲ ਗਲਬਾਤ ਕਰਦੇ ਹੋਏ ਸ੍ਰੀ ਕ੍ਰਿਸ਼ਣ ਲਾਲ ਪੰਵਾਰ ਨੇ ਕਿਹਾ ਕਿ ਸਾਡੀ ਸਰਕਾਰ ਨੇ ਕਾਰਜਭਾਰ ਸੰਭਾਲਦੇ ਹੀ ਨੌਜੁਆਨਾਂ ਨੂੰ ਰੁਜਗਾਰ ਪ੍ਰਦਾਨ ਕਰਨ ਦਾ ਆਪਣਾ ਵਾਇਦਾ ਪੂਰਾ ਕੀਤਾ ਹੈ।

ਇਸ ਦੇ ਤਹਿਤ ਹੀ ਸਰਕਾਰ ਨੇ ਲਗਭਗ 25 ਹਜਾਰ ਨੌਜੁਆਨਾਂ ਨੂੰ ਨੌਕਰੀ ਦੇ ਕੇ ਦੀਵਾਲੀ ਦਾ ਤੋਹਫਾ ਦਿੱਤਾ ਹੈ। ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਸੰਵਿਧਾਨ ਅਨੁਰੂਪ ਕੰਮ ਕਰ ਰਹੀ ਹੈ ਅਤੇ ਸੰਵਿਧਾਨ ਸੁਰੱਖਿਅਤ ਹੱਥਾ ਵਿਚ ਹੈ।

ਅਹੁਦਾ ਗ੍ਰਹਿਣ ਕਰਨ ਦੇ ਬਾਅਦ ਕੈਬੀਨੇਟ ਮੰਤਰੀ ਰਾਓ ਨਰਬੀਰ ਸਿੰਘ ਨੇ ਕਿਹਾ ਕਿ ਸੰਕਲਪ ਪੱਤਰ ਵਿਚ ਜੋ ਵਾਦੇ ਸੂਬੇ ਦੀ ਜਨਤਾ ਨਾਲ ਕੀਤੇ ਸਨ, ਉਨ੍ਹਾਂ ਨੂੰ ਪੂਰਾ ਕਰਨ ਦੀ ਪ੍ਰਾਥਮਿਕਤਾ ਰਹੇਗੀ। ਉੱਥੇ ਸੂਬੇ ਦੀ ਆਰਥਕ ਰਾਜਧਾਨੀ ਵਜੋ ਪਹਿਚਾਣੇ ਜਾਣ ਵਾਲੇ ਗੁਰੂਗ੍ਰਾਮ ਵਿਚ ਜਲਭਰਾਵ ਵਰਗੀ ਸਮਸਿਆ ਦਾ ਵੀ ਜਲਦੀ ਹੱਲ ਕੀਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਵਾਤਾਵਰਣ ਦਾ ਸਰੰਖਣ ਸਰਕਾਰ ਦਾ ਹੀ ਨਹੀਂ ਆਮ ਲੋਕਾਂ ਦੀ ਵੀ ਜਿਮੇਵਾਰੀ ਹੈ।

ਕੈਬੀਨੇਟ ਮੰਤਰੀ ਸ੍ਰੀ ਮਹੀਪਾਲ ਢਾਂਡਾ ਨੇ ਕਿਹਾ ਕਿ ਸਾਡੀ ਸਰਕਾਰ ਦਾ ਟੀਚਾ ਜਰੂਰਤਮੰਦ, ਗਰੀਬ ਨੌਜੁਆਨਾਂ ਤੇ ਕਿਸਾਨਾਂ ਦੇ ਜੀਵਨ ਨੂੰ ਸਰਲ ਬਨਾਉਣਾ ਹੈ। ਨੌਜੁਆਨਾਂ ਨੂੰ ਬਿਨ੍ਹਾਂ ਪਰਚੀ-ਖਰਚੀ ਦੇ ਨੌਕਰੀਆਂ ਦਿੱਤੀਆਂ ਹਨ ਅਤੇ ਭਵਿੱਖ ਵਿਚ ਵੀ ਇਸੀ ਸੰਕਲਪ ਦੇ ਨਾਲ ਨੌਕਰੀਆਂ ਦਿੱਤੀਆਂ ਜਾਣਗੀਆਂ। ਕਿਸਾਨਾਂ ਦੀ ਫਸਲਾਂ ਦੀ ਐਮਐਸਪੀ ਦੇ ਤਹਿਤ ਖਰੀਦ ਕੀਤੀ ਜਾ ਰਹੀ ਹੈ, ਜਿਸ ਨਾਲ ਕਿਸਾਨਾਂ ਨੂੰ ਰਾਹਤ ਮਿਲੀ ਹੈ।

ਕੈਬਨਿਟ ਮੰਤਰੀ ਸ੍ਰੀ ਵਿਪੁਲ ਗੋਇਲ ਨੇ ਕਿਹਾ ਕਿ ਉਹ ਸੂਬੇ ਦੀ ਜਨਤਾ ਦੇ ਭਰੋਸੇ 'ਤੇ ਖਰੇ ਸਾਬਿਤ ਹੋਣਗੇ। ਉਨ੍ਹਾਂ ਨੇ ਜਨਤਾ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀ ਪ੍ਰਾਥਮਿਕਤਾ ਭਾਜਪਾ ਦੇ ਸੰਕਲਪ ਪੱਤਰ ਨੂੰ ਲਾਗੂ ਕਰਨਾ ਹੈ। ਉਹ ਸਿਰਫ ਵਿਕਾਸ ਦੀ ਨੀਤੀ ਵਿਚ ਭਰੋਸਾ ਰੱਖਦੇ ਹਨ। ਉਹ ਹੁਣ ਫਰੀਦਾਬਾਦ ਨੂੰ ਵਿਕਸਿਤ ਸ਼ਹਿਰ ਬਨਾਉਣ ਦਾ ਕੰਮ ਕਰਣਗੇ। ਨਾਲ ਹੀ ਵਿਕਾਸ ਦੇ ਕੰਮਾਂ ਨੂੰ ਵੀ ਪ੍ਰਾਥਮਿਕਤਾ ਨਾਲ ਪੂਰਾ ਕਰਣਗੇ।

ਕੈਬਨਿਟ ਮੰਤਰੀ ਡਾ. ਅਰਵਿੰਦ ਕੁਮਾਰ ਸ਼ਰਮਾ ਨੇ ਅਹੁਦਾ ਅਹੁਦਾ ਗ੍ਰਹਿਣ ਕਰਨ ਬਾਅਦ ਕਿਹਾ ਕਿ ਲੋਕਾਂ ਨੇ ਭਾਰਤੀ ਜਨਤਾ ਪਾਰਟੀ ਦੀ ਨੀਤੀਆਂ ਵਿਚ ਭਰੋਸਾ ਵਿਅਕਤ ਕੀਤਾ ਹੈ। ਹੁਣ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਨੇ ਜਨਤਾ ਦੀ ਸੇਵਾ ਕਰਨ ਦਾ ਜੋ ਮੌਕਾ ਉਨ੍ਹਾਂ ਨੂੰ ਦਿੱਤਾ ਹੈ ਉਸ ਕਸੌਟੀ 'ਤੇ ਉਹ ਖਰਰਾ ਉਤਰਣ ਦਾ ਯਤਨ ਕਰਣਗੇ।

ਕੈਬੀਨੇਟ ਮੰਤਰੀ ਸ੍ਰੀ ਸ਼ਾਮ ਸਿੰਘ ਰਾਣਾ ਨੇ ਇਸ ਮੌਕੇ 'ਤੇ ਕਿਹਾ ਕਿ ਅੱਜ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦਾ ਨਾਂਅ ਪੂਰੇ ਵਿਸ਼ਸ਼ ਵਿਚ ਹੈ ਅਤੇ ਇਹੀ ਕਾਰਨ ਹੈ ਕਿ ਤੀਜੀ ਵਾਰ ਸੂਬੇ ਵਿਚ ਭਾਰਤੀ ਜਨਤਾ ਪਾਰਟੀ ਦਾ ਪਰਚਮ ਲਹਿਰਾਇਆ ਹੈ।

ਕੈਬੀਨੇਟ ਮੰਤਰੀ ਸ੍ਰੀ ਰਣਬੀਰ ਗੰਗਵਾ ਨੇ ਕਿਹਾ ਕਿ ਬਰਵਾਲਾ ਹਲਕੇ ਦੀ ਮੁੱਖ ਸਮਸਿਆਵਾਂ ਨੂੰ ਹੱਲ ਕਰਵਾਉਣ ਤੋਂ ਇਲਾਵਾ ਪਾਰਟੀ ਦੇ ਸੰਕਲਪ ਪੱਤਰ ਵਿਚ ਕੀਤੇ ਗਏ ਐਲਾਨਾਂ ਨੂੰ ਪੂਰਾ ਕਰਵਾਉਣ ਉਨ੍ਹਾਂ ਦਾ ਪਹਿਲਾ ਉਦੇਸ਼ ਰਹੇਗਾ। ਸ੍ਰੀ ਰਣਬੀਰ ਗੰਗਵਾ ਨੇ ਇਸ ਦੌਰਾਨ ਕਿਹਾ ਕਿ ਤੀਜੀ ਵਾਰ ਸੂਬੇ ਵਿਚ ਬਣੀ ਬੀਜੇਪੀ ਸਰਕਾਰ ਵਿਕਾਸ ਦੇ ਨਵੇਂ ਮੁਕਾਮ ਲਿਖਣ ਦਾ ਕੰਮ ਕਰੇਗੀ। ਉਨ੍ਹਾਂ ਨੇ ਕਿਹਾ ਕਿ ਜਨਤਾ ਨੇ ਜੋ ਭਰੋਸਾ ਉਨ੍ਹਾਂ 'ਤੇ ਜਤਾਇਆ ਹੈ, ਉਸ 'ਤੇ ਪੂਰੀ ਤਰ੍ਹਾ ਖਰਾ ਉਤਰਣਗੇ।

ਕੈਬੀਨੇਟ ਮੰਤਰੀ ਸ੍ਰੀਮਤੀ ਸ਼ਰੂਤੀ ਚੌਧਰੀ ਨੇ ਕਿਹਾ ਕਿ ਮਹਿਲਾ ਸ਼ਸ਼ਤੀਕਰਣ ਤੇ ਕਿਸਾਨ ਭਲਾਈ ਸਾਡੀ ਸਰਕਾਰ ਦੀ ਪ੍ਰਾਥਮਿਕਤਾਵਾਂ ਹੋਣਗੀਆਂ। ਉਨ੍ਹਾਂ ਨੇ ਕਿਹਾ ਕਿ ਵਿਧਾਨਸਭਾ ਚੋਣ ਵਿਚ ਲੋਕਾਂ ਨੇ ਆਪਣੇ ਵੋਟ ਰਾਹੀਂ ਕਾਂਗਰਸ ਪਾਰਟੀ ਨੂੰ ਕਰਾਰਾ ਜਵਾਬ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਅੱਜ ਦਾ ਦਿਨ ਮੇਰੇ ਲਈ ਇਤਿਹਾਸਿਕ ਦਿਨ ਹੈ। ਕੈਬੀਨੇਟ ਵਿਚ ਸ਼ਾਮਿਲ ਕਰਨ ਲਈ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਤੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਦਾ ਧੰਨਵਾਦ ਵਿਅਕਤ ਕਰਦੀ ਹਾਂ।

ਉਨ੍ਹਾਂ ਨੇ ਕਿਹਾ ਕਿ ਤੋਸ਼ਸ਼ਮ ਦੇ ਲੋਕਾਂ ਨੂੰ ਉਹ ਆਪਣੇ ਪਰਿਵਾਰ ਮੰਨਦੇ ਹਨ ਅਤੇ ਸਾਰੀ ਜਰੂਰਤਾਂ ਨੂੰ ਪੂਰਾ ਕਰਨ ਤੇ ਉੱਥੇ ਦਾ ਵਿਕਾਸ ਕਰਵਾਉਣ ਦੀ ਪੂਰੀ ਕੋਸ਼ਿਸ਼ ਰਹੇਗੀ।

ਕੈਬੀਨੇਟ ਮੰਤਰੀ ਕੁਮਾਰੀ ਆਰਤੀ ਰਾਓ ਨੇ ਕਿਹਾ ਕਿ ਮੈਨੂੰ ਹਰਿਆਣਾ ਦੀ ਜਨਤਾ ਦਾ ਸੇਵਾ ਕਰਨ ਦਾ ਮੌਕਾ ਮਿਲਿਆ ਹੈ ਜਿਸ ਨੂੰ ਮੈਂ ਬਖੂਬੀ ਨਿਭਾਉਗੀ। ਮੈਂ ਸੂਬੇ ਦੀ ਜਨਤਾ ਨੂੰ ਧੰਨਵਾਦ ਵੀ ਕਰਦੀ ਹਾਂ ਜਿਨ੍ਹਾਂ ਨੇ ਪਿਛਲੇ 10 ਸਾਲਾਂ ਤੋਂ ਇੰਨ੍ਹੀ ਮਿਹਨਤ ਕਰ ਮੈਨੂੰ ਇਸ ਮੁਕਾਮ 'ਤੇ ਪਹੁੰਚਾਇਆ ਹੈ।

ਰਾਜ ਮੰਤਰੀ ਸ੍ਰੀ ਗੌਰਵ ਗੌਤਮ ਨੇ ਕਿਹਾ ਕਿ ਮੁੱਖ ਮੰਤਰੀ ਜੀ ਦੀ ਅਗਵਾਈ ਹੇਠ ਅਸੀਂ ਇਕ ਟੀਮ ਦੀ ਤਰ੍ਹਾ ਕੰਮ ਕਰਾਂਗੇ। ਉਨ੍ਹਾਂ ਨੇ ਕਿਹਾ ਕਿ ਸਾਨੂੰ ਭਰੋਸਾ ਹੈ ਹਰਿਆਣਾ ਨੌਨ-ਸਟਾਪ ਅੱਗੇ ਵਧੇਗਾ ਅਤੇ ਸਾਡਾ ਸੂਬਾ ਦੇਸ਼ਸ਼ਦੇ ਮੋਹਰੀ ਸੂਬਿਆਂ ਵਿਚ ਆਪਣਾ ਨਾਂਅ ਸੁਨਹਿਰੇ ਅੱਖਰਾਂ ਵਿਚ ਦਰਜ ਕਰੇਗਾ।

ਸਾਰੇ ਮੰਤਰੀਆਂ ਨ ਅਹੁਦਾ ਗ੍ਰਹਿਣ ਕਰਨ ਦੇ ਬਾਅਦ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਦਾ ਧੰਨਵਾਦ ਵਿਅਕਤ ਕਰਦੇ ਹੋਏ ਕਿਹਾ ਕਿ ਜਨਤਾ ਨੇ ਜਿਸ ਆਸਾਂ ਤੇ ਉਮੀਦਾਂ ਨਾਲ ਭਾਰਤੀ ਜਨਤਾ ਪਾਰਟੀ ਨੂੰ ਤੀਜੀ ਵਾਰ ਸਰਕਾਰ ਬਨਾਉਣ ਦਾ ਮੌਕਾ ਦਿੱਤਾ ਹੈ, ਉਨ੍ਹਾਂ ਦੀ ਉਮੀਦਾਂ 'ਤੇ ਅਸੀਂ ਖਰੇ ਉਤਰਾਂਗੇ। ਕੈਬੀਨੇਟ ਦੀ ਪਹਿਲੀ ਓਪਚਾਰਿਕ ਮੀਟਿੰਗ ਹੋਈ ਹੈ ਅਤੇ ਜਲਦੀ ਹੀ ਮੰਤਰੀਆਂ ਨੂੰ ਵਿਭਾਗ ਅਲਾਟ ਕੀਤੇ ਜਾਣਗੇ।

ਇਸ ਦੇ ਬਾਅਦ ਵਿਭਾਗ ਅਨੁਸਾਰ ਅੱਗੇ ਦੀ ਰੂਪਰੇਖਾ ਤਿਆਰ ਕੀਤੀ ਜਾਵੇਗੀ।

# ਮੁੱਖ ਮੰਤਰੀ ਨਾਇਬ ਸਿੰਘ ਸੈਨੀ ਨੇ ਪਹਿਲੀ ਕਲਮ ਨਾਲ ਵਾਦਾ ਕੀਤਾ ਪੂਰਾ

**ਚੰਡੀਗੜ੍ਹ, 23 ਅਕਤੂਬਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਨੇ ਅੱਜ ਅਹੁਦਾ ਗ੍ਰਹਿਣ ਕਰਦੇ ਹੀ ਪਹਿਲੀ ਕਲਮ ਨਾਲ ਭਾਰਤੀ ਜਨਤਾ ਪਾਰਟੀ ਦੇ ਸੰਕਲਪ -ਪੱਤਰ ਦੇ ਸੰਕਲਪ ਨੂੰ ਪੂਰਾ ਕਰਦੇ ਹੋਏ ਕਿਡਨੀ ਰੋਗੀਆਂ ਨੂੰ ਵੱਡੀ ਰਾਹਤ ਦਿੱਤੀ ਹੈ। ਉਨ੍ਹਾਂ ਨੇ ਸੂਬੇ ਵਿਚ ਗੰਭੀਰ ਕਿਡਨੀ ਰੋਗੀ ਤੋਂ ਪੀੜਤ ਰੋਗੀਆਂ ਲਈ ਮੁਫਤ ਹੇਮੋਡਾਇਲਿਸਿਸ ਸੇਵਾਵਾਂ ਨੂੰ ਮੰਜੂਰੀ ਪ੍ਰਦਾਨ ਕੀਤੀ ਹੈ। ਇਸ ਪਹਿਲ ਨਾਲ ਮੌਜੂਦਾ ਵਿਚ ਡਾਇਲਿਸਿਸ ਸੈਸ਼ਨਾਂ ਤੋਂ ਲੰਘਣ ਵਾਲੇ ਸਾਰੇ ਰੋਗੀਆਂ ਨੂੰ ਸਿੱਧਾ ਲਾਭ ਹੋਵੇਗਾ। ਇਸ ਪਹਿਲ ਦਾ ਉਦੇਸ਼ ਪਰਿਵਾਰਾਂ 'ਤੇ ਨਿਯਮਤ ਡਾਇਲਿਸਿਸ ਉਪਚਾਰ ਨਾਲ ਜੁੜੇ ਵਿੱਤੀ ਬੋਝ ਨੂੰ ਘੱਟ ਕਰਨਾ ਹੈ। ਇੰਨ੍ਹਾਂ ਮਹਤੱਵਪੂਰਨ ਸੇਵਾਵਾਂ ਦੇ ਲਈ ਹੋਣ ਵਾਲੇ ਖਰਚ ਨੂੰ ਹਰਿਆਣਾ ਸਰਕਾਰ ਭੁਗਤਾਨ ਕਰੇਗੀ।

ਮੁੱਖ ਮੰਤਰੀ ਨੇ ਅੱਜ ਇੱਥੇ ਪ੍ਰੈਸ ਕਾਨਫ੍ਰੈਂਸ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਡਾਇਲਿਸਿਸ ਕਰਵਾਉਣ ਲਈ ਮੌਜੂਦਾ ਵਿਚ ਇਕ ਮਰੀਜ ਨੂੰ ਸਰਕਾਰੀ ਹਸਪਤਾਲਾਂ ਵਿਚ ਪ੍ਰਤੀ ਸੈਸ਼ਨ ਔਸਤਨ 2500 ਰੁਪਏ ਤਕ ਖਰਚ ਕਰਨਾ ਪੈਂਦਾ ਹੈ। ਇਸ ਤਰ੍ਹਾ, ਡਾਇਲਿਸਿਸ ਦਾ ਇਹ ਖਰਚ 20 ਤੋਂ 25 ਹਜਾਰ ਰੁਪਏ ਤਕ ਵੀ ਪਹੁੰਚ ਜਾਂਦਾ ਹੈ। ਹੁਣ ਸਰਕਾਰ ਵੱਲੋਂ ਮੁਫਤ ਹੇਮੋਡਾਇਲਿਸਿਸ ਸੇਵਾ ਮਿਲਣ ਨਾਲ ਮਰੀਜਾਂ ਨੂੰ ਇਸ ਭਾਰੀ ਖਰਚ ਤੋਂ ਵੱਡੀ ਰਾਹਤ ਮਿਲੇਗੀ।

ਵਰਨਣਯੋਗ ਹੈ ਕਿ ਸਰਕਾਰ ਦੀ ਇਸ ਪਹਿਲ ਨਾਲ ਆਮਜਨਤਾ ਦੀ ਸਹਿਤ ਸੇਵਾਵਾਂ ਤਕ ਪਹੁੰਚ ਵਧਾਉਣ ਅਤੇ ਜਰੂਰਤਮੰਦ ਵਿਅਕਤੀਆਂ ਦੇ ਜੀਵਨ ਦੀ ਗੁਣਵੱਤਾ ਵਿਚ ਸੁਧਾਰ ਕਰਨ ਦੀ ਦਿਸ਼ਾ ਵਿਚ ਜੋਰ ਮਿਲੇਗਾ। ਇਸ ਪਹਿਲ ਨਾਲ ਰੋਗੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ 'ਤੇ ਮਾਲੀ ਬੋਝ ਵਿਚ ਵਰਨਣਯੋਗ ਕਮੀ ਆਉਣ ਦੀ ਉਮੀਦ ਹੈ। ਮੌਜੂਦਾ ਵਿਚ ਇਹ ਸੇਵਾ 20 ਜਿਲ੍ਹਾ ਹਸਪਤਾਲਾਂ- ਪੰਚਕੂਲਾ, ਯਮੁਨਾਨਗਰ, ਕੁਰੂਕਸ਼ੇਤਰ, ਅੰਬਾਲਾ, ਪਾਣੀਪਤ, ਸੋਨੀਪਤ, ਰੋਹਤਕ, ਝੱਜਰ ਵਿਚ ਬਹਾਦੁਰਗੜ੍ਹ, ਭਿਵਾਨੀ, ਚਰਖੀ ਦਾਦਰੀ, ਮਹੇਂਦਰਗੜ੍ਹ, ਰਿਵਾੜੀ, ਗੁਰੂਗ੍ਰਾਮ, ਫਰੀਦਾਬਾਦ, ਪਲਵਲ, ਸਿਰਸਾ, ਫਤਿਹਾਬਾਦ, ਹਿਸਾਰ, ਜੀਂਦ ਤੇ ਕੈਥਲ ਵਿਚ ਉਪਲਬਧ ਹਨ। ਇਸ ਤੋਂ ਇਲਾਵਾ, 3 ਮੈਡੀਕਲ ਕਾਲਜਾਂ- ਕਰਨਾਲ ਵਿਚ ਕਲਪਣਾ ਚਾਵਲਾ ਮੈਡੀਕਲ ਕਾਲਜ, ਨੂੰਹ ਵਿਚ ਸ਼ਹੀਦ ਹਸਨ ਖਾਂ ਮੇਵਾਤੀ ਮੈਡੀਕਲ ਕਾਲਜ ਅਤੇ ਪੰਡਿਤ ਭਗਵਤ ਦਿਆਲ ਸ਼ਰਮਾ ਮੈਡੀਕਲ ਕਾਲਜ, ਰੋਹਤਕ ਵਿਚ ਇਹ ਸਹੂਲਤ ਉਪਲਬਧ ਹੈ। ਜਲਦੀ ਹੀ ਇਸ ਸਹੂਲਤ ਦਾ ਵਿਸਤਾਰ ਸੂਬੇ ਦੇ ਸਾਰੇ ਮੈਡੀਕਲ ਕਾਲਜਾਂ ਵਿਚ ਕੀਤਾ ਜਾਵੇਗਾ। ਇਹ ਸੇਵਾ ਰਾਜ ਦੇ ਸਾਰੇ ਅਗਾਮੀ ਮੈਡੀਕਲ ਕਾਲਜਾਂ ਅਤੇ ਸਿਹਤ ਸਹੂਲਤਾਂ ਤਕ ਵੀ ਵਿਸਤਾਰਿਤ ਕੀਤੀ ਜਾਵੇਗੀ।

# ਅਨੁਸੂਚਿਤ ਜਾਤੀਆਂ ਦੇ ਉਮੀਦਵਾਰਾਂ ਦੀ ਇੰਟਰ - ਸਿਨਓਰਿਟੀ ਲਈ ਕਾਮਨ ਮੈਰਿਟ ਲਿਸਟ

**ਚੰਡੀਗੜ੍ਹ, 23 ਅਕਤੂਬਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਦੀ ਅਗਵਾਈ ਹੇਠ ਅੱਜ ਇੱਥੇ ਕੈਬੀਨੇਟ ਦੀ ਮੀਟਿੰਗ ਵਿਚ ਮਾਣਯੋਗ ਸੁਪਰੀਮ ਕੋਰਟ ਦੇ ਫੈਸਲੇ ਬਾਅਦ ਆਈ ਹਰਿਆਣਾ ਅਨੁਸੂਚਿਤ ਜਾਤੀ ਆਯੋਗ ਦੀ ਅਨੁਸੂਚਿਤ ਜਾਤੀ ਲਈ ਰਾਖਵਾਂ ਨੂੰ ਵਿਭਾਜਿਤ ਕਰਨ ਦੇ ਰਿਪੋਰਟ ਦੀ ਸਿਫਾਰਿਸ਼ਾਂ ਨੂੰ ਮੰਜੂਰੀ ਪ੍ਰਦਾਨ ਕੀਤੀ ਗਈ ਅਤੇ ਇਸ ਨੂੰ ਸੂਬਾ ਸਰਕਾਰ ਦੇ ਕੰਮ ਨਿਯਮਾਂ ਵਿਚ ਜੋੜਨ ਦੀ ਵੀ ਮੰਜੂਰੀ ਪ੍ਰਦਾਨ ਦਿੱਤੀ ਗਈ।

ਸਰਕਾਰੀ ਸੇਵਾਵਾਂ ਵਿਚ ਵਾਂਝੇ ਅਨੁਸੂਚਿਤ ਜਾਤੀਆਂ ਦੇ ਪ੍ਰਤੀਨਿਧੀਤਵ ਦਾ ਮੁਲਾਂਕਨ ਕਰਨ ਲਈ ਆਯੋਗ ਵੱਲੋਂ ਕੀਤੇ ਗਏ ਸਮਕਾਲੀ ਅਧਿਐਨ ਦੇ ਨਤੀਜੇਵਜੋ , ਆਯੋਗ ਇਸ ਸਿੱਟੇ 'ਤੇ ਪਹੁੰਚਿਆ ਹੈ ਕਿ ਵਾਂਝੇ ਅਨੁਸੂਚਿਤ ਜਾਤੀਆਂ ਦਾ ਰਾਜ ਦੀ ਸਰਕਾਰੀ ਸੇਵਾਵਾਂ ਵਿਚ ਕਾਫੀ ਪ੍ਰਤੀਨਿਧੀਤਵ ਨਹੀਂ ਹੈ, ਜਦੋਂ ਕਿ ਹੋਰ ਅਨੁਸੂਚਿਤ ਜਾਤੀਆਂ ਦਾ ਰਾਜ ਵਿਚ ਅਨੁਸੂਚਿਤ ਜਾਤੀ ਵਰਗ ਵਿਚ ਉਨ੍ਹਾਂ ਦੀ ਆਬਾਦੀ ਦੇ ਅਨੁਪਾਤ ਦੀ ਤੁਲਨਾ ਵਿਚ ਰਾਜ ਦੀ ਸਰਕਾਰੀ ਸੇਵਾਵਾਂ ਵਿਚ ਕਾਫੀ ਤੋਂ ਵੱਧ ਪ੍ਰਤੀਨਿਧੀਤਵ ਹੈ।

ਇਸ ਤੋਂ ਇਲਾਵਾ, ਆਯੋਗ ਨੇ ਸਰਕਾਰੀ ਸੇਵਾਵਾਂ ਵਿਚ ਰਾਖਵਾਂ ਨੂੰ ਲੈ ਕੇ ਸਪਸ਼ਟ ਕੀਤਾ ਹੈ ਕਿ ਅਨੁਸੂਚਿਤ ਜਾਤੀਆਂ ਲਈ ਬਣਾਏ ਗਏ ਰਾਖਵਾਂ ਵਿਚ ਗਰੁੱਪ-ਏ, ਬੀ ਅਤੇ ਸੀ ਵਿਚ ਹੋਰ ਅਨੁਸੂਚਿਤ ਜਾਤੀਆਂ ਨੂੰ ਵੱਧ ਲਾਭ ਮਿਲਿਆ ਹੈ ਅਤੇ ਗਰੁੱਪ-ਡੀ ਦੀ ਸੇਵਾਵਾਂ ਵਿਚ ਵਾਂਝੇ ਅਨੁਸੂਚਿਤ ਜਾਤੀਆਂ ਨੂੰ ਵੱਧ ਲਾਭ ਮਿਲਿਆ ਹੈ। ਇਸ ਲਈ, ਸਮਾਨ ਮੌਕਿਆਂ ਨੂੰ ਯਕੀਨੀ ਕਰਨ ਅਤੇ ਪਬਲਿਕ ਰੁਜਗਾਰ ਵਿਚ ਕਾਫੀ ਪ੍ਰਤੀਨਿਧੀਤਵ ਯਕੀਨੀ ਕਰਨ ਲਈ ਸੂਬਾ ਸਰਕਾਰ ਵੱਲੋਂ ਉੱਪ-ਵਰਗੀਕਰਣ ਕੀਤੇ ਜਾਣ ਦੀ ਜਰੂਰਤ ਹੈ।

ਸੁਪਰੀਮ ਕੋਰਟ ਦੇ ਸੱਤ ਜੱਜਾਂ ਦੀ ਸੰਵੈਧਾਨਿਕ ਚੇਅਰ ਦੇ ਪਹਿਲੀ ਅਗਸਤ, 2024 ਦੇ ਫੈਸਲੇ ਦੇ ਆਧਾਰ 'ਤੇ ਸੂਬਾ ਸਰਕਾਰਾਂ ਵੱਲੋਂ ਅਨੁਸੂਚਿਤ ਜਾਤੀਆਂ ਦੇ ਉੱਪ-ਵਰਗੀਕਰਣ ਦੀ ਮੰਜੂਰੀ ਦਿੱਤੀ ਗਈ ਹੈ। ਹਰਿਆਣਾ ਰਾਜ ਅਨੁਸੂਚਿਤ ਜਾਤੀ ਆਯੋਗ ਅਨੁਸੂਚਿਤ ਜਾਤੀਆਂ ਦੀ ਉੱਪ-ਵਰਗੀਕਰਣ ਅਤੇ ਅਨੁਸੂਚਿਤ ਜਾਤੀਆਂ ਦੀ ਸ਼੍ਰੇਣੀ ਦੇ ਅੰਦਰ ਰਾਖਵਾਂ ਦੇ ਸਿਦਾਂਤ ਦੇ ਲਈ ਕਾਰਵਾਈ ਦੀ ਸਿਫਾਰਿਸ਼ ਕਰਦਾ ਹੈ।

ਸੇਵਾਵਾਂ ਵਿਚ ਉੱਪ-ਵਰਗੀਕਰਣ ਰਾਖਵਾਂ ਦੇ ਪ੍ਰਯੋਜਨ ਦੇ ਲਈ ਹਰਿਆਣਾ ਵਿਚ ਅਨੁਸੂਚਿਤ ਜਾਤੀਆਂ ਦੋ ਸ਼ਸ਼ੇਣੀਆਂ ਵਿਚ ਹੋਣਗੀਆਂ ਜਿਵੇਂ ਕਿ ਵਾਂਝੇ ਅਨੁਸੂਚਿਤ ੧ਾਤੀਆਂ ਅਤੇ ਹੋਰ ਅਨੁਸੂਚਿਤ ਜਾਤੀਆਂ (ਓਐਸਸੀ)। ਹੋਰ ਅਨੁਸੂਚਿਤ ਜਾਤੀਆਂ ਵਿਚ ਚਮਾਰ, ੧ਟਿਆ ਚਮਾਰ, ਰੇਹਗਰ, ਰੈਗਰ, ਰਾਮਦਾਸੀ, ਰਵੀਦਾਸੀ, ਬਲਾਹੀ, ਬਟਾਈ, ਭਟੋਲ, ਭਾਂਬੀ, ਚਮਾਰ-ਰੋਹਿਦਾਸ, ਜਾਟਵ, ਜਾਟਵਾ ਮੋਚੀ, ਰਾਮਦਾਸੀਆ ਸ਼ਾਮਿਲ ਹੋਣਗੇ। ਵਾਂਝੇ ਅਨੁਸੂਚਿਤ ਜਾਤੀਆਂ (ਡੀਐਸਸੀ) ਵਿਚ ਬਾਕੀ 36 ਅਨੁਸੂਚਿਤ ਜਾਤੀਆਂ ਸ਼ਾਮਿਲ ਹੋਣਗੀਆਂ।

ਸਰਕਾਰੀ ਸੇਵਾਵਾਂ ਵਿਚ ਸਿੱਧੀ ਭਰਤੀ ਵਿਚ ਅਨੁਸੂਚਿਤ ੧ਾਤੀਆਂ ਦੇ ਲਈ ਰਾਖਵਾਂ 20 ਫੀਸਦੀ ਕੋਟੇ ਵਿੱਚੋਂ ਅੱਧਾ ਜਾਂ 10 ਫੀਸਦੀ ਕੋਟਾ ਵਾਂਝੇ ਅਨੁਸੂਚਿਤ ਜਾਤੀਆਂ ਦੇ ਉਮੀਦਵਾਰਾਂ ਦੇ ਲਈ ਰਾਖਵਾਂ ਰਹੇਗਾ। ਜੇਕਰ ਵਾਂਝੇ ਅਨੁਸੂਚਿਤ ਜਾਤੀਆਂ ਦੇ ਉਪਯੁਕਤ ਉਮੀਦਵਾਰ ਉਪਲਬਧ ਨਹੀਂ ਹਨ ਤਾਂ ਹੀ ਹੋਰ ਅਨੁਸੂਚਿਤ ਜਾਤੀਆਂ ਦੇ ਉਮੀਦਵਾਰਾਂ ਨੂੰ ਬਾਕੀ ਖਾਲੀ ਅਹੁਦਿਆਂ " ਨਿਯੁਕਤੀ ਦੇ ਲਈ ਵਿਚਾਰ ਕੀਤਾ ਜਾ ਸਕਦਾ ਹੈ।

ਇਸੀ ਤਰ੍ਹਾ, ਅੱਧਾ ਜਾਂ 10 ਫੀਸਦੀ ਕੋਟਾ ਹੋਰ ਅਨੁਸੂਚਿਤ ਜਾਤੀਆਂ ਦੇ ਉਮੀਦਵਾਰਾਂ ਦੇ ਲਈ ਰਾਖਵਾਂ ਹੋਵੇਗਾ। ਜੇਕਰ ਹੋਰ ਅਨੁਸੂਚਿਤ ਜਾਤੀਆਂ ਦੇ ਉਪਯੋਕਤ ਉਮੀਦਵਾਰ ਉਪਲਬਧ ਨਹੀਂ ਹਨ ਤਾਂ ਹੀ ਵਾਂਝੇ ਅਨੁਸੂਚਿਤ ਜਾਤੀਆਂ ਦੇ ਉਮੀਦਵਾਰਾਂ ਨੂੰ ਬਾਕੀ ਖਾਲੀ ਅਹੁਦਿਆਂ 'ਤੇ ਨਿਯੁਕਤੀ ਲਈ ਵਿਚਾਰ ਕੀਤਾ ਜਾ ਸਕਦਾ ਹੈ।

ਵਾਂਝੀ ਅਨੁਸੂਚਿਤ ੧ਾਤੀ ਅਤੇ ਹੋਰ ਅਨੁਸੂਚਿਤ ਜਾਤੀਆਂ ਦੇ ਉਮੀਦਵਾਰਾਂ ਦੀ ਇੰਟਰ-ਸਿਨਓਰਿਟੀ ਭਰਤੀ ਏਜੰਸੀ ਵੱਲੋਂ ਤਿਆਰ ਕੀਤੀ ਗਈ ਕਾਮਨ ਮੈਰਿਟ ਲਿਸਟ ਅਨੁਸਾਰ ਹੋਵੇਗੀ। ਮੌਜੂਦਾ ਰੋਸਟਰ ਪ੍ਰਨਾਲੀ ਦੇ ਅੰਦਰ ਹਰੇਕ ਬਲਾਕ ਲਈ ਵੱਖ-ਵੱਖ ਰੋਸਟਰ ਨੰਬਰ ਨਿਰਧਾਰਿਤ ਕਰਨ ਦੀ ਜਰੂਰਤ ਨਹੀਂ ਹੋਵੇਗੀ।ਇਸ ਸਬੰਧ ਵਿਚ ਕੇਂਦਰ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਸ਼ ਦੇ ਆਧਾਰ " ਸਮੇਂ -ਸਮੇਂ " ਅਨੁਸੂਚਿਤ ਜਾਤੀ ਦੀ ਸੂਚੀ ਨੂੰ ਅਪਡੇਟ ਕੀਤਾ ਜਾਵੇਗਾ।

# ਹਰ ਖੇਤਰ -ਹਰ ਵਰਗ ਦੀ ਜਰੂਰਤਾਂ ਅਨੁਸਾਰ ਅਗਲੇ 5 ਸਾਲਾਂ ਵਿਚ ਲਏ ਜਾਣਗੇ ਨਵੇਂ ਫੈਸਲੇ - ਮੁੱਖ ਮੰਤਰੀ

**ਚੰਡੀਗੜ੍ਹ, 23 ਅਕਤੂਬਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਨੇ ਲਗਾਤਾਰ ਤੀਜੀ ਵਾਰ ਵੱਡੇ ਬਹੁਮਤ ਨਾਲ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਨਾਉਣ ਲਈ ਸੂਬਾਵਾਸੀਆਂ ਦਾ ਧੰਨਵਾਦ ਵਿਅਕਤ ਕਰਦੇ ਹੋਏ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਨੀਤੀਆਂ ਦਾ ਅਨੁਸਰਣ ਕਰਦੇ ਹੋਏ ਸਾਡੀ ਸਰਕਾਰ ਗਰੀਬ, ਨੌਜੁਆਨ, ਅੰਨਦਾਤਾ ਦੀ ਭਲਾਈ ਤੇ ਨਾਰੀ ਸ਼ਕਤੀਕਰਣ ਲਈ ਕ੍ਰਿਤ ਸੰਕਲਪ ਹੋ ਕੇ ਕੰਮ ਕਰੇਗੀ। ਹਰ ਖੇਤਰ-ਹਰ ਵਰਗ ਦੀ ਜਰੂਰਤਾਂ ਦੇ ਅਨੁਸਾਰ ਨਵੇਂ ਫੈਸਲੇ ਲਏ ਜਾਣਗੇ ਅਤੇ ਪਹਿਲਾਂ ਤੋਂ ਚੱਲ ਰਹੇ ਕੰਮਾਂ ਨੂੰ ਨੌਨ-ਸਟਾਪ ਅੱਗੇ ਵਧਾਇਆ ਜਾਵੇਗਾ। ਵਿਕਸਿਤ ਭਾਰਤ ਦੇ ਸੰਕਲਪ ਵਿਚ ਹਰਿਆਣਾ ਦੀ ਭੂਮਿਕਾ ਹੋਰ ਵੱਧ ਮਹਤੱਵਪੂਰਨ ਹੋਵੇਗੀ।

ਮੁੱਖ ਮੰਤਰੀ ਅੱਜ ਇੱਥੇ ਨਵੇਂ ਗਠਨ ਕੈਬੀਨੇਟ ਦੀ ਪਹਿਲੀ ਮੀਟਿੰਗ ਦੀ ਅਗਵਾਈ ਕਰਨ ਬਾਅਦ ਪ੍ਰੈਸ ਕਾਨਫ੍ਰੈਂਸ ਨੂੰ ਸੰਬੋਧਿਤ ਕਰ ਰਹੇ ਸਨ।

ਸ੍ਰੀ ਨਾਇਬ ਸਿੰਘ ਸੈਨੀ ਨੇ ਕਿਹਾ ਕਿ ਸੂਬੇ ਦੀ ਜਨਤਾ ਨੈ ਤੀਜੀ ਵਾਰ ਬਹੁਤ ਵੱਡੇ ਬਹੁਮਤ ਦੇ ਨਾਲ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਭਲਾਈਕਾਰੀ ਨੀਤੀਆਂ 'ਤੇ ਮੋਹਰ ਲਗਾਈ ਹੈ। ਚੋਣ ਦੌਰਾਨ ਵਿਰੋਧੀ ਧਿਰ ਨੇ ਜੋ ਨੈਰੇਟਿਵ ਬਣਾਇਆ , ਉਸ ਨੂੰ ਜਨਤਾ ਨੇ ਧਰਾਸ਼ਾਹੀ ਕਰਨ ਦਾ ਕੰਮ ਕੀਤਾ ਹੈ। ਵਿਰੋਧੀ ਧਿਰ ਨੇ ਚੋਣ ਵਿਚ ਖਿਡਾਰੀਆਂ ਦਾ ਇਸਤੇਮਾਲ ਕੀਤਾ, ਕਿਸਾਨਾਂ ਨੂੰ ਵੀ ਗੁਮਰਾਹ ਸਥਿਤੀ ਵਿਚ ਪਾਉਣ ਦਾ ਕੰਮ ਕੀਤਾ ਅਤੇ ਇੱਥੇ ਤਕ ਕਿ ਨੌਜੁਆਨਾਂ ਨੂੰ ਪਰਚੀ-ਖਰਚੀ ਦੀ ਗੱਲ ਕਹੀ। ਵਿਰੋਧੀ ਧਿਰ ਦੀ ਅਜਿਹੀ ਗੱਲਾਂ ਦੀ ਜੋ ਮੂਲ ਭਾਵਨਾ ਸਮਝ ਆਈ ਤਾਂ ਭ੍ਰਿਸ਼ਟਾਚਾਰ ਸੀ। ਨੌਜੁਆਨਾਂ ਨੂੰ ਵੀ ਸਮਝ ਆਈ ਕਿ ਸਾਲ 2014 ਤੋਂ ਪਹਿਲਾਂ ਜਿਸ ਤਰ੍ਹਾ ਭ੍ਰਿਸ਼ਟਾਚਾਰ ਦੇ ਆਧਾਰ " ਨੌਕਰੀਆਂ ਮਿਲਦੀਆਂ ਸਨ, ਉਸੀ ਤਰ੍ਹਾ ਫਿਰ ਤੋਂ ਸ਼ੁਰੂ ਹੋ ਜਾਣਗੀਆਂ। ਪਰ ਸੂਬੇ ਦੀ ਜਨਤਾ ਨੇ ਕਾਂਗਰਸ ਦੇ ਇਸ ਨੈਰੇਟਿਵ ਨੂੰ ਧਰਾਸ਼ਸ਼ਹੀ ਕਰਦੇ ਹੋਏ ਭਾਰਤੀ ਜਨਤਾ ਪਾਰਟੀ ਨੂੰ ਪੂਰਾ ਬਹੁਮਤ ਦੇਣ ਦਾ ਕੰਮ ਕੀਤਾ।

ਉਨ੍ਹਾਂ ਨੇ ਕਿਹਾ ਕਿ ਜਿਸ ਤਰ੍ਹਾ ਅੱਜ ਮੈਨੂੰ ਮੁੱਖ ਮੰਤਰੀ ਵਜੋਂ ਕਾਰਜਭਾਰ ਗ੍ਰਹਿਣ ਕੀਤਾ ਹੈ, ਉਸੀ ਤਰ੍ਹਾ ਅੱਜ ਸੂਬੇ ਵਿਚ 25 ਹਜਾਰ ਨੌਜੁਆਨਾਂ ਨੇ ਵੀ ਨੌਕਰੀ ਵਿਚ ਜੁਆਇਨ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਇਹ ਗਰੀਬ ਵੱਲੋਂ ਚੁਣੀ ਗਈ ਸਰਕਾਰ ਹੈ। ਸੂਬੇ ਦੇ 2.80 ਕਰੋੜ ਲੋਕਾਂ ਨੇ ਭਾਰਤੀ ਜਨਤਾ ਪਾਰਟੀ ਦੀ ਅਗਵਾਈ 'ਤੇ ਭਰੋਸਾ ਜਤਾਉਂਦੇ ਹੋਏ ਸਾਡੀ ਸਰਕਾਰ ਬਣਾਈ ਹੈ। ਉਨ੍ਹਾਂ ਨੇ ਕਿਹਾ ਕਿ ਪਿਛਲੇ 10 ਸਾਲਾਂ ਵਿਚ ਸਾਡੀ ਡਬਲ ਇੰਜਨ ਦੀ ਸਰਕਾਰ ਨੇ ਹਰੇਕ ਵਰਗ ਦੀ ਭਲਾਈ ਲਈ ਇਤਿਹਾਸਕ ਫੈਸਲੇ ਲਏ ਹਨ ਅਤੇ 10 ਸਾਲ ਬਾਅਦ ਜਦੋਂ ਅਸੀਂ ਚੋਣ ਵਿਚ ਜਨਤਾ ਦੇ ਵਿਚ ਗਏ ਤਾਂ ਲੋਕਾਂ ਨੇ ਖੁਲ ਕੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਨੀਤੀਆਂ ਦਾ ਸਮਰਥਨ ਕਰਦੇ ਹੋਏ ਵਿਰੋਧੀ ਧਿਰ ਦੇ ਪ੍ਰੋਪੇਗੋਂਡਾ ਨੂੰ ਸਿਰੇ ਤੋਂ ਨਕਾਰਦੇ ਹੋਏ ਕਮਲ ਦਾ ਬਟਨ ਦਬਾ ਕੇ ਵਿਰੋਧੀ ਧਿਰ ਨੂੰ ਜਵਾਬ ਦੇਣ ਦਾ ਕੰਮ ਕੀਤਾ ਹੈ।

ਅਪਰਾਧਿਕ ਗਤੀਵਿਧੀਆਂ ਵਿਚ ਸ਼ਾਮਿਲ ਵਿਅਕਤੀ ਨੂੰ ਚੇਤਾਵਨੀ ਦਿੰਦੇ ਹੋਏ ਮੁੱਖ ਮੰਤਰੀ ਨੇ ਸਪਸ਼ਟ ਰੂਪ ਨਾਲ ਕਿਹਾ ਕਿ ਅਜਿਹੇ ਵਿਅਕਤੀ ਜਾਂ ਤਾਂ ਸੁਧਰ ਜਾਣ, ਨਹੀਂ ਤਾਂ ਸੂਬਾ ਛੱਡ ਦੇਣ ਨਹੀਂ ਤਾਂ ਅਸੀਂ ਸੁਧਾਰ ਦਵਾਂਗੇ। ਉਨ੍ਹਾਂ ਨੇ ਕਿਹਾ ਕਿ ਅਜਿਹੇ ਲੋਕਾਂ ਦੀ ਸੂਬੇ ਵਿਚ ਕੋਈ ਥਾਂ ਨਹੀਂ ਹੈ। ਹਰ ਵਿਅਕਤੀ ਦੀ ਰੱਖਿਆ-ਸੁਰੱਖਿਆ ਦੀ ਜਿਮੇਵਾਰੀ ਸੂਬਾ ਸਰਕਾਰ ਦੀ ਹੈ।

# ਝੋਨਾ ਖਰੀਦ ਲਈ ਕਿਸਾਨਾਂ ਨੂੰ 3,387 ਕਰੋੜ ਰੁਪਏ ਦਾ ਕੀਤਾ ਜਾ ਚੁੱਕਾ ਭੁਗਤਾਨ

**ਚੰਡੀਗੜ੍ਹ, 23 ਅਕਤੂਬਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਨੇ ਕਿਹਾ ਕਿ ਸੂਬਾ ਸਰਕਾਰ ਕਿਸਾਨਾਂ ਦੀ ਖਰੀਫ ਫਸਲਾਂ ਦਾ ਇਕ-ਇਕ ਦਾਨਾ ਐਮਐਸਪੀ 'ਤੇ ਖਰੀਦਣ ਲਈ ਪ੍ਰਤੀਬੱਧ ਹੈ। ਚਾਲੂ ਖਰੀਫ ਸੀਜਨ ਦੌਰਾਨ ਝੋਨਾ ਤੇ ਬਾਜਰੇ ਦੀ ਖਰੀਦ ਘੱਟੋ ਘੱਟ ਸਹਾਇਕ ਮੁੱਲ 'ਤੇ ਕੀਤੀ ਜਾ ਰਹੀ ਹੈ। ਹੁਣ ਤਕ ਮੰਡੀਆਂ ਵਿਚ 30 ਲੱਖ ਮੀਟ੍ਰਿਕ ਟਨ ਝੋਨੇ ਦੀ ਆਮਦ ਹੋਈ ਹੈ, ਜਿਸ ਵਿੱਚੋਂ 25,55,319 ਮੀਟ੍ਰਿਕ ਟਨ ਝੋਨੇ ਦੀ ਖਰੀਦ ਐਮਐਸਪੀ 'ਤੇ ਕੀਤੀ ਜਾ ਚੁੱਕੀ ਹੈ। ਝੋਨਾ ਖਰੀਦ ਲਈ ਕਿਸਾਨਾਂ ਨੂੰ 3,056 ਕਰੋੜ ਰੁਪਏ ਦਾ ਭੁਗਤਾਨ ਸਿੱਧਾ ਕਿਸਾਨਾਂ ਦੇ ਖਾਤਿਆਂ ਵਿ ਕੀਤਾ ਜਾ ਚੁੱਕਾ ਹੈ। ਮੰਡੀਆਂ ਤੋਂ 13,90,199 ਮੀਟ੍ਰਿਕ ਟਨ ਝੋਨੇ ਦਾ ਉਠਾਨ ਕੀਤਾ ਜਾ ਚੁੱਕਾ ਹੈ।

ਮੁੱਖ ਮੰਤਰੀ ਅੱਜ ਇੱਥੇ ਨਵੇਂ ਨਿਯੁਕਤ ਕੈਬੀਨੇਟ ਦੀ ਪਹਿਲੀ ਮੀਟਿੰਗ ਦੀ ਅਗਵਾਈ ਕਰਨ ਬਾਅਦ ਪ੍ਰੈਸ ਕਾਨਫ੍ਰੈਂਸ ਨੂੰ ਸੰਬੋਧਿਤ ਕਰ ਰਹੇ ਸਨ।

ਸ੍ਰੀ ਨਾਇਬ ਸਿੰਘ ਸੈਨੀ ਨੇ ਕਿਹਾ ਕਿ ਚਾਲੂ ਖਰੀਫ ਸੀਜਨ ਦੌਰਾਨ ਹੁਣ ਤਕ ਮੰਡੀਆਂ ਵਿਚ 3.05 ਲੱਖ ਮੀਟ੍ਰਿਕ ਟਨ ਬਾਜਰੇ ਦੀ ਆਮਦ ਹੋਈ ਹੈ, ਜਿਸ ਵਿੱਚੋਂ 2.77 ਲੱਖ ਮੀਟ੍ਰਿਕ ਟਨ ਦੀ ਖਰੀਦ ਕੀਤੀ ਜਾ ਚੁੱਕੀ ਹੈ। ਮੰਡੀਆਂ ਤੋਂ 1,14,358 ਮੀਟ੍ਰਿਕ ਟਨ ਦਾ ਉਠਾਨ ਕੀਤਾ ਜਾ ਚੁੱਕਾ ਹੈ। ਉਨ੍ਹਾਂ ਨੇ ਦਸਿਆ ਕਿ ਬਾਜਰਾ ਖਰੀਦ ਲਈ ਕਿਸਾਨਾਂ ਨੂੰ 331 ਕਰੋੜ ਰੁਪਏ ਦਾ ਭੁਗਤਾਨ ਸਿੱਧਾ ਕਿਸਾਨਾਂ ਦੇ ਖਾਤਿਆਂ ਵਿਚ ਕੀਤਾ ਜਾ ਚੁੱਕਾ ਹੈ।

ਪਰਾਲੀ ਜਲਾਉਣ ਦੀ ਘਟਨਾਵਾਂ ਦੇ ਸਬੰਧ ਵਿਚ ਪੁੱਛੇ ਗਏ ਸੁਆਲ ਦਾ ਜਵਾਬ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਵਿਚ ਪਰਾਲੀ ਜਲਾਉਣ ਦੀ ਘਟਨਾਵਾਂ ਵਿਚ ਕਮੀ ਆਈ ਹੈ। ਸੁਪਰੀਮ ਕੋਰਟ ਨੇ ਵੀ ਇਸ ਵਿਸ਼ਸ਼ ਨੂੰ ਲੈ ਕੇ ਸੂਬੇ ਦੇ ਕਿਸਾਨਾਂ ਦੀ ਸ਼ਸ਼ਾਘਾ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਸਰਕਾਰ ਵੱਲੋਂ ਲਗਾਤਾਰ ਕਿਸਾਨਾਂ ਨੂੰ ਪਰਾਲੀ ਨਾ ਜਲਾਉਣ ਲਈ ਜਾਗਰੁਕ ਕੀਤਾ ਜਾ ਰਿਹਾ ਹੈ ਅਤੇ ਪਰਾਲੀ ਪ੍ਰਬੰਧਨ ਲਈ ਸਬਸਿਡੀ 'ਤੇ ਵੱਖ -ਵੱਖ ਸਮੱਗਰੀ ਪ੍ਰਦਾਨ ਕੀਤੀ ਜਾ ਰਹੀ ਹੈ, ਤਾਂ ਜੋ ਪਰਾਲੀ ਜਲਾਉਣ ਦੀ ਘਟਨਾਵਾਂ 'ਤੇ ਪੂਰੀ ਤਰ੍ਹਾ ਨਾਲ ਰੋਕ ਲਗਾਈ ਜਾ ਸਕੇ।

# ਡਿਪਟੀ ਕਮਿਸ਼ਨਰ ਨੇ ਪਟਾਕਿਆਂ ਦੀ ਵਿਕਰੀ ਲਈ 57 ਆਰਜ਼ੀ ਲਾਈਸੈਂਸ ਕੀਤੇ ਜਾਰੀ

**ਹੁਸ਼ਿਆਰਪੁਰ, 23 ਅਕਤੂਬਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਇਸ ਸਾਲ ਦਿਵਾਲੀ ਦੇ ਤਿਓਹਾਰ ਦੌਰਾਨ ਰਿਟੇਲ ਵਿਚ ਪਟਾਕੇ ਵੇਚਣ ਸਬੰਧੀ ਡਰਾਅ ਰਾਹੀਂ ਜ਼ਿਲ੍ਹੇ ਵਿਚ 57 ਆਰਜ਼ੀ ਲਾਈਲੈਂਸ ਜਾਰੀ ਕੀਤੇ ਹਨ।

ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿਚ ਅੱਜ ਵੀਡੀਓਗ੍ਰਾਫੀ ਰਾਹੀਂ ਪੂਰੀ ਡਰਾਅ ਪ੍ਰਕਿਰਿਆ ਢੰਗ ਨਾਲ ਕਰਵਾਈ ਗਈ ਜਿਸ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਜ) ਰਾਹੁਲ ਚਾਬਾ ਅਤੇ ਐਸ.ਡੀ.ਐਮ ਹੁਸ਼ਿਆਰਪੁਰ ਸੰਜੀਵ ਸ਼ਰਮਾ ਵੀ ਮੌਜੂਦ ਸਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੂਰੇ ਜ਼ਿਲ੍ਹੇ ਤੋਂ ਸੇਵਾ ਕੇਂਦਰਾਂ ਰਾਹੀਂ 648 ਬੇਨਤੀ ਪੱਤਰ ਪ੍ਰਾਪਤ ਹੋਏ ਸਨ ਅਤੇ ਡਰਾਅ ਰਾਹੀਂ 57 ਆਰਜ਼ੀ ਲਾਈਸੈਂਸ ਜਾਰੀ ਕਰਨ ਦੀ ਪ੍ਰਕਿਰਿਆ ਪੂਰੀ ਕਰ ਲਈ ਗਈ ਹੈ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਲੋਕਾਂ ਦੇ ਡਰਾਅ ਨਿਕਲੇ ਹਨ ਉਨ੍ਹਾਂ ਲਈ ਜ਼ਰੂਰੀ ਹੈ ਕਿ ਉਹ ਜੀ.ਐਸ.ਟੀ. ਸਬੰਧੀ ਕਰ ਵਿਭਾਗ ਵਿਚ ਰਜਿਸਟਰੇਸ਼ਨ ਕਰਵਾਉਣ ਜਿਨ੍ਹਾਂ ਦੀ ਸਹਾਇਤਾ ਲਈ ਟੈਕਸ ਨਾਲ ਸਬੰਧਤ ਵਕੀਲਾਂ ਦਾ ਪੈਨਲ ਮੌਜੂਦ ਹੈ। ਉਨ੍ਹਾਂ ਦੱਸਿਆ ਕਿ ਆਰਜ਼ੀ ਲਾਈਸੈਂਸ ਸਿਰਫ ਪ੍ਰਸ਼ਾਸਨ ਵੱਲੋਂ ਨਿਰਧਾਰਿਤ ਥਾਵਾਂ 'ਤੇ ਹੀ ਪਟਾਕੇ ਵੇਚਣ ਲਈ ਜਾਰੀ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ 22 ਸਤੰਬਰ 2023 ਨੂੰ ਜਾਰੀ ਹਦਾਇਤਾਂ ਦੀ ਪੂਰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ ਅਤੇ ਪਟਾਕੇ ਵੇਚਣ ਵਾਲੀਆਂ ਥਾਵਾਂ 'ਤੇ ਸਟਾਲਾਂ ਦੀ ਬਣਤਰ ਅਤੇ ਸੁਰੱਖਿਆ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਨਿਰਧਾਰਿਤ ਥਾਵਾਂ ਤੋਂ ਇਲਾਵਾ ਜੇਕਰ ਕੋਈ ਪਟਾਕਾ ਵਿਕਰੇਤਾ ਪਟਾਕੇ ਵੇਚਦਾ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਬਣਦੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਉਨ੍ਹਾਂ ਦੱਸਿਆ ਕਿ ਪਟਾਕੇ ਵੇਚਣ ਦਾ ਸਮਾਂ 21 ਅਕਤੂਬਰ ਤੋਂ 31 ਅਕਤੂਬਰ ਤੱਕ ਸਵੇਰੇ 10 ਵਜੇ ਤੋਂ ਸ਼ਾਮ 7 ਵਜੇ ਤੱਕ ਤੈਅ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਅੱਜ ਕੱਢੇ ਗਏ ਡਰਾਅ ਅਨੁਸਾਰ ਸਬ ਡਵੀਜਨ ਹੁਸ਼ਿਆਰਪੁਰ ਲਈ ਦੁਸ਼ਹਿਰਾ ਗਰਾਊਂਡ (ਨਵੀਂ ਆਬਾਦੀ) ਲਈ 15 ਡਰਾਅ, ਜ਼ਿਲ੍ਹਾ ਪ੍ਰੀਸ਼ਦ ਮਾਰਕਿਟ (ਅੱਡਾ ਮਾਹਿਲਪੁਰ) ਲਈ 5, ਰੌਸ਼ਨ ਗਰਾਊਂਡ ਹੁਸ਼ਿਆਰਪੁਰ ਲਈ 4, ਰਾਮਲੀਲਾ ਗਰਾਊਂਡ ਹਰਿਆਣਾ ਲਈ 4, ਬੁੱਲੋਵਾਲ ਅਤੇ ਚੱਬੇਵਾਲ ਵਿਖੇ ਖੁੱਲ੍ਹੀਆਂ ਥਾਵਾਂ ਲਈ 2-2 ਡਰਾਅ ਕੱਢੇ ਗਏ। ਸਬ ਡਵੀਜਨ ਗੜ੍ਹਸ਼ੰਕਰ ਵਿਖੇ ਮਿਲਟਰੀ ਗਰਾਊਂਡ ਲਈ 6, ਮਾਹਿਲਪੁਰ-ਫਗਵਾੜਾ ਰੋਡ ਸਥਿਤ ਨਗਰ ਪੰਚਾਇਤ ਦੀ ਮਾਲਕੀ ਵਾਲੀ ਥਾਂ ਲਈ 3 ਡਰਾਅ ਕੱਢੇ ਗਏ। ਇਸੇ ਤਰ੍ਹਾ ਸਬ ਡਵੀਜਨ ਦਸੂਹਾ ਵਿਖੇ ਮਹਾਰਿਸ਼ੀ ਵਾਲਮੀਕਿ ਪਾਰਕ ਲਈ 1 ਅਤੇ ਦੁਸ਼ਹਿਰਾ ਗਰਾਊਂਡ ਗੜ੍ਹਦੀਵਾਲਾ ਲਈ 3 ਡਰਾਅ ਕੱਢੇ ਗਏ।

ਇਸੇ ਤਰ੍ਹਾਂ ਸਬ ਡਵੀਜਨ ਟਾਂਡਾ ਦੇ ਸ਼ਿਮਲਾ ਪਹਾੜੀ ਪਾਰਕ ਉੜਮੁੜ ਲਈ 3 ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਟਾਂਡਾ ਦੀ ਗਰਾਊਂਡ ਲਈ 2 ਡਰਾਅ ਕੱਢੇ ਗਏ। ਸਬ ਡਵੀਜਨ ਮੁਕੇਰੀਆਂ ਵਿਚ ਦੁਸ਼ਹਿਰਾ ਗਰਾਊਂਡ ਲਈ 2, ਦੁਸ਼ਹਿਰਾ ਗਰਾਊਂਡ ਹਾਜੀਪੁਰ ਲਈ 1, ਨਰਸਰੀ ਗਰਾਊਂਡ ਸੈਕਟਰ-3 ਤਲਵਾੜਾ ਲਈ 2 ਅਤੇ ਦੁਸ਼ਹਿਰਾ ਗਰਾਊਂਡ ਦਾਤਾਰਪੁਰ ਲਈ 2 ਲਾਈਸੈਂਸ ਜਾਰੀ ਕੀਤੇ ਗਏ ਹਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਤਿਉਹਾਰਾਂ ਦੇ ਮੱਦੇਨਜ਼ਰ ਜ਼ਿਲ੍ਹੇ ਵਿਚ ਪਟਾਕੇ ਅਤੇ ਆਤਿਸ਼ਬਾਜੀ ਚਲਾਉਣ ਲਈ ਦਿਨ ਤੇ ਸਮਾਂ ਤੈਅ ਕੀਤਾ ਗਿਆ ਹੈ ਜਿਸ ਅਨੁਸਾਰ 31 ਅਕਤੂਬਰ 2024 ਨੂੰ ਦਿਵਾਲੀ ਵਾਲੇ ਦਿਨ ਸਵੇਰੇ 8 ਵਜੇ ਤੋਂ ਰਾਤ 10 ਵਜੇ ਤੱਕ, 15 ਨਵੰਬਰ ਨੂੰ ਗੁਰਪੁਰਬ ਵਾਲੇ ਦਿਨ ਸਵੇਰੇ 4 ਵਜੇ ਤੋਂ ਸਵੇਰੇ 5 ਵਜੇ ਤੱਕ ਅਤੇ ਰਾਤ ਨੂੰ 9 ਵਜੇ ਤੋਂ 10 ਵਜੇ ਤੱਕ ਦਾ ਸਮਾਂ ਨਿਰਧਾਰਿਤ ਕੀਤਾ ਗਿਆ ਹੈ। ਕ੍ਰਿਸਮਿਸ ਵਾਲੇ ਦਿਨ 25 ਦਸੰਬਰ ਨੂੰ ਅਤੇ ਨਵੇਂ ਸਾਲ ਦੀ ਰਾਤ 31 ਦਸੰਬਰ ਨੂੰ ਰਾਤ 11:55 ਵਜੇ ਤੋਂ 12:30 ਵਜੇ ਤੱਕ ਪਟਾਕੇ ਚਲਾਏ ਜਾਣਗੇ। ਜ਼ਿਕਰਯੋਗ ਹੈ ਕਿ ਹਸਪਤਾਲਾਂ, ਵਿਦਿਅਕ ਅਦਾਰਿਆਂ, ਅਦਾਲਤਾਂ ਅਤੇ ਧਾਰਮਿਕ ਥਾਵਾਂ ਤੋਂ ਇਲਾਵਾ ਸਾਈਲੈਂਸ ਜ਼ੋਨਾਂ ਦੇ 100 ਮੀਟਰ ਦੇ ਘੇਰੇ ਵਿਚ ਪਟਾਕੇ ਚਲਾਉਣ ਦੀ ਇਜਾਜ਼ਤ ਨਹੀਂ ਹੋਵੇਗੀ। ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਇਨ੍ਹਾਂ ਹਦਾਇਤਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ।

# ਪਰਾਲੀ ਦੀ ਸੁਚੱਜੀ ਸੰਭਾਲ ਲਈ ਪਿੰਡਾਂ ਵਿੱਚ ਲਗਾਏ ਗਏ ਕਿਸਾਨ ਸਿਖਲਾਈ ਕੈਂਪ: ਮੁੱਖ ਖੇਤੀਬਾੜੀ ਅਫਸਰ



**ਫ਼ਤਹਿਗੜ੍ਹ ਸਾਹਿਬ, 23 ਅਕਤੂਬਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਦੇ ਦਿਸ਼ਾ ਨਿਰਦੇਸ਼ਾਂ ਅਤੇ ਮੁੱਖ ਖੇਤੀਬਾੜੀ ਅਫਸਰ ਡਾ: ਧਰਮਿੰਦਰਜੀਤ ਸਿੰਘ ਸਿੱਧੂ ਦੀ ਅਗਵਾਈ ਹੇਠ ਪਰਾਲੀ ਦੀ ਸੁਚੱਜੀ ਸੰਭਾਲ ਲਈ ਤਕਨੀਕੀ ਜਾਣਕਾਰੀ ਦੇਣ ਵਾਸਤੇ ਪਿੰਡ ਪੱਧਰ ਤੇ ਕੈਂਪ ਲਗਾਏ ਜਾ ਰਹੇ ਹਨ।

ਇਸੇ ਲੜੀ ਤਹਿਤ ਬਸੀ ਪਠਾਣਾ ਬਲਾਕ ਦੇ ਪਿੰਡ ਸਹਿਜ਼ਾਦਪੁਰ, ਸਾਦਿਕਪੁਰਾ, ਖੇੜੀ ਬੀਰ ਸਿੰਘ ਤੇ ਡੇਰਾ ਮੀਰ ਮੀਰਾਂ ਵਿਖੇ ਕਿਸਾਨ ਸਿਖਲਾਈ ਕੈਂਪ ਲਗਾਏ ਗਏ ਜਿਨ੍ਹਾਂ ਵਿੱਚ ਵਿਭਾਗ ਦੇ ਖੇਤੀ ਮਾਹਰਾਂ ਨੇ ਝੋਨੇ ਦੀ ਪਰਾਲੀ ਨੂੰ ਖੇਤ ਵਿੱਚ ਰਲਾਉਣ ਸਬੰਧੀ ਤਕਨੀਕੀ ਜਾਣਕਾਰੀ ਦਿੱਤੀ ਤੇ ਵੱਧ ਰਹੇ ਵਾਤਾਵਰਣ ਪ੍ਰਦੂਸ਼ਣ ਨੂੰ ਠੱਲ ਪਾਉਣ ਵਾਸਤੇ ਪਰਾਲੀ ਦੀ ਸੁਚੱਜੀ ਸੰਭਾਲ ਕਰਨ ਲਈ ਪ੍ਰੇਰਿਤ ਕੀਤਾ ਗਿਆ।

ਇਨ੍ਹਾਂ ਕੈਂਪਾਂ ਵਿੱਚ ਬਸੀ ਪਠਾਣਾ ਦੇ ਬਲਾਕ ਖੇਤੀਬਾੜੀ ਅਫਸਰ ਡਾ: ਕਿਰਪਾਲ ਸਿੰਘ ਮਹੰਤ ਨੇ ਦੱਸਿਆ ਕਿ ਵਿਭਾਗ ਵੱਲੋਂ ਬਲਾਕ ਬਸੀ ਪਠਾਣਾ ਦੇ ਵੱਖ-ਵੱਖ ਪਿੰਡਾਂ ਵਿੱਚ 18 ਕੈਂਪ ਲਗਾਏ ਜਾਣਗੇ ਤਾਂ ਜੋ ਸ਼ਹੀਦਾਂ ਦੀ ਧਰਤੀ ਫ਼ਤਹਿਗੜ੍ਹ ਸਾਹਿਬ ਤੋਂ ਪਰਾਲੀ ਨੂੰ ਅੱਗ ਲਗਾਉਣ ਦੀ ਪ੍ਰਥਾ ਦਾ ਖਾਤਮਾ ਕੀਤਾ ਜਾ ਸਕੇ।

ਖੇਤੀਬਾੜੀ ਵਿਸਥਾਰ ਅਫਸਰ ਡਾ: ਮਨਦੀਪ ਕੌਰ ਨੇ ਕਿਹਾ ਕਿ ਝੋਨੇ ਦੀ ਕਟਾਈ ਤੋਂ ਬਾਅਦ ਬਿਨਾਂ ਪਰਾਲੀ ਨੂੰ ਅੱਗ ਲਗਾਏ ਮਲਚਰ ਚਲਾ ਕੇ ਸੁਪਰ ਸੀਡਰ ਨਾਲ ਕਣਕ ਦੀ ਬਿਜਾਈ ਬੜੀ ਆਸਾਨੀ ਨਾਲ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਮਿੱਟੀ ਦੀ ਉਪਜਾਊ ਸ਼ਕਤੀ ਵਿੱਚ ਵਾਧਾ ਹੁੰਦਾ ਹੈ।

ਉਨ੍ਹਾਂ ਕਿਹਾ ਕਿ ਪਰਾਲੀ ਵਿੱਚ ਫਾਸਫੋਰਸ, ਪੋਟਾਸ਼ ਤੋਂ ਇਲਾਵਾ ਭਰਪੂਰ ਮਾਤਰਾ ਵਿੱਚ ਸੂਖਮ ਤੱਤ ਮੌਜੂਦ ਹੁੰਦੇ ਹਨ, ਜਿਨ੍ਹਾਂ ਸਦਕਾ ਜ਼ਿੰਕ, ਮੈਗਨੀਜ਼ ਆਦਿ ਤੱਤਾਂ ਦੀ ਪੂਰਤੀ ਹੋ ਜਾਂਦੀ ਹੈ। ਉਨ੍ਹਾਂ ਕਿਹਾ ਕਿ ਪਰਾਲੀ ਖੇਤ ਵਿੱਚ ਹੀ ਰਲਾਉਣ ਨਾਲ ਮਿੱਟੀ ਨਰਮ ਰਹਿੰਦੀ ਹੈ ਜਿਸ ਫਸਲ ਦੀਆਂ ਜੜ੍ਹਾਂ ਦਾ ਸੰਪੂਰਨ ਵਿਕਾਸ ਹੁੰਦਾ ਹੈ।

ਇਸ ਮੌਕੇ ਖੇਤੀਬਾੜੀ ਉਪ ਨਰੀਖਕ ਦਿਲਰਾਜ ਸਿੰਘ ਨੇ ਦੱਸਿਆ ਕਿ ਵੱਖ-ਵੱਖ ਖੇਤੀ ਮਸ਼ੀਨਰੀ ਜਿਵੇਂਕਿ ਹੈਪੀ ਸੀਡਰ, ਸੁਪਰ ਸੀਡਰ, ਸਮਾਰਟ ਸੀਡਰ ਨਾਲ ਪਰਾਲੀ ਨੂੰ ਅੱਗ ਲਗਾਏ ਬਿਨਾਂ ਕਣਕ ਦੀ ਬਿਜਾਈ ਕੀਤੀ ਜਾ ਸਕਦੀ ਹੈ।

ਉਨ੍ਹਾਂ ਦੱਸਿਆ ਕਿ ਪਰਾਲੀ ਨੂੰ ਵਿੱਚ ਰਲਾਉਣ ਨਾਲ ਪੈਦਾਵਾਰ ਦੀ ਕੁਆਲਿਟੀ ਵਧੀਆ ਬਣਦੀ ਹੈ। ਉਨ੍ਹਾਂ ਦੱਸਿਆ ਕਿ ਪਰਾਲੀ ਨੂੰ ਜ਼ਮੀਨ ਵਿੱਚ ਰਲਾਉਣ ਕਾਰਨ ਫਸਲਾਂ ਨੂੰ ਖਾਦਾਂ ਦੀ ਘੱਟ ਲੋੜ ਪੈਂਦੀ ਹੈ, ਜਿਸ ਕਾਰਨ ਕਿਸਾਨਾਂ ਦੇ ਖੇਤੀ ਖਰਚੇ ਘਟਦੇ ਹਨ ਅਤੇ ਆਮਦਨ ਵਿੱਚ ਵਾਧਾ ਹੁੰਦਾ ਹੈ।

ਇਸ ਮੌਕੇ ਮਾਨਵ ਵਿਕਾਸ ਸੰਸਥਾ ਦੇ ਅਭਿਸ਼ੇਕ ਕੁਮਾਰ ਨੇ ਪਰਾਲੀ ਦੀ ਸਾਂਭ ਸੰਭਾਲ ਅਤੇ ਪਾਣੀ ਦੀ ਸੁਚੱਜੀ ਵਰਤੋਂ ਬਾਰੇ ਕਿਸਾਨਾਂ ਨਾਲ ਵਿਚਾਰ ਸਾਂਝੇ ਕੀਤੇ। ਇਨ੍ਹਾਂ ਕੈਂਪਾਂ ਵਿੱਚ ਖੇਤੀ ਮਾਹਿਰਾਂ ਨੇ ਕਿਸਾਨਾਂ ਨੂੰ ਪੀਲ ਕੀਤੀ ਕਿ ਆਉਂਦੇ ਸੀਜ਼ਨ ਦੌਰਾਨ ਪਰਾਲੀ ਨੂੰ ਅੱਗ ਲਗਾਉਣ ਤੋਂ ਗੁਰੇਜ ਕੀਤਾ ਜਾਵੇ। ਇਸ ਮੌਕੇ ਮਨਬੀਰ ਸਿੰਘ ਬੇਲਦਾਰ ਤੋਂ ਇਲਾਵਾ ਪਿੰਡ ਦੇ ਕਿਸਾਨ ਹਾਜਰ ਸਨ।

# ਪਰਾਲੀ ਪ੍ਰਬੰਧਨ ਸਬੰਧੀ ਖੇਤੀਬਾੜੀ ਵਿਭਾਗ ਵੱਲੋਂ ਕੰਟਰੋਲ ਰੂਮ ਸਥਾਪਿਤ

**ਫਾਜ਼ਿਲਕਾ, 23 ਅਕਤੂਬਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਤੀਬਾੜੀ ਅਤੇ ਕਿਸਾਨ ਕਲਿਆਣ ਵਿਭਾਗ ਨੇ ਪਰਾਲੀ ਪ੍ਰਬੰਧਨ ਸਬੰਧੀ ਜ਼ਿਲ੍ਹੇ ਦੇ ਕਿਸਾਨਾਂ ਦੇ ਮਾਰਗਦਰਸ਼ਨ ਅਤੇ ਸਹਾਇਤਾ ਲਈ ਕੰਟਰੋਲ ਰੂਮ ਸਥਾਪਿਤ ਕੀਤਾ ਹੈ। ਇਹ ਜਾਣਕਾਰੀ ਮੁੱਖ ਖੇਤੀਬਾੜੀ ਅਫ਼ਸਰ ਡਾ: ਸੰਦੀਪ ਰਿਣਵਾਂ ਨੇ ਦਿੱਤੀ ਹੈ।

ਮੁੱਖ ਖੇਤੀਬਾੜੀ ਅਫ਼ਸਰ ਨੇ ਦੱਸਿਆ ਕਿ ਜ਼ਿਲ੍ਹਾ ਪੱਧਰੀ ਕੰਟਰੋਲ ਰੂਮ ਦਾ ਨੰਬਰ 95307-25052 ਹੈ। ਕਿਸਾਨ ਵੀਰ ਸਵੇਰੇ 9 ਤੋਂ ਸ਼ਾਮ 6 ਵਜੇ ਤੱਕ ਇਸ ਨੰਬਰ ਤੇ ਕਾਲ ਕਰ ਸਕਦੇ ਹਨ। ਇੱਥੇ ਕਾਲ ਕਰਕੇ ਕਿਸਾਨ ਪਰਾਲੀ ਪ੍ਰਬੰਧਨ ਸਕੀਮਾਂ ਦੀ ਜਾਣਕਾਰੀ ਪ੍ਰਾਪਤ ਕਰਨ ਦੇ ਨਾਲ ਨਾਲ ਆਪਣੇ ਨੇੜੇ ਜਾਂ ਆਪਣੇ ਪਿੰਡ ਵਿਚ ਉਪਲਬੱਧ ਪਰਾਲੀ ਪ੍ਰਬੰਧਨ ਵਾਲੀਆਂ ਮਸ਼ੀਨਾਂ ਦੀ ਜਾਣਕਾਰੀ ਵੀ ਹਾਸਲ ਕਰ ਸਕਦੇ ਹਨ। ਉਨ੍ਹਾਂ ਨੇ ਕਿਹਾ ਕਿ ਇਹ ਕੰਟਰੋਲ ਰੂਮ ਕਿਸਾਨਾਂ ਲਈ ਬਹੁਤ ਲਾਭਕਾਰੀ ਸਿੱਧ ਹੋਵੇਗਾ ਕਿਉਂਕਿ ਇੱਥੋਂ ਉਨ੍ਹਾਂ ਨੂੰ ਪਰਾਲੀ ਦੀ ਸੰਭਾਲ ਵਿਚ ਪੂਰਾ ਮਾਰਗਦਰਸ਼ਨ ਕੀਤਾ ਜਾਵੇਗਾ। ਇਸ ਨੰਬਰ ਤੇ ਕਾਲ ਕਰਕੇ ਕਿਸਾਨ ਆਪਣੇ ਪਿੰਡ ਨਾਲ ਸੰਬਧਤ ਖੇਤੀਬਾੜੀ ਵਿਕਾਸ ਅਫ਼ਸਰ ਅਤੇ ਪਰਾਲੀ ਪ੍ਰਬੰਧਨ ਲਈ ਤਾਇਨਾਤ ਕੀਤੇ ਨੋਡਲ ਅਫ਼ਸਰ ਦਾ ਨੰਬਰ ਵੀ ਲੈ ਸਕਦੇ ਹਨ।

ਡਾ: ਸੰਦੀਪ ਰਿਣਵਾਂ ਨੇ ਹੋਰ ਦੱਸਿਆ ਕਿ ਖੇਤੀਬਾੜੀ ਵਿਭਾਗ ਵੱਲੋਂ ਸਬਸਿਡੀ ਤੇ ਜਿੰਨ੍ਹਾਂ ਕਿਸਾਨਾਂ ਨੇ ਇਸ ਸਾਲ ਜਾਂ ਪਿੱਛਲੇ ਸਾਲਾਂ ਵਿਚ ਮਸ਼ੀਨਾਂ ਲਈਆਂ ਹਨ ਉਨ੍ਹਾਂ ਦੀਆਂ ਸੂਚੀਆਂ ਸਾਂਝੀਆਂ ਥਾਂਵਾਂ ਤੇ ਪਿੰਡਾਂ ਵਿਚ ਲਗਾਈਆਂ ਗਈਆਂ ਹਨ ਤਾਂ ਜੋ ਕਿਸਾਨ ਇਹ ਮਸ਼ੀਨਾਂ ਪ੍ਰਾਪਤ ਕਰ ਸਕਨ। ਉਨ੍ਹਾਂ ਨੇ ਕਿਹਾ ਕਿ ਫਿਰ ਵੀ ਜੇਕਰ ਕਿਸੇ ਨੂੰ ਇਹ ਸੂਚੀ ਨਾ ਮਿਲੇ ਤਾਂ ਉਹ ਜ਼ਿਲ੍ਹਾ ਪੱਧਰੀ ਕੰਟਰੋਲ ਰੂਮ ਤੋਂ ਇਹ ਜਾਣਕਾਰੀ ਲੈ ਸਕਦਾ ਹੈ।

ਮੁੱਖ ਖੇਤੀਬਾੜੀ ਅਫ਼ਸਰ ਨੇ ਕਿਹਾ ਕਿ ਖੇਤੀਬਾੜੀ ਅਤੇ ਕਿਸਾਨ ਕਲਿਆਣ ਵਿਭਾਗ ਕਿਸਾਨਾਂ ਦੀ ਭਲਾਈ ਲਈ ਵਚਨਬੱਧ ਹੈ ਅਤੇ ਵਿਭਾਗ ਦਾ ਸਮੂਚਾ ਅਮਲਾ ਲਗਾਤਾਰ ਕਿਸਾਨਾਂ ਨਾਲ ਰਾਬਤਾ ਕਰਕੇ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਸਬੰਧੀ ਤਕਨੀਕੀ ਜਾਣਕਾਰੀ ਦੇ ਰਿਹਾ ਹੈ। ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਪਰਾਲੀ ਨੂੰ ਅੱਗ ਨਾ ਲਗਾਉਣ ਅਤੇ ਇਸ ਨੂੰ ਖੇਤ ਵਿਚ ਹੀ ਮਿਲਾ ਕੇ ਕਣਕ ਦੀ ਬਿਜਾਈ ਕਰਨ ਜਾਂ ਬੇਲਰ ਨਾਲ ਗੱਠਾਂ ਬਣਵਾ ਲੈਣ, ਪਰ ਅੱਗ ਨਾ ਲਗਾਉਣ।

# ਭਾਸ਼ਾ ਵਿਭਾਗ ਰੂਪਨਗਰ ਵੱਲੋਂ ਕਰਵਾਏ ਗਏ ਜ਼ਿਲ੍ਹਾ ਪੱਧਰੀ ਲਿਖਤੀ ਮੁਕਾਬਲੇ

**ਰੂਪਨਗਰ, 23 ਅਕਤੂਬਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਅਤੇ ਸਿੱਖਿਆ ਅਤੇ ਭਾਸ਼ਾਵਾਂ ਮੰਤਰੀ, ਪੰਜਾਬ ਸ. ਹਰਜੋਤ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ਾਂ ਹੇਠ ਭਾਸ਼ਾ ਵਿਭਾਗ ਇਕਾਈ ਰੂਪਨਗਰ ਦੇ ਖੋਜ ਅਫਸਰ ਸ. ਜਗਜੀਤ ਸਿੰਘ ਦੀ ਅਗਵਾਈ ਹੇਠ ਅਤੇ ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਕੰਨਿਆ) ਰੂਪਨਗਰ ਸ਼੍ਰੀਮਤੀ ਸੰਦੀਪ ਕੌਰ ਦੇ ਸਹਿਯੋਗ ਨਾਲ ਜ਼ਿਲ੍ਹਾ ਪੱਧਰੀ ਲਿਖਤੀ ਮੁਕਾਬਲੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੂਪਨਗਰ (ਕੰਨਿਆ) ਵਿਖੇ ਕਰਵਾਏ ਗਏ।



ਇਨ੍ਹਾਂ ਮੁਕਾਬਲਿਆਂ ਵਿੱਚ ਵਰਗ-ੳ ਵਿੱਚ ਪਹਿਲੀ ਜਮਾਤ ਤੋਂ ਅੱਠਵੀਂ ਤੱਕ, ਵਰਗ-ਅ ਵਿੱਚ ਨੌਵੀਂ ਤੋਂ ਬਾਰਵੀਂ ਤੱਕ ਦੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਅਤੇ ਵਰਗ-ੲ ਵਿੱਚ ਵੱਖ-ਵੱਖ ਗ੍ਰੈਜੂਏਟ ਕਾਲਜਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਹ ਮੁਕਾਬਲਾ ਜ਼ਿਲ੍ਹਾ ਪੱਧਰੀ ਲਿਖਤੀ ਮੁਕਾਬਲਾ ਸੀ। ਜ਼ਿਲ੍ਹਾ ਭਾਸ਼ਾ ਅਫ਼ਸਰ ਰੂਪਨਗਰ ਵੱਲੋਂ ਸਾਰੇ ਹੀ ਭਾਗ ਲੈਣ ਵਾਲੇ ਸਕੂਲਾਂ ਅਤੇ ਕਾਲਜ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਜੀ ਆਇਆ ਆਖ ਕੇ ਮੁਕਾਬਲੇ ਦੀ ਸ਼ੁਰੂਆਤ ਕੀਤੀ ਗਈ। ਇਸ ਮੁਕਾਬਲੇ ਵਿੱਚ ਜ਼ਿਲ੍ਹੇ ਦੇ 25 ਦੇ ਲਗਭਗ ਸਕੂਲਾਂ ਤੇ ਚਾਰ ਕਾਲਜਾਂ ਨੇ ਭਾਗ ਲਿਆ।

ਇਨ੍ਹਾਂ ਮੁਕਾਬਲਿਆਂ ਵਿੱਚ ਵਰਗ-ੳ ਵਿੱਚ ਸੇਂਟ ਕਾਰਮਲ ਸਕੂਲ, ਵਰਗ-ਅ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਕੜੌਨਾ ਕਲਾ ਅਤੇ ਵਰਗ- ੲ ਵਿੱਚ ਸਰਕਾਰੀ ਕਾਲਜ ਰੋਪੜ ਦੇ ਵਿਦਿਆਰਥੀਆਂ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।ਪ੍ਰਿੰਸੀਪਲ ਸ੍ਰੀਮਤੀ ਸੰਦੀਪ ਕੌਰ ਵੱਲੋਂ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਗਈ ਅਤੇ ਪਹੁੰਚੇ ਹੋਏ ਸਾਰੇ ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਗਿਆ।

# ਡੇਂਗੂ ਦੀ ਰੋਕਥਾਮ ਬਾਰੇ ਸਿਹਤ ਵਿਭਾਗ ਪੂਰੀ ਤਰਾਂ ਤੱਤਪਰ: ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ

**ਤਰਨ ਤਾਰਨ, 23 ਅਕਤੂਬਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲਾ ਤਰਨ ਤਾਰਨ ਦੇ ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਜੀ ਵੱਲੋਂ ਪ੍ਰਾਪਤ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਹੋਇਆਂ ਪੰਜਾਬ ਸਰਕਾਰ ਅਤੇ ਸਿਹਤ ਵਿਭਾਗ ਵੱਲੋਂ ਡੇਂਗੂ ਬੁਖਾਰ ਦੇ ਵਿਰੁੱਧ ਸ਼ੁਰੂ ਕੀਤੀ ਗਈ 'ਹਰ ਸ਼ੁਕਰਵਾਰ ਡੇਂਗੂ 'ਤੇ ਵਾਰ' ਤਹਿਤ ਜ਼ਿਲੇ ਦੇ ਵੱਖ ਵੱਖ ਬਲਾਕਾਂ ਦੇ ਵਿੱਚ ਜਾਗਰੂਕਤਾ ਗਤੀਵਿਧੀਆਂ ਕੀਤੀਆਂ ਗਈਆਂ। ਹਾਈ ਰਿਸਕ ਆਬਾਦੀ ਵਾਲੇ ਸਥਾਨਾਂ 'ਤੇ ਜਾ ਕੇ ਸਿਵਲ ਸਰਜਨ ਡਾਕਟਰ ਰਾਏ ਵੱਲੋਂ ਨਾਗਰਿਕਾਂ ਨੂੰ ਡੇਂਗੂ ਦੀ ਰੋਕਥਾਮ ਬਾਰੇ ਵਿਚਾਰ ਵਟਾਂਦਰਾ ਕੀਤਾ। ਇਸ ਮੌਕੇ ਉਨਾਂ ਦੇ ਨਾਲ ਡਾਕਟਰ ਸਿਮਰਨ ਕੌਰ ਅਤੇ ਜ਼ਿਲਾ ਟੀਕਾਕਰਨ ਅਫਸਰ ਡਾਕਟਰ ਵਰਿੰਦਰ ਪਾਲ ਕੌਰ ਮੌਜੂਦ ਰਹੇ।

ਇਸ ਮੌਕੇ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾਕਟਰ ਰਾਏ ਨੇ ਦੱਸਿਆ ਕਿ ਪੰਜਾਬ ਦੇ ਮਾਣਯੋਗ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾਕਟਰ ਬਲਬੀਰ ਸਿੰਘ ਜੀ ਵੱਲੋਂ ਡੇਂਗੂ ਬੁਖਾਰ ਦੀ ਰੋਕਥਾਮ ਸਬੰਧੀ ਵਿਸ਼ੇਸ਼ ਤੌਰ 'ਤੇ ' ਹਰ ਸ਼ੁਕਰਵਾਰ ਡੇਂਗੂ



'ਤੇ ਵਾਰ ' ਮੁਹਿੰਮ ਦਾ ਆਗਾਜ਼ ਕੀਤਾ ਗਿਆ ਹੈ ਜਿਸ ਤਹਿਤ ਜ਼ਿਲਾ ਤਰਨ ਤਾਰਨ ਦੇ ਵੱਖ-ਵੱਖ ਬਲਾਕਾਂ ਦੇ ਪਿੰਡਾਂ ਵਿੱਚ ਜਾਗਰੂਕਤਾ ਗਤੀਵਿਧੀਆਂ ਦੇ ਨਾਲ ਨਾਲ ਸਿਹਤ ਕਰਮੀਆਂ ਵੱਲੋਂ ਫੀਵਰ ਸਰਵੇ ਕੀਤਾ ਜਾ ਰਿਹਾ ਹੈ।

ਉਹਨਾਂ ਦੱਸਿਆ ਕਿ ਸਿਹਤ ਕਰਮੀਆਂ ਵੱਲੋਂ ਡੇਂਗੂ ਜ਼ਿਲੇ ਦੇ ਸਰਕਾਰੀ ਸਕੂਲਾਂ ਦੇ ਵਿੱਚ ਜਾ ਕੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਇਸ ਬੁਖਾਰ ਦੇ ਲੱਛਣਾਂ ਅਤੇ ਬਚਾਅ ਬਾਰੇ ਵਡਮੁੱਲੀ ਜਾਣਕਾਰੀ ਸਾਂਝੀ ਕੀਤੀ ਜਾ ਰਹੀ ਹੈ ਤਾਂ ਜੋ ਨਾਗਰਿਕ ਆਪਣੇ ਆਪ ਨੂੰ ਇਸ ਬੁਖਾਰ ਤੋਂ ਬਚਾ ਸਕਣ।

ਸਿਵਲ ਸਰਜਨ ਡਾਕਟਰ ਰਾਏ ਨੇ ਸਿਹਤ ਵਿਭਾਗ ਵੱਲੋਂ ਸ਼ੁਕਰਵਾਰ ਨੂੰ ਡ੍ਰਾਈ ਡੇਅ ਐਲਾਨਿਆ ਗਿਆ ਹੈ ਅਤੇ ਇਸ ਦਿਨ ਸਾਨੂੰ ਸਾਰਿਆ ਉਨਾਂ ਸਥਾਨਾਂ ਦੀ ਸਾਫ ਸਫਾਈ ਕਰਨੀ ਚਾਹੀਦੀ ਜਿਥੇ ਪਾਣੀ ਇਕੱਠਾ ਹੋਣ ਦਾ ਖਦਸ਼ਾ ਹੋਵੇ।

# ਕੈਪਟਨ ਹਰਜਿੰਦਰ ਦੀ ਯਾਦ ਵਿੱਚ 87 ਲੋਕਾਂ ਖੂਨਦਾਨ ਕੀਤਾ : ਡਾਕਟਰ ਰਾਕੇਸ਼ ਵਰਮੀ।



ਪਟਿਆਲਾ, 23 ਅਕਤੂਬਰ-
-ਕੌਮੀ ਪੱਤ੍ਰਿਕਾ ਬਿਊਰੋ-

ਕੈਪਟਨ ਹਰਜਿੰਦਰ ਸਿੰਘ ਦੀ ਯਾਦ ਵਿੱਚ ਡੈਡੀਕੇਟਿਡ ਬ੍ਰਦਰਜ਼ ਗਰੁੱਪ ਪੰਜਾਬ ਵਲੋਂ ਖੂਨ ਦਾਨ ਕੈਂਪ, ਲਗਾਇਆ ਜਿਸ ਦੌਰਾਨ 87 ਖੂਨ ਦਾਨੀਆਂ ਨੇ ਆਪਣਾ ਖੂਨ ਦਾਨ ਕੀਤਾ। ਜਾਣਕਾਰੀ ਦਿੰਦੇ ਹੋਏ ਕੈਪਟਨ ਦੇ ਬੇਟੇ ਦਿਲਪ੍ਰੀਤ ਸਿੰਘ ਨੇ ਦੱਸਿਆ ਕਿ ਇਹ ਕੈਪਟਨ ਸਾਹਿਬ ਨੂੰ ਸ਼ਰਧਾਂਜਲੀ ਦੇਣ ਦਾ ਦੂਜਾ ਕੈਂਪ ਸੀ, ਕੈਂਪ ਦੇ ਆਰੰਭ ਵਿੱਚ ਉਨ੍ਹਾਂ ਦੇ ਪਰਿਵਾਰਕ ਮੈਂਬਰ ਦਿਲਪ੍ਰੀਤ ਸਿੰਘ, ਅਰਸ਼ਦੀਪ ਸਿੰਘ, ਕਮਲਪ੍ਰੀਤ ਕੌਰ, ਹਰਤੇਜ ਸਿੰਘ, ਪ੍ਰਿੰਸੀਪਲ ਵਿਵੇਕ ਸਿਆਲ ਅਤੇ ਦੇ ਧਰਮਪਤਨੀ, ਤੇਜਇਕਬਾਲ ਪੰਨੂੰ, ਐਡਵੋਕੇਟ ਗੁਰਨਾਦ ਸਿੰਘ, ਦੋਸਤਾਂ, ਮਿੱਤਰਾਂ ਅਤੇ ਖੇਤਰ ਦੇ ਨੌਜਵਾਨਾਂ ਨੇ ਖ਼ੂਨ ਦਾਨ ਕੀਤਾ ਗਿਆ। ਡਾਕਟਰ ਰਾਕੇਸ਼ ਵਰਮੀ, ਹਰਪ੍ਰੀਤ ਸੰਧੂ, ਐਮ ਸੀ ਮਿੱਤਲ, ਅਤੇ ਦਾਨੀਆਂ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਇਨਸਾਨ ਨੂੰ ਕੈਪਟਨ ਹਰਜਿੰਦਰ ਸਿੰਘ ਵਾਂਗ, ਆਪਣਿਆਂ ਨਾਲ ਪਿਆਰ, ਸਤਿਕਾਰ, ਹਮਦਰਦੀ ਅਤੇ ਦੂਸਰਿਆਂ ਦੀ ਸਹਾਇਤਾ, ਸਨਮਾਨ, ਖੁਸ਼ੀਆਂ, ਖੁਸ਼ਹਾਲੀ ਲਈ ਯਤਨ ਕਰਦੇ ਰਹਿਣਾ ਚਾਹੀਦਾ ਹੈ।

# ਜ਼ੀਰੀ ਦੇ ਸੀਜ਼ਨ ਅਤੇ ਧੁੰਦ ਦੇ ਮੌਸਮ ਨੂੰ ਵੇਖਦਿਆਂ ਟਰੈਕਟਰ ਟਰਾਲੀਆਂ ਉਪਰ ਰਿਫਲੈਕਟਰ ਲਗਾਉਣੇ ਸ਼ਲਾਘਾਯੋਗ ਉਪਰਾਲਾ : ਡੀ ਐਸ ਪੀ ਟ੍ਰੈਫਿਕ

ਪਟਿਆਲਾ, 23 ਅਕਤੂਬਰ-
-ਕੌਮੀ ਪੱਤ੍ਰਿਕਾ ਬਿਊਰੋ-

ਸਿਟੀ ਟ੍ਰੈਫਿਕ ਪੁਲਿਸ ਪਟਿਆਲਾ ਵਲੋਂ ਸਮਾਜ ਸੇਵੀ ਸੰਸਥਾਵਾਂ ਕਲੱਬਾਂ ਦੇ ਸਹਿਯੋਗ ਨਾਲ਼ ਥਾਪਰ ਕਾਲਜ ਚੌਂਕ ਪਟਿਆਲਾ ਵਿਖੇ ਜ਼ੀਰੀ ਦੇ ਸੀਜ਼ਨ ਅਤੇ ਆਉਣ ਵਾਲੇ ਧੁੰਦਾਂ ਦੇ ਮੌਸਮ ਨੂੰ ਵੇਖਦਿਆਂ ਟਰੈਕਟਰ ਟਰਾਲੀਆਂ ਅਤੇ ਹੋਰ ਵਹੀਕਲਜ਼ ਉਪਰ ਰਿਫਲੈਕਟਰ ਲਗਾਉਣ ਦੀ ਮੁਹਿੰਮ ਸ਼ੁਰੂ ਕੀਤੀ ਗਈ, ਜਿਸ ਵਿੱਚ ਮੁੱਖ ਮਹਿਮਾਨ ਡੀ ਐਸ ਪੀ ਟ੍ਰੈਫਿਕ ਅੱਛਰੂ ਰਾਮ ਸ਼ਰਮਾ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੂਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸਾ ਮੁਕਤ ਭਾਰਤ ਅਭਿਆਨ ਨੇ ਕੀਤੀ। ਪ੍ਰੋਗਰਾਮ ਦਾ ਉਦਘਾਟਨ ਸਟੇਟ ਅਤੇ ਗਵਰਨਰ ਐਵਾਰਡੀ ਐਸ ਆਈ ਭਗਵਾਨ ਸਿੰਘ ਲਾਡੀ ਪਹੇੜੀ ਇੰਚਾਰਜ ਸਿਟੀ 2 ਟ੍ਰੈਫਿਕ ਪਟਿਆਲਾ ਨੇ ਕੀਤਾ। ਵਿਸ਼ੇਸ ਤੌਰ 'ਤੇ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਰੂਦਰਪ੍ਰਤਾਪ ਸਿੰਘ ਪ੍ਰਧਾਨ ਯੂਵਕ ਸੇਵਾਵਾਂ ਕਲੱਬ ਦੀਪ ਨਗਰ, ਲੱਕੀ ਹਰਦਾਸਪੁਰ ,ਯੂਵਰਾਜ ਸਿੰਘ ਨੇ ਸ਼ਿਰਕਤ ਕੀਤੀ। ਇਸ ਮੌਕੇ ਡੀ ਐਸ ਪੀ ਟ੍ਰੈਫਿਕ ਅੱਛਰੂ ਰਾਮ ਸ਼ਰਮਾ ਨੇ ਕਿਹਾ ਕਿ ਜੀਰੀ ਦੇ ਸੀਜ਼ਨ ਨੂੰ ਵੇਖਦਿਆਂ ਟਰੈਕਟਰ ਟਰਾਲੀਆਂ ਅਤੇ ਹੋਰ ਵਹੀਕਲਜ਼ ਉਪਰ ਰਿਫਲੈਕਟਰ ਲਗਾਉਣ ਦੀ ਮੁਹਿੰਮ ਸ਼ੁਰੂ ਕੀਤੀ ਹੋਈ ਹੈ ਤਾਂ ਜੋ ਕੋਈ ਵੀ ਵਹੀਕਲਜ਼ ਰਾਤ ਨੂੰ ਹਨੇਰੇ ਵਿਚ ਐਕਸੀਡੈਂਟ ਦਾ ਕਾਰਨ ਨਾ ਬਣ ਸਕਣ। ਉਹਨਾਂ ਹੋਰਨਾਂ ਵਾਹਨ ਚਾਲਕਾ ਨੂੰ ਵੀ ਅਪੀਲ ਕੀਤੀ ਕਿ ਉਹੋ ਆਪਣੀਆਂ ਦੋ ਪਹੀਆ ਅਤੇ ਚਾਰ ਪਹੀਆ ਵਾਹਨ ਪੂਰੀ ਸੂਝਬੂਝ ਨਾਲ ਚਲਾਉਣ। ਓਵਰਟੇਕ ਨਾ ਕਰਨ, ਸਪੀਡ ਹੋਲੀ ਰੱਖਣ ਅਤੇ ਟਰੈਫਿਕ ਨਿਯਮਾਂ ਦੀ ਪਾਲਣਾ ਕਰਦੇ ਹੋਏ ਦੋ ਪਹੀਆ ਵਾਹਨ ਨੂੰ ਹੈਲਮਟ ਅਤੇ ਚਾਰ ਪਹੀਆ ਵਾਹਨ ਨੂੰ ਸੀਟ ਬੈਲਟ ਲਗਾ ਕੇ ਚਲਾਉਣ। ਉਹਨਾਂ ਕਿਹਾ ਕਿ ਟ੍ਰੈਫਿਕ ਨਿਯਮਾਂ ਦੀ ਪਾਲਣਾ ਨਾ ਕਰਨ ਵਾਲੇ ਵਿਅਕਤੀਆਂ ਨਾਲ ਸਖ਼ਤੀ ਕੀਤੀ ਜਾਵੇਗੀ ਅਤੇ ਉਹਨਾਂ ਦੇ ਚਲਾਨ ਕੱਟੇ ਜਾਣਗੇ। ਉਹਨਾਂ ਕਿਹਾ ਕਿ ਸਮਾਜ ਸੇਵੀ ਸੰਸਥਾਵਾਂ ਪਾਵਰ ਹਾਊਸ ਯੂਥ ਕਲੱਬ ,ਯੂਥ ਫੈਡਰੇਸ਼ਨ ਆਫ ਇੰਡੀਆਂ ਵਲੋਂ ਜੀਰੀ ਦੇ ਸੀਜ਼ਨ ਅਤੇ ਆਉਣ ਵਾਲੇ ਧੂੰਦ ਦੇ ਮੌਸਮ ਨੂੰ ਦੇਖਦੇ ਹੋਏ ਪਟਿਆਲਾ ਜ਼ਿਲ੍ਹੇ ਵਿੱਚ ਵੱਖ ਵੱਖ ਥਾਵਾਂ ਉਪਰ ਪਟਿਆਲਾ ਟਰੈਫਿਕ ਪੁਲਿਸ ਅਤੇ ਜ਼ਿਲ੍ਹਾ ਪੁਲਿਸ ਦੇ ਸਹਿਯੋਗ ਨਾਲ ਵਾਹਨਾਂ ਉਪਰ ਰਿਫਲੈਕਟਲਰ ਲਗਾਏ ਜਾ ਰਹੇ ਹਨ। ਹੁਣ ਤੱਕ ਤਕਰੀਬਨ 500 ਤੋਂ ਉੱਪਰ ਰਿਫਲੈਕਟਲਰ ਵੱਖ ਵੱਖ ਵਾਹਨਾਂ ਉਪਰ ਲਗਾਏ ਜਾ ਚੁੱਕੇ ਹਨ ਜੋ ਕਿ ਬਹੁਤ ਹੀ ਪ੍ਰਸੰਸਾਯੋਗ ਉਪਰਾਲਾ ਹੈ।



ਡੀ ਐਸ ਪੀ ਟ੍ਰੈਫਿਕ ਅੱਛਰੂ ਰਾਮ ਸ਼ਰਮਾ, ਐਸ ਆਈ ਲਾਡੀ ਪਹੇੜੀ, ਭਲਵਾਨ , ਗਰੇਵਾਲ ਥਾਪਰ ਚੌਂਕ ਵਿਖੇ ਟਰਾਲੀਆਂ ਉਪਰ ਰਿਫਲੈਕਟਰ ਲਗਾਉਂਦੇ ਹੋਏ।

# ਖੇਡਾਂ ਵਤਨ ਪੰਜਾਬ ਦੀਆਂ ਸੀਜ਼ਨ-3 ਤਹਿਤ ਰਾਜ ਪੱਧਰੀ ਮੁਕਾਬਲੇ ਧੂਮ-ਧੜੱਕੇ ਨਾਲ ਸ਼ੁਰੂ

## 4 ਹਜ਼ਾਰ ਖਿਡਾਰੀ ਲੈ ਰਹੇ ਨੇ ਹਿੱਸਾ. ਸਾਫਟਬਾਲ ਅੰਡਰ-14 ਵਿੱਚ ਅੰਮ੍ਰਿਤਸਰ ਨੇ ਸੰਗਰੂਰ ਨੂੰ 11-1 ਨਾਲ ਹਰਾਇਆ



ਫ਼ਤਹਿਗੜ੍ਹ ਸਾਹਿਬ, 23 ਅਕਤੂਬਰ-
-ਕੌਮੀ ਪੱਤ੍ਰਿਕਾ ਬਿਊਰੋ-

ਖੇਡ ਵਿਭਾਗ, ਪੰਜਾਬ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ÷ਖੇਡਾਂ ਵਤਨ ਪੰਜਾਬ ਦੀਆਂ-2024, ਸੀਜ਼ਨ-3÷ ਅਧੀਨ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿੱਚ 24 ਅਕਤੂਬਰ ਤੱਕ ਕਰਵਾਈਆਂ ਜਾਣ ਵਾਲੀਆਂ ਰਾਜ ਪੱਧਰੀ ਖੇਡਾਂ ਫੈਂਸਿੰਗ ਅਤੇ ਸਾਫਟਬਾਲ ਦੇ ਖੇਡ ਮੁਕਾਬਲਿਆਂ ਦੀ ਸ਼ੁਰੂਆਤ ਅੱਜ ਧੂਮ-ਧੜੱਕੇ ਨਾਲ ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਹਿਗੜ੍ਹ ਸਾਹਿਬ ਵਿਖੇ ਹੋਈ। ਇਹ ਜਾਣਕਾਰੀ ਸਾਂਝੀ ਕਰਦਿਆਂ ਜ਼ਿਲ੍ਹਾ ਖੇਡ ਅਫਸਰ, ਗੁਰਦੀਪ ਕੌਰ ਨੇ ਦੱਸਿਆ ਕਿ ਇਹਨਾਂ ਖੇਡਾਂ ਵਿੱਚ ਤਕਰੀਬਨ 04 ਹਜ਼ਾਰ ਖਿਡਾਰੀ ਭਾਗ ਲੈਣਗੇ, ਜਿਨਾਂ ਦੀ ਚੋਣ ਜ਼ਿਲ੍ਹਾ ਪੱਧਰੀ ਖੇਡਾਂ ਅਤੇ ਸਿਲੈਕਸ਼ਨ ਟਰਾਇਲਾਂ ਦੇ ਆਧਾਰ 'ਤੇ ਹੋਈ ਹੈ। ਉਹਨਾਂ ਦੱਸਿਆ ਕਿ ਫੈਂਸਿੰਗ ਦੇ ਖੇਡ ਮੁਕਾਬਲੇ ਇੰਨਡੋਰ ਜ਼ਿਮਨੇਜ਼ੀਅਮ ਹਾਲ ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਅਤੇ ਸਾਫਟਬਾਲ ਦੇ ਖੇਡ ਮੁਕਾਬਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਹਿਗੜ੍ਹ ਸਾਹਿਬ ਵਿਖੇ ਕਰਵਾਏ ਜਾ ਰਹੇ ਹਨ।

ਨੋਡਲ ਅਫ਼ਸਰ ÷ਖੇਡਾਂ ਵਤਨ ਪੰਜਾਬ ਦੀਆਂ÷ ਤੇ ਸੀਨੀਅਰ ਬਾਸਕਟਬਾਲ ਕੋਚ ਸ਼੍ਰੀ ਰਾਹੁਲਦੀਪ ਸਿੰਘ ਨੇ ਦੱਸਿਆ ਕਿ ਇਹਨਾਂ ਖੇਡ ਮੁਕਾਬਲਿਆਂ ਵਿੱਚ ਅੰਡਰ-14, ਅੰਡਰ-17,ਅੰਡਰ-21, 21 ਸਾਲ ਤੋਂ 30 ਸਾਲ ਅਤੇ 31 ਤੋਂ 40 ਸਾਲ ਤੱਕ ਉਮਰ ਵਰਗ ਵਿੱਚ ਖੇਡ ਮੁਕਾਬਲੇ ਕਰਵਾਏ ਜਾ ਰਹੇ ਹਨ ਤੇ ਪਹਿਲੇ ਦਿਨ ਦੇ ਮੁਕਾਬਲਿਆਂ ਤਹਿਤ ਸਾਫਟਬਾਲ ਅੰਡਰ-14 ਵਿੱਚ ਅੰਮ੍ਰਿਤਸਰ ਦੀ ਟੀਮ ਨੇ ਸੰਗਰੂਰ ਨੂੰ 11-1 ਨਾਲ ਹਰਾਇਆ ਅਤੇ ਮੁਕਤਸਰ ਦੀ ਟੀਮ ਨੇ ਬਠਿੰਡਾ ਨੂੰ 4-0 ਨਾਲ ਮਾਤ ਦਿੱਤੀ। ਸਾਫਟਬਾਲ ਅੰਡਰ-14 ਵਿੱਚ ਜਲੰਧਰ ਨੇ ਮਾਨਸਾ ਨੂੰ 18-07 ਦੇ ਫਰਕ ਨਾਲ ਹਰਾਇਆ। ਸਾਫਟਬਾਲ ਅੰਡਰ-17 ਵਿੱਚ ਫਾਜ਼ਿਲਕਾ ਨੇ ਮੋਗਾ ਨੂੰ 15-01 ਨਾਲ ਅਤੇ ਪਟਿਆਲਾ ਦੀ ਟੀਮ ਨੇ ਮੁਕਤਸਰ ਦੀ ਟੀਮ ਨੂੰ 04-03 ਨਾਲ ਮਾਤ ਦਿੱਤੀ। ਫੈਂਸਿੰਗ ਵਿੱਚ ਪੂਲ ਮੁਕਾਬਲਿਆਂ ਤਹਿਤ ਮਾਨਸਾ ਦੇ ਅੰਮ੍ਰਿਤਪ੍ਰੀਤ ਸਿੰਘ, ਫਿਰੋਜ਼ਪੁਰ ਦੇ ਪੁਸ਼ਪਨਾਥ, ਮਾਨਸਾ ਦੇ ਸੁਖਮਨਦੀਪ ਸਿੰਘ, ਫਿਰੋਜ਼ਪੁਰ ਦੇ ਯੁਵਰਾਜ ਸ਼ਰਮਾ, ਪਟਿਆਲਾ ਦੇ ਪ੍ਰਭਕੀਰਤ ਸਿੰਘ ਅਤੇ ਮਾਨਸਾ ਦੇ ਨਿਸ਼ਨਵੀਰ ਸਿੰਘ ਨੇ ਜਿੱਤਾਂ ਦਰਜ ਕੀਤੀਆਂ। ਉਹਨਾਂ ਦੱਸਿਆ ਕਿ ਵੱਖ-ਵੱਖ ਜ਼ਿਲ੍ਹਿਆਂ ਤੋਂ ਆਏ ਖਿਡਾਰੀਆਂ ਤੇ ਕੋਚਾਂ ਦੀ ਰਿਹਾਇਸ਼ ਅਤੇ ਖਾਣ-ਪੀਣ ਦੇ ਪ੍ਰਬੰਧਾਂ ਸਬੰਧੀ ਢੁਕਵੇਂ ਪ੍ਰਬੰਧ ਕੀਤੇ ਗਏ ਹਨ। ਜ਼ਿਕਰਯੋਗ ਹੈ ਕਿ ਹੋਰਨਾਂ ਜ਼ਿਲ੍ਹਿਆਂ ਦੀਆਂ ਇੱਥੇ ਪੁੱਜੀਆਂ ਟੀਮਾਂ ਤੇ ਕੋਚਾਂ ਵੱਲੋਂ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਵਿਖੇ ਕੀਤੇ ਪ੍ਰਬੰਧਾਂ ਦੀ ਭਰਪੂਰ ਸ਼ਲਾਘਾ ਕੀਤੀ ਗਈ। ਇੰਦਰਵੀਰ ਸਿੰਘ, ਸਾਫਟਬਾਲ ਕੋਚ, ਸ੍ਰੀ ਅੰਮ੍ਰਿਤਸਰ, ਨੇ ਕਿਹਾ ਕਿ ਇਥੇ ਖਿਡਾਰੀਆਂ ਤੇ ਕੋਚਾਂ ਲਈ ਬਹੁਤ ਹੀ ਵਧੀਆ ਪ੍ਰਬੰਧ ਕੀਤੇ ਗਏ ਹਨ, ਜਿਨ੍ਹਾਂ ਦੀ ਜਿੰਨੀ ਸ਼ਲਾਘਾ ਕੀਤੀ ਜਾਵੇ ਥੋੜ੍ਹੀ ਹੈ।

# ਆਰਸੇਟੀ ਨੇ ਡੇਅਰੀ ਫਾਰਮਿੰਗ ਟ੍ਰੇਨਿੰਗ ਲੈ ਰਹੇ ਸਿੱਖਿਆਰਥੀਆਂ ਨੂੰ ਪ੍ਰਮਾਣ ਪੱਤਰ ਵੰਡੇ

## ਆਰਸੇਟੀ ਵੱਲੋਂ ਸਵੈ ਰੋਜ਼ਗਾਰ ਲਈ ਨੌਜਵਾਨਾਂ ਨੂੰ ਦਿੱਤੀ ਜਾ ਰਹੀ ਹੈ ਮੁਫ਼ਤ ਟਰੇਨਿੰਗ : ਡਾਇਰੈਕਟਰ ਆਰਸੇਟੀ



ਪਟਿਆਲਾ, 23 ਅਕਤੂਬਰ-
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਸਟੇਟ ਬੈਂਕ ਆਫ਼ ਇੰਡੀਆ ਦੀ ਪੇਂਡੂ ਸਵੈ ਰੁਜ਼ਗਾਰ ਸਿਖਲਾਈ ਸੰਸਥਾ (ਆਰਸੇਟੀ) ਵੱਲੋਂ ਪਿੰਡ ਜੱਸੋਵਾਲ, ਭਾਦਸੋਂ ਰੋਡ, ਪਟਿਆਲਾ ਵਿਖੇ ਡੇਅਰੀ ਫਾਰਮਿੰਗ ਟ੍ਰੇਨਿੰਗ ਲੈ ਰਹੇ ਸਿੱਖਿਆਰਥੀਆਂ ਨੂੰ ਪ੍ਰਮਾਣ ਪੱਤਰ ਵੰਡੇ ਗਏ। ਇਸ ਸਮਾਗਮ ਵਿੱਚ ਰੋਜ਼ਗਾਰ ਵਿਭਾਗ ਪਟਿਆਲਾ ਦੇ ਸਤਿੰਦਰ ਸਿੰਘ (ਸੀ.ਈ.ਓ.) ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ।

ਇਸ ਮੌਕੇ ਸੰਬੋਧਨ ਕਰਦਿਆਂ ਸਤਿੰਦਰ ਸਿੰਘ (ਸੀ.ਈ.ਓ.) ਨੇ ਕਿਹਾ ਕਿ ਭਾਰਤੀ ਸਟੇਟ ਬੈਂਕ ਵੱਲੋਂ ਚਲਾਈ ਜਾ ਰਹੀ ਪੇਂਡੂ ਸਵੈ ਰੁਜ਼ਗਾਰ ਸਿਖਲਾਈ ਸੰਸਥਾ (ਆਰਸੇਟੀ) ਇੱਕ ਚੰਗਾ ਉਪਰਾਲਾ ਹੈ। ਉਹਨਾਂ ਕਿਹਾ ਕਿ ਸਵੈ ਰੋਜ਼ਗਾਰ ਨੂੰ ਵਧਾਉਣ ਵਿੱਚ ਬੈਂਕ ਵੱਲੋਂ ਚਲਾਈ ਜਾ ਰਹੀ ਇਸ ਸੰਸਥਾ ਦਾ ਵੱਡਾ ਯੋਗਦਾਨ ਹੈ। ਉਹਨਾਂ ਸੰਸਥਾ ਵਿੱਚ ਮੌਜੂਦ ਸਹੂਲਤਾਂ ਅਤੇ ਟ੍ਰੇਨਿੰਗ ਪੱਧਰ ਦੀ ਸ਼ਲਾਘਾ ਕੀਤੀ। ਉਹਨਾਂ ਨੇ ਸਾਰੇ ਕਾਮਯਾਬ ਸਿੱਖਿਆਰਥੀਆਂ ਨੂੰ ਪ੍ਰਮਾਣ ਪੱਤਰ ਵੰਡੇ। ਇਸ 10 ਦਿਨਾਂ ਡੇਅਰੀ ਫਾਰਮਿੰਗ ਕੋਰਸ ਵਿੱਚ ਪਸ਼ੂ ਪਾਲਣ ਵਿਭਾਗ ਦੇ ਅਸਿਸਟੈਂਟ ਡਾਇਰੈਕਟਰ ਗੁਰਬਖ਼ਸ਼ ਸਿੰਘ ਗਿੱਲ ਨੇ ਉਚੇਚੇ ਤੌਰ ਤੇ ਸਿੱਖਿਆਰਥੀਆਂ ਨੂੰ ਸਿਖਲਾਈ ਦਿੱਤੀ।

ਇਸ ਮੌਕੇ ਐਸ.ਬੀ.ਆਈ.ਆਰਸੇਟੀ, ਪਟਿਆਲਾ ਦੇ ਡਾਇਰੈਕਟਰ ਭਗਵਾਨ ਸਿੰਘ ਵਰਮਾ ਨੇ ਦੱਸਿਆ ਕਿ ਆਰਸੇਟੀ ਪਟਿਆਲਾ ਵਿੱਚ 60 ਤੋਂ ਵੀ ਵੱਧ ਵੱਖਰੇ ਵੱਖਰੇ ਕੋਰਸਾਂ ਲਈ ਟ੍ਰੇਨਿੰਗ ਦਿੱਤੀ ਜਾਂਦੀ ਹੈ। ਇਸ ਮੌਕੇ (ਆਰਸੇਟੀ) ਪਟਿਆਲਾ ਦੇ ਬਲਜਿੰਦਰ ਸਿੰਘ (ਫੈਕਲਟੀ) ਹਰਦੀਪ ਸਿੰਘ ਰਾਏ (ਫੈਕਲਟੀ) ਅਜੀਤਇੰਦਰ ਸਿੰਘ ਤੇ ਕਵਨੀਤ ਕੌਰ (ਆਫ਼ਿਸ ਅਸਿਸਟੈਂਟ) ਸ਼ਮਾਲ ਰਹੇ।

ਡਾਇਰੈਕਟਰ ਭਗਵਾਨ ਸਿੰਘ ਵਰਮਾ ਦੱਸਿਆ ਕਿ ਬੱਕਰੀ ਪਾਲਣ, ਕੰਪਿਊਟਰ, ਅਕਾਉਂਟਿੰਗ, ਜੂਟ ਦੇ ਪ੍ਰੋਡਕਟਸ, ਡੇਅਰੀ ਫਾਰਮਿੰਗ, ਟੇਲਰਿੰਗ, ਬਿਊਟੀ ਪਾਰਲਰ ਆਦਿ ਸਿਖਲਾਈ ਕੋਰਸਾਂ ਲਈ ਸਿਖਲਾਈ ਪ੍ਰਾਪਤ ਕਰਨ ਵਾਲਿਆਂ ਦਾ ਨਾਮ ਦਰਜ ਕਰਵਾਉਣਾ ਆਰਸੇਟੀ, ਪਟਿਆਲਾ ਵਿਖੇ ਸ਼ੁਰੂ ਕੀਤਾ ਗਿਆ ਹੈ। ਇਸ ਕੋਰਸ ਲਈ ਪੇਂਡੂ ਖੇਤਰ ਤੋਂ ਮਹਿਲਾ ਅਤੇ ਹੋਰ ਬੇਰੁਜ਼ਗਾਰ ਲੋੜਵੰਦਾਂ ਇਸ ਕੋਰਸ ਲਈ ਰਜਿਸਟਰੇਸ਼ਨ ਕਰਵਾ ਸਕਦੇ ਹਨ। ਇਨ੍ਹਾਂ ਕੋਰਸਾਂ ਲਈ ਉਮਰ 18 ਤੋ 45 ਸਾਲ ਹੈ ਤੇ ਸਾਰੇ ਕੋਰਸ ਮੁਫ਼ਤ ਹਨ।

ਡਾਇਰੈਕਟਰ ਭਗਵਾਨ ਸਿੰਘ ਵਰਮਾ ਨੇ ਦੱਸਿਆ ਕਿ 30.09.2024 ਤੱਕ, ਵੱਖ-ਵੱਖ ਗਤੀਵਿਧੀਆਂ ਵਿੱਚ 8134 ਸਿੱਖਿਆਰਥੀਆਂ ਨੇ ਸਿਖਲਾਈ ਲਈ ਜਿਨ੍ਹਾਂ ਵਿਚੋਂ 5992 ਸਿੱਖਿਆਰਥੀਆਂ ਨੇ ਸਵੈ-ਰੋਜ਼ਗਾਰ ਸ਼ੁਰੂ ਕੀਤਾ ਹੈ। ਡਾਇਰੈਕਟਰ ਆਰਸੇਟੀ ਨੇ ਦੱਸਿਆ ਕਿ ਇਹਨਾਂ ਕਿੱਤਾਮੁਖੀ ਕੋਰਸਾਂ ਵਿਚ ਭਾਗ ਲੈ ਰਹੇ 18-45 ਸਾਲ ਦੇ ਸਿੱਖਿਆਰਥੀਆਂ ਨੂੰ ਮੁਫ਼ਤ ਸਿੱਖਿਆ ਦੇ ਨਾਲ ਦੁਪਹਿਰ ਦਾ ਖਾਣਾ ਅਤੇ ਦੋ ਸਮੇਂ ਦੀ ਚਾਹ ਵੀ ਮੁਫ਼ਤ ਦਿੱਤੀ ਜਾਂਦੀ ਹੈਂ। ਉਹਨਾਂ ਨੇ ਦੱਸਿਆ ਕਿ ਪ੍ਰਭਾਵਸ਼ਾਲੀ ਰੋਜ਼ਗਾਰ ਪੈਦਾ ਕਰਨ ਲਈ ਸਿੱਖਿਅਤ ਉਮੀਦਵਾਰਾਂ ਨਾਲ ਦੋ ਸਾਲਾਂ ਤਕ ਫਾਲੋ ਅਪ ਵੀ ਕੀਤਾ ਜਾਂਦਾ ਹੈ ਅਤੇ ਨਵੀਂਆਂ ਰਜਿਸ਼ਟ੍ਰੇਸ਼ਨਾਂ ਲਈ ਗੂਗਲ ਫਾਰਮ ਤੇ ਕਿਊ ਆਰ ਕੋਡ ਆਨਲਾਈਨ ਜਾਰੀ ਕੀਤਾ ਗਿਆ ਹੈ।

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ



ਸ੍ਰੀ ਅਨੰਦਪੁਰ ਸਾਹਿਬ, 23 ਅਕਤੂਬਰ-
-ਕੌਮੀ ਪੱਤ੍ਰਿਕਾ ਬਿਊਰੋ-

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਰੂਪਨਗਰ –ਐਸ ਬੀ ਐਸ ਨਗਰ ਜੋਨ ਦੇ ਖੇਤਰ ਅਨੰਦਪੁਰ ਸਾਹਿਬ ਵੱਲੋਂ ਗੁਰੂ ਰਾਮਦਾਸ ਜੀ ਦਾ ਪਾਵਨ ਪ੍ਰਕਾਸ਼ ਦਿਹਾੜਾ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਇਆ ਗਿਆ।

ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਅਨੰਦਪੁਰ ਸਾਹਿਬ ਵਿਖੇ ਸਵੇਰ ਦੀ ਪ੍ਰਾਰਥਨਾ ਦੌਰਾਨ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਵਿਦਿਆਰਥੀਆਂ ਨੇ ਕਵਿਤਾਵਾਂ ਅਤੇ ਸ਼ਬਦ ਗਾਇਨ ਕੀਤਾ।

ਧਾਰਮਿਕ ਅਧਿਆਪਿਕਾ ਬਲਦੀਪ ਕੌਰ ਨੇ ਜਿੱਥੇ ਗੁਰੂ ਸਾਹਿਬ ਜੀ ਦੇ ਮੁੱਢਲੇ ਜੀਵਨ ਬਾਰੇ ਗੱਲਬਾਤ ਕੀਤੀ ਉਥੇ ਨਾਲ ਹੀ ਸਟੱਡੀ ਸਰਕਲ ਦੇ ਨੁਮਾਇੰਦਿਆਂ ਨੂੰ ਜੀ ਆਇਆਂ ਆਖਿਆ। ਉਪਰੰਤ ਸ ਇੰਦਰਜੀਤ ਸਿੰਘ,ਸ ਸ਼ਮਸ਼ੇਰ ਸਿੰਘ ਨੇ ਗੁਰੂ ਸਾਹਿਬ ਜੀ ਦੇ ਜੀਵਨ ਬਾਰੇ ਵਿਸਥਾਰ ਸਹਿਤ ਜਾਣਕਾਰੀ ਸਾਂਝੀ ਕੀਤੀ ਅਤੇ ਵਿਦਿਆਰਥੀਆਂ ਨੂੰ ਪ੍ਰੇਰਨਾ ਕੀਤੀ ਕਿ ਸਾਨੂੰ ਸਾਰਿਆਂ ਨੂੰ ਗੁਰੂ ਸਾਹਿਬ ਜੀ ਦੇ ਜੀਵਨ ਤੋਂ ਸੇਧ ਲੈਂਦੇ ਹੋਏ ਉਨ੍ਹਾਂ ਵੱਲੋਂ ਬਖਸ਼ੀਆਂ ਹੋਈਆਂ ਸਿਖਿਆਵਾਂ ਤੇ ਚੱਲਣ ਦਾ ਯਤਨ ਕਰਨਾ ਚਾਹੀਦਾ ਹੈ। ਅੰਤ ਵਿੱਚ ਸਕੂਲ ਮੁਖੀ ਮੈਡਮ ਗੁਰਿੰਦਰ ਕੌਰ ਨੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਗੁਰੂ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ।

ਉਹਨਾਂ ਜਿੱਥੇ ਸਟੱਡੀ ਸਰਕਲ ਦੀ ਟੀਮ ਦਾ ਧੰਨਵਾਦ ਕੀਤਾ ਉਥੇ ਸਟੱਡੀ ਸਰਕਲ ਦੇ ਨੁਮਾਇੰਦਿਆਂ ਨੂੰ ਸਿਰਪਾਓ ਦੇ ਕੇ ਸਨਮਾਨਿਤ ਵੀ ਕੀਤਾ। ਇਸ ਮੌਕੇ ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

# ਡੀ.ਜੀ.ਪੀ. ਗੌਰਵ ਯਾਦਵ ਨੇ 'ਨਾਈਟ ਡੌਮੀਨੇਸ਼ਨ' ਤਹਿਤ ਪੰਜਾਬ ਭਰ 'ਚ ਨਾਕਿਆਂ, ਥਾਣਿਆਂ ਦੀ ਕੀਤੀ ਜਾਂਚ



ਪਟਿਆਲਾ, 23 ਅਕਤੂਬਰ-
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਕਾਨੂੰਨ - ਵਿਵਸਥਾ ਲਾਗੂ ਕਰਨ ਅਤੇ ਭਾਈਚਾਰਕ ਸਾਂਝ ਨੂੰ ਬਿਹਤਰ ਬਣਾਉਣ ਦੇ ਮਕਸਦ ਨਾਲ ਪੁਲਿਸ ਦੇ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਸ਼ਨੀਵਾਰ ਨੂੰ ਤੜਕਸਾਰ 'ਨਾਈਟ ਡੌਮੀਨੇਸ਼ਨ' ਤਹਿਤ ਸੂਬੇ ਦੇ ਚਾਰ ਜ਼ਿਲ੍ਹਿਆਂ ਦਾ ਅਚਨਚੇਤ ਦੌਰਾ ਕਰਦਿਆਂ, ਵੱਖ-ਵੱਖ ਨਾਕਿਆਂ ਅਤੇ ਪੁਲਿਸ ਥਾਣਿਆਂ ਦਾ ਨਿਰੀਖਣ ਕੀਤਾ ਅਤੇ ਸਬੰਧਤ ਅਧਿਕਾਰੀਆਂ ਅਤੇ ਨਾਗਰਿਕਾਂ ਨਾਲ ਸਿੱਧੇ ਤੌਰ 'ਤੇ ਰਾਬਤਾ ਕੀਤਾ।

ਰਾਤ ਦੇ ਸਮੇਂ ਐਸ.ਏ.ਐਸ.ਨਗਰ, ਲੁਧਿਆਣਾ, ਖੰਨਾ, ਅਤੇ ਫਤਹਿਗੜ੍ਹ ਸਾਹਿਬ ਜ਼ਿਲ੍ਹਿਆਂ ਦੇ ਅਚਨਚੇਤ ਦੌਰੇ ਦਾ ਉਦੇਸ਼ ਨਾਈਟ ਡੌਮੀਨੇਸ਼ਨ ਅਪ੍ਰੇਸ਼ਨਾਂ ਦੀ ਪ੍ਰਭਾਵਸ਼ੀਲਤਾ ਦਾ ਮੁਲਾਂਕਣ ਕਰਨ ਤੋਂ ਇਲਾਵਾ ਵਿਸ਼ੇਸ਼ ਚੌਕੀਆਂ ਦੇ ਕੰਮਕਾਜ ਦੀ ਸਮੀਖਿਆ ਅਤੇ ਜ਼ਮੀਨੀ ਪੁਲਿਸ ਦੇ ਕੰਮ ਦੀ ਨਿਗਰਾਨੀ ਕਰਨਾ ਸੀ।

ਆਪਣੇ ਦੌਰੇ ਦੌਰਾਨ, ਡੀਜੀਪੀ ਗੌਰਵ ਯਾਦਵ ਨੇ ਪੁਲਿਸ ਅਤੇ ਲੋਕਾਂ ਦਰਮਿਆਨ ਤਜ਼ਰਬਿਆਂ ਬਾਰੇ ਸਿੱਧੀ ਫੀਡਬੈਕ ਲੈਣ ਲਈ ਨਾਗਰਿਕਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਕਿਹਾ , "ਮੈਨੂੰ ਇਹ ਜਾਣ ਕੇ ਖੁਸ਼ੀ ਹੋ ਰਹੀ ਹੈ ਕਿ ਪੁਲੀਸ ਦੀ ਵਧੀ ਹੋਈ ਮੌਜੂਦਗੀ ਨਾਲ ਜਨਤਾ ਸੁਰੱਖਿਅਤ ਮਹਿਸੂਸ ਕਰ ਰਹੀ ਹੈ। ਸਾਡਾ ਟੀਚਾ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਅਤੇ ਪੂਰਨ ਪਾਰਦਰਸ਼ੀ ਅਤੇ ਜਵਾਬਦੇਹ ਪੁਲਿਸਿੰਗ ਰਾਹੀਂ ਲੋਕਾਂ ਵਿੱਚ ਵਿਸ਼ਵਾਸ ਪੈਦਾ ਕਰਨਾ ਹੈ"।

ਵਿਸ਼ੇਸ਼ ਨਾਕਿਆਂ ਦੇ ਕੰਮਕਾਜ ਦੀ ਸਮੀਖਿਆ ਕਰਦਿਆਂ, ਉਨ੍ਹਾਂ ਨੇ ਪੁਲਿਸ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਉੱਚੇ ਪੇਸ਼ੇਵਰਾਨਾ ਮਿਆਰ ਬਰਕਰਾਰ ਰੱਖਣ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ,"ਇਹ ਵਿਸ਼ੇਸ਼ ਵਾਹਨ ਚੈਕਿੰਗ ਵਧੀ ਹੋਈ ਸੁਰੱਖਿਆ ਅਤੇ ਪ੍ਰਭਾਵਸ਼ਾਲੀ ਕਾਨੂੰਨ - ਵਿਵਸਥਾ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਇਉਂ ਹੀ ਜਾਰੀ ਰਹੇਗੀ"।

ਸਟਰੀਟ ਕ੍ਰਾਈਮ ਨੂੰ ਰੋਕਣ ਅਤੇ ਸੂਬੇ ਚੋਂ ਨਸ਼ਿਆਂ ਦਾ ਸਫ਼ਾਇਆ ਕਰਨ ਨੂੰ ਪੰਜਾਬ ਪੁਲਿਸ ਦੀ ਪ੍ਰਮੁੱਖ ਤਰਜੀਹ ਗਰਦਾਨਦਿਆਂ ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਹਾਲ ਹੀ ਵਿੱਚ ਪੁਲਿਸ ਕਮਿਸ਼ਨਰਾਂ (ਸੀਪੀਜ਼) ਅਤੇ ਸੀਨੀਅਰ ਪੁਲਿਸ ਕਪਤਾਨਾਂ (ਐਸਐਸਪੀਜ਼) ਨੂੰ ਅਜਿਹੇ ਅਪਰਾਧਾਂ ਨਾਲ ਪੇਸ਼ੇਵਰਾਨਾ ਢੰਗ ਨਾਲ ਨਜਿੱਠਣ ਅਤੇ ਤੁਰੰਤ ਐਫ.ਆਈ. ਆਰ. ਦਰਜ ਕਰਨ ਨੂੰ ਯਕੀਨੀ ਬਣਾਉਣ ਲਈ ਹਦਾਇਤ ਕੀਤੀ ਗਈ ਹੈ। ਅਜਿਹੇ ਮਾਮਲਿਆਂ ਵਿੱਚ ਪੰਜਾਬ ਪੁਲਿਸ ਸਨੈਚਿੰਗ ਪੁਆਇੰਟਾਂ ਸਮੇਤ ਅਪਰਾਧ ਦੇ ਹੌਟਸਪੌਟਸ ਦੀ ਸ਼ਨਾਖਤ ਕਰ ਰਹੀ ਹੈ, ਤਾਂ ਜੋ ਇਨ੍ਹਾਂ ਅਪਰਾਧਾਂ ਨੂੰ ਰੋਕਣ ਲਈ ਪੁਲਿਸ ਗਸ਼ਤ ਨੂੰ ਪੁਨਰਗਠਿਤ ਕੀਤਾ ਜਾ ਸਕੇ।

ਡੀਜੀਪੀ ਨੇ ਪੰਜਾਬ ਪੁਲਿਸ ਦੇ ਉਦੇਸ਼ ਦੀ ਪੁਸ਼ਟੀ ਕਰਦੇ ਹੋਏ ਕਿਹਾ, ਪਿਛਲੇ ਕੁਝ ਹਫ਼ਤਿਆਂ ਤੋਂ ਪੁਲਿਸ ਅਤੇ ਲੋਕਾਂ ਦਰਮਿਆਨ ਸਬੰਧਾਂ ਨੂੰ ਮਜ਼ਬੂਤ ਕਰਨ ਦੇ ਮੱਦੇਨਜ਼ਰ, ਮੈਂ ਪੁਲਿਸ ਥਾਣਿਆਂ ਦਾ ਸਰਗਰਮੀ ਨਾਲ ਦੌਰਾ ਕਰ ਰਿਹਾ ਹਾਂ, ਫੋਰਸ ਨਾਲ ਗੱਲਬਾਤ ਕਰ ਰਿਹਾ ਹਾਂ, ਅਤੇ ਪੁਲਿਸ ਦੇ ਮਨੋਬਲ ਨੂੰ ਹੁਲਾਰਾ ਦੇਣ ਅਤੇ ਜਨਤਕ ਮੀਟਿੰਗਾਂ ਕਰ ਰਿਹਾ ਹਾਂ।

# ਯੁਵਕ ਸੇਵਾਵਾਂ ਕਲੱਬਾਂ ਨੂੰ ਵਿੱਤੀ ਸਹਾਇਤਾ ਗ੍ਰਾਂਟ ਜਾਰੀ ਕਰਨ ਲਈ ਅਰਜ਼ੀਆਂ ਦੀ ਮੰਗ

ਪਟਿਆਲਾ, 23 ਅਕਤੂਬਰ-
-ਕੌਮੀ ਪੱਤ੍ਰਿਕਾ ਬਿਊਰੋ-

ਯੁਵਕ ਸੇਵਾਵਾਂ ਵਿਭਾਗ ਪੰਜਾਬ ਵੱਲੋਂ ਵਿਭਾਗ ਨਾਲ ਐਫੀਲੀਏਟਿਡ ਯੁਵਕ ਸੇਵਾਵਾਂ ਕਲੱਬਾਂ ਨੂੰ ਉਨ੍ਹਾਂ ਵੱਲੋਂ ਪਿਛਲੇ ਦੋ ਸਾਲ ਤੋਂ ਆਪਣੇ ਪਿੰਡਾਂ ਵਿੱਚ ਪਿੰਡ ਦੀ ਭਲਾਈ, ਯੁਵਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ, ਖੇਡਾਂ ਅਤੇ ਰੰਗਲਾ ਪੰਜਾਬ ਸਿਰਜਣ ਸਬੰਧੀ ਕੀਤੀਆਂ ਗਈਆਂ ਗਤੀਵਿਧੀਆਂ ਦੇ ਅਧਾਰ 'ਤੇ ਵਿੱਤੀ ਸਹਾਇਤਾ ਦੇਣ ਲਈ ਜ਼ਿਲ੍ਹੇ ਭਰ 'ਚੋਂ ਅਰਜ਼ੀਆਂ ਦੀ ਮੰਗ 31 ਅਕਤੂਬਰ 2024 ਤੱਕ ਕੀਤੀ ਗਈ ਹੈ। ਇਹ ਜਾਣਕਾਰੀ ਸਾਂਝੀ ਕਰਦਿਆਂ ਡਿਪਟੀ ਕਮਿਸ਼ਨਰ ਪਟਿਆਲਾ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਜ਼ਿਲ੍ਹੇ ਦੇ ਯੁਵਕ ਸੇਵਾਵਾਂ ਕਲੱਬਾਂ ਵੱਲੋਂ ਆਪਣੀਆਂ ਅਰਜ਼ੀਆਂ ਦੇ ਨਾਲ ਕਲੱਬ ਵੱਲੋਂ ਕੀਤੀਆਂ ਗਈਆਂ ਗਤੀਵਿਧੀਆਂ ਦੀਆਂ ਫ਼ੋਟੋਆਂ ਅਤੇ ਅਖ਼ਬਾਰਾਂ ਦੀਆਂ ਕਾਤਰਾਂ ਨੱਥੀ ਕੀਤੀਆਂ ਜਾਣ ਤਾਂ ਜੋ ਵਧੀਆ ਕੰਮ ਕਰਨ ਵਾਲੇ ਜ਼ਿਲ੍ਹੇ ਭਰ 'ਚੋਂ ਯੁਵਕ ਸੇਵਾਵਾਂ ਕਲੱਬਾਂ ਦੀ ਚੋਣ ਕਰਕੇ ਉਨ੍ਹਾਂ ਨੂੰ ਖੇਡਾਂ ਦੇ ਸਮਾਨ ਅਤੇ ਯੁਵਕ ਗਤੀਵਿਧੀਆਂ ਆਦਿ ਲਈ ਵਿੱਤੀ ਸਹਾਇਤਾ ਗ੍ਰਾਂਟ ਜਾਰੀ ਕੀਤੀ ਜਾ ਸਕੇ।

ਉਨ੍ਹਾਂ ਇਹ ਵੀ ਦੱਸਿਆ ਕਿ ਇਨ੍ਹਾਂ ਵਿਚੋਂ ਯੋਗ ਯੁਵਕ ਸੇਵਾਵਾਂ ਕਲੱਬਾਂ ਦੀ ਚੋਣ ਜ਼ਿਲ੍ਹਾ ਪੱਧਰ ਤੇ ਬਣਾਈ ਗਈ ਕਮੇਟੀ ਵੱਲੋਂ ਕੀਤੀ ਜਾਵੇਗੀ। ਯੁਵਕ ਸੇਵਾਵਾਂ ਕਲੱਬਾਂ ਵੱਲੋਂ ਇਹ ਅਰਜ਼ੀਆਂ/ਫਾਈਲਾਂ ਸਹਾਇਕ ਡਾਇਰੈਕਟਰ, ਯੁਵਕ ਸੇਵਾਵਾਂ ਦੇ ਦਫ਼ਤਰ ਵਿਖੇ ਜਮ੍ਹਾਂ ਕਰਵਾਈਆਂ ਜਾ ਸਕਦੀਆਂ ਹਨ। ਇਸ ਸਬੰਧੀ ਵਧੇਰੇ ਜਾਣਕਾਰੀ ਲਈ 9417306371 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# 100 ਸਾਲਾ ਜਸ਼ਨਾਂ ਦੇ ਸਬੰਧ ਵਿੱਚ ਬਣਾਈ ਗਈ ਕਮੇਟੀ ਨੇ ਸਥਾਪਨਾ ਦਿਵਸ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ



ਮਲੇਰਕੋਟਲਾ, 23 ਅਕਤੂਬਰ-
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਕਫ ਬੋਰਡ ਦੇ ਪ੍ਰਬੰਧ ਅਧੀਨ ਚੱਲਣ ਵਾਲੇ ਸਭ ਤੋਂ ਵੱਡੇ ਅਤੇ ਪੁਰਾਣੇ ਮੁਸਲਿਮ ਵਿੱਦਿਅਕ ਅਦਾਰੇ ਇਸਲਾਮੀਆ ਸੀਨੀਅਰ ਸੈਕੰਡਰੀ ਸਕੂਲ ਦਾ 100 ਸਾਲਾ ਸਥਾਪਨਾ ਦਿਵਸ ਮਨਾਇਆ ਜਾ ਰਿਹਾ ਹੈ। ਇਸ ਸਮਾਗਮ ਨੂੰ ਪ੍ਰਭਾਵਸ਼ਾਲੀ ਬਣਾਉਣ ਦੇ ਲਈ ਤਿਆਰੀਆਂ ਜ਼ੋਰਾਂ ਤੇ ਹਨ। ਇਸ ਸਬੰਧ ਵਿੱਚ ਪੰਜਾਬ ਵਕਫ ਬੋਰਡ ਵੱਲੋਂ ਇੱਕ ਕਮੇਟੀ ਦਾ ਗਠਨ ਕੀਤਾ ਗਿਆ ਸੀ। ਅੱਜ ਇਸ ਕਮੇਟੀ ਦੇ ਮੈਂਬਰਾਂ ਨੇ ਸਮਾਗਮ ਦੇ ਆਯੋਜਨ ਸਬੰਧੀ ਪ੍ਰਬੰਧਾਂ ਦਾ ਜਾਇਜ਼ਾ ਲਿਆ ਅਤੇ ਵੱਖ-ਵੱਖ ਕੰਮਾਂ ਦੇ ਆਧਾਰ ਗਠਿਤ ਕੀਤੀਆਂ ਸਬ ਕਮੇਟੀਆਂ ਦੇ ਪ੍ਰਤੀਨਿਧੀਆਂ ਤੋਂ ਹੋ ਰਹੀ ਪ੍ਰਗਤੀ ਬਾਰੇ ਰਿਪੋਰਟ ਪ੍ਰਾਪਤ ਕੀਤੀ। ਇਸ ਤੋਂ ਬਾਅਦ ਇਸ ਕਮੇਟੀ ਵੱਲੋਂ 100 ਸਾਲਾ ਜਸ਼ਨਾਂ ਦੇ ਸਬੰਧ ਵਿੱਚ ਆਯੋਜਿਤ ਕੀਤੇ ਜਾ ਰਹੇ ਸਮਾਗਮ ਦੀ ਜਗ੍ਹਾ ਦਾ ਦੌਰਾ ਕੀਤਾ ਅਤੇ ਲੋੜੀਂਦੇ ਪ੍ਰਬੰਧਾਂ ਬਾਰੇ ਵਿਚਾਰ ਵਟਾਂਦਰਾ ਕੀਤਾ। ਇਸ ਮੌਕੇ ਤੇ ਸ਼੍ਰੀ ਜਮੀਲ ਚੌਹਾਨ, ਸ਼ਹਿਬਾਜ਼ ਰਾਣਾ, ਜਹੂਰ ਅਹਿਮਦ ਚੌਹਾਨ, ਐਡਵੋਕੇਟ ਨੌਸ਼ੀਨ ਅਖਤਰ, ਤਾਜ ਉਦ ਦੀਨ, ਅਨਵਾਰ ਅੰਜੁਮ,ਪ੍ਰਿੰਸੀਪਲ ਜਮੀਲ ਮੁਹੰਮਦ, ਜਹੂਰ ਅਹਿਮਦ ਜਹੂਰ, ਮਾਸਟਰ ਅਨਵਾਰ ਆਜਰ, ਅਬਦੁਲ ਸ਼ਕੂਰ, ਮਾਸਟਰ ਸਈਅਦ ਖਤੀਬ ਹੈਦਰ, ਮੈਡਮ ਨਾਦੀਆ ਤੋਂ ਇਲਾਵਾ ਵੱਖ-ਵੱਖ ਸਬ ਕਮੇਟੀਆਂ ਦੇ ਇੰਚਾਰਜ ਹਾਜ਼ਰ ਸਨ।

## ਪੰਚਾਂ ਸਰਪੰਚਾਂ ਨੂੰ ਸਰਟੀਫਿਕੇਟ ਤਸਕੀਮ ਕਰਨ ਲਈ ਪੱਟੀ ਦੇ ਖੇਡ ਸਟੇਡੀਅਮ ਵਿਖੇ ਹੋਈਆਂ ਵਿਸ਼ਾਲ ਇਕੱਠ

# ਲਾਲਜੀਤ ਸਿੰਘ ਭੁੱਲਰ ਤੇ ਸਬੰਧਿਤ ਅਧਿਕਾਰੀਆ ਨੇ ਵੰਡੇ ਸਰਟੀਫਿਕੇਟ



ਪੱਟੀ, 23 ਅਕਤੂਬਰ-
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿੱਚ ਹੋਈਆਂ ਪੰਚਾਇਤੀ ਚੋਣਾਂ ਦੌਰਾਨ ਵਿਧਾਨ ਸਭਾ ਹਲਕਾ ਪੱਟੀ ਅਧੀਨ ਆਉਂਦੀਆਂ 114 ਪੰਚਾਇਤਾਂ ਚ 113 ਪੰਚਾਇਤਾਂ ਕੈਬਨਟ ਮੰਤਰੀ ਪੰਜਾਬ ਸ ?. ਲਾਲਜੀਤ ਸਿੰਘ ਭੁੱਲਰ ਦੀ ਅਗਵਾਈ ਹੇਠ ਸਰਬ ਸੰਮਤੀ ਨਾਲ ਚੁਣੀਆਂ ਗਈਆਂ ਅਤੇ ਇੱਕ ਪੰਚਾਇਤ ਪਿੰਡ ਜੰਡੋਕੇ ਵਿਖੇ ਚੋਣ ਹੋਈ, ਜਿਸ ਦੌਰਾਨ ਇਸ ਪਿੰਡ ਦੀ ਪੰਚਾਇਤ ਵੀ ਆਮ ਆਦਮੀ ਪਾਰਟੀ ਨਾਲ ਸੰਬੰਧਿਤ ਵਿਅਕਤੀ ਨੇ ਜਿੱਤੀ। ਇਹਨਾਂ 114 ਪੰਚਾਇਤਾਂ ਦੇ ਪੰਚਾਂ ਸਰਪੰਚਾਂ ਨੂੰ ਸਰਟੀਫਿਕੇਟ ਤਸਕੀਮ ਕਰਨ ਲਈ ਅੱਜ ਪੱਟੀ ਦੇ ਖੇਡ ਸਟੇਡੀਅਮ ਵਿਖੇ ਹੋਏ ਇੱਕ ਵਿਸ਼ਾਲ ਇਕੱਠ ਦੌਰਾਨ ਕੈਬਨਿਟ ਮੰਤਰੀ ਭੁੱਲਰ ਅਤੇ ਡੀਡੀਪੀਓ ਬੀਡੀਪੀਓ ਅਤੇ ਹੋਰ ਸਬੰਧਿਤ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਸਰਟੀਫਿਕੇਟ ਤਸਕੀਮ ਕੀਤੇ ਗਏ। ਇਸ ਮੌਕੇ ਆਪਣੇ ਸੰਬੋਧਨ ਭਾਸ਼ਣ ਦੌਰਾਨ ਮੰਤਰੀ ਭੁੱਲਰ ਨੇ ਹਲਕੇ ਦੇ 114 ਪਿੰਡਾਂ ਦੇ ਨਿਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹਨਾਂ ਨੇ ਆਪਣੀ ਸੂਝ ਬੂਝ ਨਾਲ ਆਪਣੀ ਭਾਈਚਾਰਕ ਸਾਂਝ ਨੂੰ ਬਰਕਰਾਰ ਰੱਖਦਿਆਂ ਹੋਇਆ ਸਰਬ ਸੰਮਤੀ ਨਾਲ ਪੰਚਾਇਤਾਂ ਦੀ ਚੋਣ ਕੀਤੀ। ਉਹਨਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੌਰਾਨ ਹੋਈਆਂ ਵੱਖ-ਵੱਖ ਚੋਣਾਂ ਮੌਕੇ ਚੱਲੀਆਂ ਗੋਲੀਆਂ ਤੇ ਗੁੰਡਾਗਰਦੀ ਕਾਰਨ ਪਿੰਡਾਂ ਦੇ ਕਈ ਲੋਕ ਜਖਮੀ ਹੋਏ ਅਤੇ ਉਹ ਵੱਖ-ਵੱਖ ਅਦਾਲਤਾਂ ਵਿੱਚ ਕੇਸ ਭੁਗਤ ਰਹੇ ਹਨ ਅਤੇ ਕਈ ਅਜੇ ਤੱਕ ਜੇਲਾਂ ਵਿੱਚ ਬੰਦ ਹਨ ਪਰ ਆਮ ਆਦਮੀ ਪਾਰਟੀ ਦੀ ਜੋ ਪੰਜਾਬ ਵਿੱਚ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਬਣੀ ਇਸ ਸਰਕਾਰ ਨੇ ਜਿੱਤਣ ਤੋਂ ਪਹਿਲਾਂ ਜੋ ਵਾਅਦਾ ਕੀਤਾ ਸੀ ਕਿ ਪਿੰਡਾਂ ਵਿੱਚ ਅਮਨ ਸ਼ਾਂਤੀ ਪੈਦਾ ਕੀਤੀ ਜਾਵੇਗੀ, ਉਸੇ ਤਹਿਤ ਹੀ ਵਿਧਾਨ ਸਭਾ ਹਲਕਾ ਪੱਟੀ ਦੀਆਂ ਸਮੁੱਚੀਆਂ ਪੰਚਾਇਤਾਂ ਅਮਨ ਸ਼ਾਂਤੀ ਨਾਲ ਸਰਬ ਸੰਮਤੀ ਨਾਲ ਬਣ ਗਈਆਂ ਇਸ ਨਾਲ ਲੋਕਾਂ ਦੀ ਆਪਸੀ ਭਾਈਚਾਰਕ ਸਾਂਝ ਹੋਰ ਵਧੇਗੀ ਭੁੱਲਰ ਨੇ ਜਿੱਥੇ ਵਿਧਾਨ ਸਭਾ ਹਲਕਾ ਪੱਟੀ ਦੇ ਸਮੂਹ ਹਲਕਾ ਨਿਵਾਸੀਆਂ ਦਾ ਧੰਨਵਾਦ ਕੀਤਾ, ਉੱਥੇ ਹੀ ਨਵੀਆਂ ਪੰਚਾਇਤਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਆਪਣੇ ਆਪਣੇ ਪਿੰਡਾਂ ਵਿੱਚ ਆਪਸੀ ਭਾਈਚਾਰਕ ਸਾਂਝ ਇਸੇ ਤਰ੍ਹਾਂ ਹੀ ਬਰਕਰਾਰ ਰੱਖਦਿਆਂ ਹੋਇਆਂ ਪਿੰਡਾਂ ਦੇ ਵਿਕਾਸ ਬਗੈਰ ਕਿਸੇ ਵਿਤਰੇ ਤੋਂ ਕਰਵਾਇਆ ਜਾਵੇਗਾ।

ਇਸ ਮੌਕੇ ਚੇਅਰਮੈਨ ਦਿਲਬਾਗ ਸਿੰਘ ਪੀ.ਏ, ਮੀਡੀਆ ਇੰਚਾਰਜ ਅਵਤਾਰ ਸਿੰਘ ਢਿੱਲੋ, ਬਲਾਕ ਪ੍ਰਧਾਨ ਗੁਰਪ੍ਰੀਤ ਸਿੰਘ, ਚੇਅਰਮੈਨ ਰਜਿੰਦਰ ਸਿੰਘ ਉਸਮਾਂ , ਵਰਿੰਦਰਜੀਤ ਸਿੰਘ ਹੀਰਾ ਭੁੱਲਰ, ਸੁਖਦੇਵ ਸਿੰਘ ਭੁੱਲਰ, ਕੌਂਸਲਰ ਕਮਲ ਕੁਮਾਰ, ਸਰਪੰਚ ਗੁਰਬਿੰਦਰ ਸਿੰਘ ਕਾਲੇਕੇ,ਗੁਰਵਿੰਦਰ ਸਿੰਘ ਬੁਰਜ, ਅਮਨਦੀਪ ਸਿੰਘ ਸ਼ਾਹ ਕੈਰੋ, ਗੁਰਦਿਆਲ ਸਿੰਘ ਮਰਹਾਣਾ, ਅਵਤਾਰ ਸਿੰਘ ਸਭਰਾ,ਜੁਗਰਾਜ ਸਿੰਘ ਧਗਾਣਾ, ਜਸਬੀਰ ਸਿੰਘ ਬੋਪਾਰਾਏ, ਗੁਰਜੀਤ ਸਿੰਘ ਸ਼ਾਹ, ਰਾਜਬੀਰ ਸਿੰਘ ਚੂਸਲੇਵੜ ਸਰਪੰਚ, ਸਰਪੰਚ ਗੁਰਜੀਤ ਸਿੰਘ ਠੱਕਰਪੁਰਾ, ਸੋਨੂੰ ਭੁੱਲਰ ਕਿਰਤੋਵਾਲ, ਗੁਰਪ੍ਰੀਤ ਸਿੰਘ ਗੋਰਾ ਜੋਤੀਸ਼ਾਹ, ਗੁਰਪ੍ਰਤਾਪ ਸਿੰਘ ਲਾਡੀ ਬੁਰਜ, ਬਲਕਾਰ ਸਿੰਘ ਲਾਡੀ ਸਰਹਾਲੀ ਕਲਾਂ, ਪਲਵਿੰਦਰ ਸਿੰਘ ਭੋਲਾ ਰਾੜੀਆ, ਸਿਕਦਰ ਸਿੰਘ ਪ੍ਰਧਾਨ, ਸੋਨੀ ਸਰਪੰਚ, ਇਕਬਾਲ ਸਿੰਘ ਹਰੀਕੇ, ਹਰਜਿੰਦਰ ਸਿੰਘ ਢੋਟੀਆ, ਗੁਰਪਿੰਦਰ ਸਿੰਘ ਉੱਪਲ, ਸੁਖਵੰਤ ਸਿੰਘ ਕਾਲੇਕੇ, ਸੁੱਖ ਬਾਠ ਧਗਾਣਾ, ਅਮਰਜੀਤ ਸਿੰਘ ਬਰਵਾਲਾ, ਗੁਰਬਚਨ ਸਿੰਘ ਬਰਵਾਲਾ ਸੁਖਦੇਵ ਸਿੰਘ ਜੋੜ ਸਿੰਘ ਵਾਲਾ ਅਮਨਦੀਪ ਸਿੰਘ ਨਿੰਦਰ ਸਿੰਘ ਜੋੜ ਸਿੰਘ ਵਾਲਾ,ਗੁਰਵਿੰਦਰ ਸਿੰਘ ਬੀਹਲਾ ਸਮੇਤ ਵੱਖ-ਵੱਖ ਪਿੰਡਾਂ ਦੇ ਪੰਚ, ਸਰਪੰਚ ਆਗੂ ਸਹਿਬਾਨ ਹਾਜ਼ਰ ਸਨ।

# ਮੁੱਢਲੀਆਂ ਸਹਿਕਾਰੀ ਸੁਸਾਇਟੀਆਂ ਦੇ ਡਿਜੀਟਾਈਜੇਸ਼ਨ ਦੀ ਪ੍ਰਕਿਰਿਆ 31 ਦਸੰਬਰ ਤੱਕ ਪੂਰੀ ਕਰੋ : ਵੀ.ਕੇ. ਸਿੰਘ



ਚੰਡੀਗੜ੍ਹ, 23 ਅਕਤੂਬਰ-
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸਹਿਕਾਰੀ ਖੇਤਰ ਨੂੰ ਮਜ਼ਬੂਤ ਕਰਨ ਦੇ ਆਦੇਸ਼ਾਂ ਦੀ ਪਾਲਣਾ ਕਰਦਿਆਂ ਮੁੱਖ ਮੰਤਰੀ ਦੇ ਵਿਸ਼ੇਸ਼ ਮੁੱਖ ਸਕੱਤਰ ਸ੍ਰੀ ਵੀ.ਕੇ. ਸਿੰਘ ਨੇ ਸ਼ਨੀਵਾਰ ਨੂੰ ਅਧਿਕਾਰੀਆਂ ਨੂੰ ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸਭਾਵਾਂ (ਪੀ.ਏ.ਸੀ.ਐਸ.) ਦੇ ਕੰਪਿਊਟਰੀਕਰਨ ਦੀ ਚੱਲ ਰਹੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣ ਅਤੇ ਇਸ ਪ੍ਰਕਿਰਿਆ ਨੂੰ 31 ਦਸੰਬਰ ਤੱਕ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ।

ਰਾਜ ਪੱਧਰੀ ਇੰਪਲੀਮੈਨਟੇਸ਼ਨ ਅਤੇ ਮੌਨੀਟਰਿੰਗ ਕਮੇਟੀ (ਐਸ.ਐਲ.ਆਈ.ਐਮ.ਸੀ.) ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਵਿਸ਼ੇਸ਼ ਮੁੱਖ ਸਕੱਤਰ ਨੇ ਪੰਜਾਬ ਵਿੱਚ ਸਹਿਕਾਰੀ ਲਹਿਰ ਦੀ ਰੀੜ੍ਹ ਦੀ ਹੱਡੀ ਵਜੋਂ ਮੁੱਢਲੀਆਂ ਸਹਿਕਾਰੀ ਸੁਸਾਇਟੀਆਂ ਦੀ ਮਹੱਤਤਾ ਦੀ ਨਿਸ਼ਾਨਦੇਹੀ ਕੀਤੀ। ਉਨ੍ਹਾਂ ਕਿਹਾ ਕਿ ਸੁਸਾਇਟੀਆਂ ਜ਼ਮੀਨੀ ਪੱਧਰ @ਤੇ ਕਿਸਾਨਾਂ ਦੀ ਭਲਾਈ ਯਕੀਨੀ ਬਣਾਉਣ ਲਈ ਪ੍ਰੇਰਕ ਵਜੋਂ ਕੰਮ ਕਰਦੀਆਂ ਹਨ। ਸ੍ਰੀ ਵੀ.ਕੇ. ਸਿੰਘ ਨੇ ਕਿਹਾ ਕਿ ਇਨ੍ਹਾਂ ਸਭਾਵਾਂ ਦੇ ਕੰਪਿਊਟਰੀਕਰਨ ਨਾਲ ਸੁਸਾਇਟੀਆਂ ਦੇ ਕੰਮਕਾਜ ਵਿੱਚ ਵਧੇਰੇ ਕੁਸ਼ਲਤਾ ਅਤੇ ਪਾਰਦਰਸ਼ਤਾ ਆਵੇਗੀ, ਜਿਸ ਨਾਲ ਕਿਸਾਨਾਂ ਨੂੰ ਬਹੁਤ ਲਾਭ ਹੋਵੇਗਾ।

ਵਿਸ਼ੇਸ਼ ਮੁੱਖ ਸਕੱਤਰ ਨੇ ਚੱਲ ਰਹੇ ਕੰਪਿਊਟਰੀਕਰਨ ਦੀ ਜ਼ਿਲ੍ਹਾ ਪੱਧਰੀ ਸਥਿਤੀ ਦਾ ਜਾਇਜ਼ਾ ਲਿਆ ਅਤੇ ਅਧਿਕਾਰੀਆਂ ਨੂੰ ਪ੍ਰੋਜੈਕਟ ਨੂੰ ਸਮੇਂ ਸਿਰ ਅਤੇ ਪ੍ਰਭਾਵੀ ਢੰਗ ਨਾਲ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਕਿਹਾ। ਕਮੇਟੀ ਨੇ ਪੰਜਾਬ ਵਿੱਚ ਰਜਿਸਟਰਾਰ ਸਹਿਕਾਰੀ ਸਭਾਵਾਂ, ਪੰਜਾਬ ਅਤੇ ਖੇਤੀਬਾੜੀ ਸਹਿਕਾਰੀ ਬੈਂਕਾਂ ਦੇ ਦਫ਼ਤਰ ਦੇ ਕੰਪਿਊਟਰੀਕਰਨ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ। ਸ੍ਰੀ ਵੀ.ਕੇ. ਸਿੰਘ ਨੇ ਉਮੀਦ ਜ਼ਾਹਰ ਕੀਤੀ ਕਿ ਇਹ ਪ੍ਰੋਜੈਕਟ ਪੰਜਾਬ ਭਰ ਵਿੱਚ ਸਹਿਕਾਰੀ ਸੁਸਾਇਟੀਆਂ ਦੇ ਕੰਮਕਾਜ ਨੂੰ ਹੋਰ ਸੁਚਾਰੂ ਬਣਾਏਗਾ।

ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸਕੱਤਰ ਸਹਿਕਾਰਤਾ-ਕਮ-ਮੈਨੇਜਿੰਗ ਡਾਇਰੈਕਟਰ ਪੰਜਾਬ ਰਾਜ ਸਹਿਕਾਰੀ ਬੈਂਕ ਅਨਿੰਦਿਤਾ ਮਿੱਤਰਾ, ਸਹਿਕਾਰੀ ਸਭਾਵਾਂ ਦੇ ਰਜਿਸਟਰਾਰ ਵਿਮਲ ਸੇਤੀਆ, ਨਾਬਾਰਡ, ਸਹਿਕਾਰਤਾ ਵਿਭਾਗ, ਪੰਜਾਬ ਰਾਜ ਸਹਿਕਾਰੀ ਬੈਂਕ ਦੇ ਨੁਮਾਇੰਦੇ ਅਤੇ ਹੋਰ ਹਾਜ਼ਰ ਸਨ।

ਕੌਮੀ ਪੱਤ੍ਰਿਕਾ

# ਭਗਵੰਤ ਮਾਨ ਸਰਕਾਰ ਨੇ ਹੁਣ ਤੱਕ 500 ਤੋਂ ਵੱਧ ਅਧਿਆਪਕਾਂ ਨੂੰ ਸਿਖਲਾਈ ਲਈ ਵਿਦੇਸ਼ੀ ਮੁਲਕਾਂ ਅਤੇ ਦੇਸ਼ ਦੀਆਂ ਵੱਕਾਰੀ ਸੰਸਥਾਵਾਂ ਵਿੱਚ ਭੇਜ ਕੇ ਨਵਾਂ ਮੀਲ ਪੱਥਰ ਕਾਇਮ ਕੀਤਾ

**ਚੰਡੀਗੜ੍ਹ, 23 ਅਕਤੂਬਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਮੁਹੱਈਆ ਕਰਵਾਉਣ ਲਈ ਸੂਬੇ ਦੇ ਅਧਿਆਪਕਾਂ ਦਾ ਹੁਨਰ ਨਿਖਾਰਨ ਵਾਸਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੀ ਦ੍ਰਿੜ ਵਚਨਬੱਧਤਾ ਦੇ ਤਹਿਤ ਸੂਬਾ ਸਰਕਾਰ ਹੁਣ ਤੱਕ 500 ਤੋਂ ਵੱਧ ਅਧਿਆਪਕਾਂ ਨੂੰ ਸਿਖਲਾਈ ਲਈ ਵਿਦੇਸ਼ੀ ਮੁਲਕ ਸਿੰਗਾਪੁਰ, ਫਿਨਲੈਂਡ ਅਤੇ ਇੱਥੋਂ ਤੱਕ ਕਿ ਦੇਸ਼ ਦੇ ਅੰਦਰ ਵੱਕਾਰੀ ਸੰਸਥਾ ਆਈ.ਆਈ.ਐਮ. ਲਈ ਭੇਜ ਚੁੱਕੀ ਹੈ।

ਅਧਿਆਪਕ ਸਿਖਲਾਈ ਪ੍ਰੋਗਰਾਮ ਦੀ ਮਹੱਤਤਾ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ, ਇਸ ਪ੍ਰੋਗਰਾਮ ਦਾ ਇਕ ਨੁਕਾਤੀ ਉਦੇਸ਼ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਕਾਨਵੈਂਟ ਸਕੂਲਾਂ ਵਿੱਚ ਪੜ੍ਹ ਰਹੇ ਹਾਣੀਆਂ ਨਾਲ ਆਲਮੀ ਪੱਧਰ ਉਤੇ ਮੁਕਾਬਲਾ ਕਰਨ ਦੇ ਸਮਰੱਥ ਬਣਾਉਣਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਅਧਿਆਪਕਾਂ ਅਤੇ ਸਕੂਲ ਮੁਖੀਆਂ ਦੀ ਕਾਬਲੀਅਤ ਅਤੇ ਯੋਗਤਾ ਸਿੱਧੇ ਤੌਰ 'ਤੇ ਵਿਦਿਆਰਥੀਆਂ ਦੇ ਸਿੱਖਣ ਦੇ ਪੱਧਰ ਅਤੇ ਸਕੂਲਾਂ ਦੀ ਕਾਰਗੁਜ਼ਾਰੀ ਨੂੰ ਅਸਰਅੰਦਾਜ਼ ਕਰਦੀ ਹੈ। ਇਸ ਦੇ ਪਿਛੋਕੜ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਇਸ ਉਮੀਦ ਨਾਲ ਇਹ ਪ੍ਰੋਗਰਾਮ ਉਲੀਕਿਆ ਸੀ ਕਿ ਸਕੂਲ ਅਧਿਆਪਕਾਂ ਅਤੇ ਸਕੂਲ ਮੁਖੀਆਂ ਨੂੰ ਵਿਦੇਸ਼ੀ ਮੁਲਕਾਂ ਵਿੱਚ ਵੱਖ-ਵੱਖ ਸੰਸਥਾਵਾਂ ਦੇ ਦੌਰੇ ਕਰਵਾਉਣ ਦੇ ਨਾਲ-ਨਾਲ ਦੂਜੇ ਮੁਲਕਾਂ ਦੀਆਂ ਸਿੱਖਿਆ ਸੰਸਥਾਵਾਂ ਦੀ ਵਿਵਸਥਾ ਨੂੰ ਡੂੰਘਾਈ ਨਾਲ ਜਾਣਨ, ਪ੍ਰੇਰਨਾਮਈ ਬਣਾਉਣ ਅਤੇ ਅਧਿਆਪਨ ਸਿਖਲਾਈ ਦੇ ਬਿਹਤਰ ਤਰੀਕਿਆਂ ਨਾਲ ਪੜ੍ਹਾਅਵਾਰ ਪ੍ਰਭਾਵ ਸਿਰਜਿਆ ਜਾਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਉਦੇਸ਼ ਨੂੰ ਅਮਲੀ ਰੂਪ ਦੇਣ ਲਈ ਐਸ.ਸੀ.ਆਈ.ਆਰ.ਟੀ. ਵਿੱਚ ਕੌਮਾਂਤਰੀ ਸਿੱਖਿਆ ਮਾਮਲੇ ਸੈੱਲ (ਇੰਟਰਨੈਸ਼ਨਲ ਐਜੂਕੇਸ਼ਨ ਅਫੇਅਰਜ਼ ਸੈੱਲ) ਦੀ ਸਥਾਪਨਾ ਕੀਤੀ ਗਈ ਤਾਂ ਕਿ ਅਧਿਆਪਕਾਂ, ਸਕੂਲ ਮੁਖੀਆਂ ਅਤੇ ਸੂਬੇ ਦੇ ਸਕੂਲ ਸਿੱਖਿਆ ਵਿਭਾਗ ਵਿੱਚ ਵੱਖ-ਵੱਖ ਪੱਧਰਾਂ ਉਤੇ ਕੰਮ ਕਰ ਰਹੇ ਸਕੂਲ ਸਿੱਖਿਆ ਪ੍ਰਬੰਧਕਾਂ ਨੂੰ ਕੌਮਾਂਤਰੀ ਪੱਧਰ ਦੀ ਸਿਖਲਾਈ ਦਿੱਤੀ ਜਾ ਸਕੇ।



ਮੁੱਖ ਮੰਤਰੀ ਨੇ ਕਿਹਾ ਕਿ ਇਸ ਸੈੱਲ ਦਾ ਉਦੇਸ਼ ਅਧਿਆਪਕਾਂ, ਸਕੂਲ ਮੁਖੀਆਂ ਅਤੇ ਸਕੂਲ ਸਿੱਖਿਆ ਪ੍ਰਬੰਧਕਾਂ ਨੂੰ ਪ੍ਰਤਿਭਾ ਨਿਖਾਰਨ ਲਈ ਮੌਕੇ ਮੁਹੱਈਆ ਕਰਨਾ ਅਤੇ ਵਿਦਿਅਕ ਸਿਖਲਾਈ ਪ੍ਰਦਾਨ ਕਰਕੇ ਸਿੱਖਿਆ ਪ੍ਰਣਾਲੀ ਨੂੰ ਅਗਲੇਰੇ ਪੱਧਰ ਤੱਕ ਲਿਜਾਣਾ ਹੈ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਸਰਕਾਰੀ ਖਰਚੇ ਉਤੇ ਸਵਿਟਜ਼ਰਲੈਂਡ, ਸਿੰਗਾਪੁਰ, ਫਿਨਲੈਂਡ ਵਰਗੇ ਦੇਸ਼ਾਂ ਅਤੇ ਹਾਰਵਰਡ ਅਤੇ ਆਕਸਫੋਰਡ ਵਰਗੀਆਂ ਸੰਸਥਾਵਾਂ ਵਿਚ ਅਧਿਆਪਕਾਂ ਨੂੰ ਇਨ੍ਹਾਂ ਦੇਸ਼ਾਂ ਵਿਚ ਪ੍ਰਚਲਿਤ ਬਿਹਤਰ ਸਿੱਖਿਆ ਪ੍ਰਣਾਲੀਆਂ ਤੋਂ ਜਾਣੂੰ ਕਰਵਾਉਣ ਲਈ ਦੌਰੇ ਕਰਵਾਏ ਗਏ ਹਨ। ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਪੰਜ ਦਿਨਾ ਲੀਡਰਸ਼ਿਪ ਡਿਵੈਲਪਮੈਂਟ ਪ੍ਰੋਗਰਾਮ ਲਈ 202 ਪ੍ਰਿੰਸੀਪਲਾਂ/ਸਿੱਖਿਆ ਅਫਸਰਾਂ ਦੇ ਛੇ ਬੈਚ ਸਿੰਗਾਪੁਰ ਭੇਜੇ ਹਨ।

ਇਸੇ ਤਰ੍ਹਾਂ ਮੁੱਖ ਮੰਤਰੀ ਨੇ ਕਿਹਾ ਕਿ 72 ਹੋਣਹਾਰ ਪ੍ਰਾਇਮਰੀ ਅਧਿਆਪਕਾਂ ਦਾ ਇਕ ਬੈਚ ਅੱਜ ਪੇਸ਼ੇਵਰ ਸਿਖਲਾਈ ਲਈ ਫਿਨਲੈਂਡ ਦੀ ਯਾਤਰਾ ਲਈ ਰਵਾਨਾ ਹੋ ਰਿਹਾ ਹੈ। ਭਗਵੰਤ ਸਿੰਘ ਮਾਨ ਨੇ ਦੱਸਿਆ ਕਿ 152 ਹੈੱਡਮਾਸਟਰਜ਼/ਸਿੱਖਿਆ ਅਧਿਕਾਰੀਆਂ ਦੇ ਤਿੰਨ ਬੈਚ ਅਤਿ ਆਧੁਨਿਕ ਅਕਾਦਮਿਕ ਸਿਖਲਾਈ ਪ੍ਰਾਪਤ ਕਰਨ ਲਈ ਆਈ.ਆਈ.ਐਮ. ਅਹਿਮਦਾਬਾਦ ਵਿਖੇ ਭੇਜੇ ਗਏ। ਉਨ੍ਹਾਂ ਕਿਹਾ ਕਿ ਇਸ ਦਾ ਮਨੋਰਥ ਇਹ ਯਕੀਨੀ ਬਣਾਉਣਾ ਹੈ ਕਿ ਸੂਬੇ ਦੇ ਵਿਦਿਆਰਥੀ ਪੰਜਾਬ ਵਿੱਚ ਵਿਸ਼ਵ ਪੱਧਰੀ ਸਿੱਖਿਆ ਪ੍ਰਾਪਤ ਕਰਕੇ ਹਰ ਖੇਤਰ ਵਿੱਚ ਵੱਡੀਆਂ ਮੱਲਾਂ ਮਾਰਨ।

ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਉਪਰਾਲਿਆਂ ਦਾ ਉਦੇਸ਼ ਸੂਬੇ ਵਿੱਚ ਵਿਦੇਸ਼ ਜਾਣ ਦੇ ਰੁਝਾਨ ਨੂੰ ਪੁੱਠਾ ਗੇੜ ਦੇਣਾ ਅਤੇ ਨੌਜਵਾਨਾਂ ਦੀ ਬੇਅੰਤ ਊਰਜਾ ਨੂੰ ਸਕਾਰਾਤਮਕ ਦਿਸ਼ਾ ਵਿੱਚ ਲਾਉਣਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਦਾ ਮਨੋਰਥ ਹਰੇਕ ਖੇਤਰ ਵਿੱਚ ਨੌਜਵਾਨਾਂ ਦੇ ਸਰਬਪੱਖੀ ਵਿਕਾਸ ਨੂੰ ਯਕੀਨੀ ਬਣਾਉਣਾ ਹੈ ਤਾਂ ਜੋ ਉਹ ਹਰ ਖੇਤਰ ਵਿੱਚ ਨਵੀਆਂ ਬੁਲੰਦੀਆਂ ਨੂੰ ਸਰ ਕਰ ਸਕਣ। ਉਨ੍ਹਾਂ ਕਿਹਾ ਕਿ ਸੂਬੇ ਦੇ ਨੌਜਵਾਨਾਂ ਵਿੱਚ ਵੱਡੀ ਸਮਰੱਥਾ ਹੈ ਅਤੇ ਜੇਕਰ ਉਨ੍ਹਾਂ ਨੂੰ ਸਹੀ ਦਿਸ਼ਾ ਦਿੱਤੀ ਜਾਵੇ ਤਾਂ ਉਹ ਕਿਸੇ ਵੀ ਖੇਤਰ ਵਿੱਚ ਮੱਲਾਂ ਮਾਰ ਸਕਦੇ ਹਨ ਅਤੇ ਇਹ ਸਿਖਲਾਈ ਯਕੀਨਨ ਤੌਰ ਉਤੇ ਇਸ ਦਿਸ਼ਾ ਵਿੱਚ ਮੀਲ ਪੱਥਰ ਸਾਬਤ ਹੋਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਸਿਖਲਾਈ ਦੌਰਾਨ ਇਹ ਅਧਿਆਪਕ ਵਿਦੇਸ਼ਾਂ ਵਿੱਚ ਪ੍ਰਚਲਿਤ ਆਧੁਨਿਕ ਅਧਿਆਪਨ ਕਵਾਇਦ ਨਾਲ ਲੈਸ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਦੀ ਵਾਪਸੀ ਤੋਂ ਬਾਅਦ ਇਹ ਅਧਿਆਪਕ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਸਹਿਯੋਗੀਆਂ ਨਾਲ ਹਾਸਲ ਕੀਤੇ ਨਵੇਂ ਗਿਆਨ ਅਤੇ ਤਜਰਬਿਆਂ ਨੂੰ ਆਪਸ ਵਿੱਚ ਸਾਂਝਾ ਕਰਦੇ ਹਨ ਜਿਸ ਨਾਲ ਇਹ ਯਕੀਨੀ ਹੁੰਦਾ ਹੈ ਕਿ ਵਿਦਿਆਰਥੀ ਵਿਦੇਸ਼ਾਂ ਵਿੱਚ ਤਾਲੀਮ ਦੇਣ ਦੇ ਢੰਗ-ਤਰੀਕਿਆਂ ਤੋਂ ਜਾਣੂ ਹੋ ਸਕਣ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਲੀਹੋਂ ਹਟਵਾਂ ਉਪਰਾਲਾ ਹੈ ਜੋ ਵਿਦਿਆਰਥੀਆਂ ਦੀ ਭਲਾਈ ਲਈ ਸੂਬੇ ਦੀ ਸਮੁੱਚੀ ਸਿੱਖਿਆ ਪ੍ਰਣਾਲੀ ਨੂੰ ਮੁੜ ਸੁਰਜੀਤ ਕਰ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਅਧਿਆਪਕ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਮੁਹੱਈਆ ਕਰਵਾ ਕੇ ਅਜੋਕੇ ਸਮੇਂ ਵਿੱਚ ਸਿੱਖਿਆ ਖੇਤਰ ਵਿੱਚ 'ਬਦਲਾਅ ਦੇ ਦੂਤ' ਵਜੋਂ ਕੰਮ ਕਰ ਰਹੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਵਿਲੱਖਣ ਪ੍ਰੋਗਰਾਮ ਵਿਦਿਆਰਥੀਆਂ ਨੂੰ ਲਾਭ ਪਹੁੰਚਾ ਕੇ ਸੂਬੇ ਦੀ ਸਿੱਖਿਆ ਪ੍ਰਣਾਲੀ ਵਿੱਚ ਲੋੜੀਂਦੀ ਗੁਣਾਤਮਕ ਤਬਦੀਲੀ ਲਿਆ ਰਿਹਾ ਹੈ।

ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵਿਦਿਆਰਥੀਆਂ ਦੀ ਭਲਾਈ ਨੂੰ ਯਕੀਨੀ ਬਣਾਉਣ ਅਤੇ ਸੂਬੇ ਵਿੱਚ ਸਿੱਖਿਆ ਦੇ ਖੇਤਰ ਨੂੰ ਹੁਲਾਰਾ ਦੇਣ ਲਈ ਅਜਿਹੇ ਉਪਰਾਲੇ ਜਾਰੀ ਰੱਖੇਗੀ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਕਰਵਾਇਆ ਕਾਨੂੰਨੀ ਜਾਗਰੂਕਤਾ ਪ੍ਰੋਗਰਾਮ



**ਪਟਿਆਲਾ, 23 ਅਕਤੂਬਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ, ਰਾਸ਼ਟਰੀ ਮਹਿਲਾ ਕਮਿਸ਼ਨ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਜ਼ਿਲ੍ਹਾ ਅਤੇ ਸੈਸ਼ਨ ਜੱਜ -ਕਮ- ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮੈਡਮ ਰੁਪਿੰਦਰਜੀਤ ਚਾਹਲ ਦੀ ਯੋਗ ਅਗਵਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਭੁਨਰਹੇੜੀ, ਪਟਿਆਲਾ ਵਿਖੇ ਵਿਧਾਨ ਤੋਂ ਸਮਾਧਾਨ ਨਾਮਕ ਕਾਨੂੰਨੀ ਜਾਗਰੂਕਤਾ ਪ੍ਰੋਗਰਾਮ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ।

ਸਮਾਗਮ ਦੌਰਾਨ ਚੀਫ਼ ਜੁਡੀਸ਼ੀਅਲ ਮੈਜਿਸਟਰੇਟ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮੈਡਮ ਮਾਨੀ ਅਰੋੜਾ ਨੇ ਅਧਿਆਪਕਾਂ, ਵਿਦਿਆਰਥੀਆਂ, ਸਟਾਫ਼ ਅਤੇ ਆਂਗਣਵਾੜੀ ਵਰਕਰਾਂ ਨੂੰ ਔਰਤਾਂ ਦੀ ਸੁਰੱਖਿਆ ਅਤੇ ਅਧਿਕਾਰਾਂ ਨਾਲ ਸਬੰਧਤ ਵੱਖ-ਵੱਖ ਕਾਨੂੰਨਾਂ ਬਾਰੇ ਜਾਗਰੂਕ ਕੀਤਾ। ਕਵਰ ਕੀਤੇ ਗਏ ਵਿਸ਼ਿਆਂ ਵਿੱਚ ਔਰਤਾਂ ਵਿਰੁੱਧ ਅਪਰਾਧ, ਜਿਵੇਂ ਕਿ ਤੇਜ਼ਾਬੀ ਹਮਲੇ, ਬਲਾਤਕਾਰ, ਅਗਵਾ ਅਤੇ ਜਿਨਸੀ ਹਮਲਾ ਸੰਬੰਧਿਤ ਕਾਨੂੰਨੀ ਪ੍ਰਬੰਧਾਂ ਤਹਿਤ ਸ਼ਾਮਲ ਸਨ।

ਉਨ੍ਹਾਂ ਨੇ ਬੀਐਨਐਸ ਅਤੇ ਘਰੇਲੂ ਹਿੰਸਾ (ਡੀਵੀ) ਐਕਟ ਦੇ ਤਹਿਤ ਬੇਰਹਿਮੀ ਅਤੇ ਦਾਜ ਤਸ਼ੱਦਦ ਨਾਲ ਸਬੰਧਤ ਕਾਨੂੰਨਾਂ ਦੇ ਨਾਲ-ਨਾਲ ਬਰਾਬਰ ਕੰਮ ਲਈ ਬਰਾਬਰ ਤਨਖ਼ਾਹ ਦੇ ਸਿਧਾਂਤ, ਫੈਕਟਰੀਜ਼ ਐਕਟ 1948 ਅਤੇ ਰਾਜ/ਕੇਂਦਰ ਸਰਕਾਰ ਅਤੇ ਨਾਲਸਾ ਦੁਆਰਾ ਪ੍ਰਦਾਨ ਕੀਤੀਆਂ ਗਈਆਂ ਵੱਖ-ਵੱਖ ਭਲਾਈ ਸਕੀਮਾਂ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ।

ਦਰਸ਼ਕਾਂ ਨੂੰ ਮੁਫ਼ਤ ਕਾਨੂੰਨੀ ਸੇਵਾਵਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ, ਜਿਸ ਵਿੱਚ ਨਾਲਸਾ ਹੈਲਪ ਲਾਈਨ ਨੰਬਰ (15100) ਅਤੇ ਸਥਾਈ ਲੋਕ ਅਦਾਲਤ (ਜਨਤਕ ਉਪਯੋਗਤਾ ਸੇਵਾਵਾਂ) ਅਤੇ ਲੋਕ ਅਦਾਲਤ ਦੇ ਲਾਭ ਸ਼ਾਮਲ ਹਨ। 14.12.2024 ਨੂੰ ਹੋਣ ਵਾਲੀ ਆਉਣ ਵਾਲੀ ਰਾਸ਼ਟਰੀ ਲੋਕ ਅਦਾਲਤ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਇਸ ਮੌਕੇ ਐਡਵੋਕੇਟ ਰਵਿੰਦਰ ਕੌਰ ਜੱਸੜ, ਐਡਵੋਕੇਟ ਪਰਮਵੀਰ ਸਿੰਘ ਅਤੇ ਸੀਡੀਪੀਓ ਹਰਵਿੰਦਰ ਕੌਰ ਵੀ ਹਾਜ਼ਰ ਸਨ। ਇਸ ਤੋਂ ਇਲਾਵਾ ਐਡਵੋਕੇਟ ਰਵਿੰਦਰ ਕੌਰ ਜੱਸੜ, ਐਡਵੋਕੇਟ ਪਰਮਵੀਰ ਸਿੰਘ ਵੱਲੋਂ ਬੱਚਿਆਂ ਲਈ ਇਕ ਵੱਖਰਾ ਸੈਮੀਨਾਰ ਵੀ ਕਰਵਾਇਆ ਗਿਆ। ਇਸ ਪ੍ਰੋਗਰਾਮ ਦੌਰਾਨ ਉਨ੍ਹਾਂ ਨੂੰ ਪੋਕਸੋ ਐਕਟ ਦੀਆਂ ਮੁੱਖ ਧਾਰਾਵਾਂ, ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਅਤੇ ਮੁਫ਼ਤ ਕਾਨੂੰਨੀ ਸੇਵਾਵਾਂ ਬਾਰੇ ਜਾਗਰੂਕ ਕੀਤਾ ਗਿਆ। ਇਨ੍ਹਾਂ ਪ੍ਰੋਗਰਾਮਾਂ ਵਿੱਚ ਕੁੱਲ 100 ਵਿਅਕਤੀਆਂ ਨੇ ਹਿੱਸਾ ਲਿਆ।

# ਪੇਂਡੂ ਖੇਤਰਾਂ ਵਿੱਚ ਪੀਣ ਵਾਲੇ ਸਾਫ਼ ਪਾਣੀ ਅਤੇ ਸੈਨੀਟੇਸ਼ਨ ਸੇਵਾਵਾਂ ਨੂੰ ਯਕੀਨੀ ਬਣਾਇਆ ਜਾਵੇ: ਹਰਦੀਪ ਸਿੰਘ ਮੁੰਡੀਆਂ



**ਚੰਡੀਗੜ੍ਹ, 23 ਅਕਤੂਬਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਵਿਸ਼ੇਸ਼ ਕਰਕੇ ਪੇਂਡੂ ਖੇਤਰਾਂ ਨੂੰ ਪੀਣ ਵਾਲੇ ਸਾਫ਼ ਪਾਣੀ ਦੀ ਉਪਲਬਧਤਾ ਅਤੇ ਪਹਿਲ ਦੇ ਆਧਾਰ 'ਤੇ ਸੈਨੀਟੇਸ਼ਨ ਸੇਵਾਵਾਂ ਯਕੀਨੀ ਬਣਾਉਣ ਲਈ ਵਚਨਬੱਧ ਹੈ। ਇਸ ਉਦੇਸ਼ ਦੀ ਪ੍ਰਾਪਤੀ ਨੂੰ ਯਕੀਨੀ ਬਣਾਉਣ 'ਤੇ ਪੂਰੀ ਸੁਹਿਰਦਤਾ ਨਾਲ ਧਿਆਨ ਕੇਂਦਰਿਤ ਹੈ।ਜ ਇੱਥੇ ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ਵਜੋਂ ਅਹੁਦਾ ਸੰਭਾਲਣ ਤੋਂ ਬਾਅਦ ਵਿਭਾਗ ਦੀ ਸ਼ੁਰੂਆਤੀ ਮੀਟਿੰਗ ਦੌਰਾਨ ਇਹ ਪ੍ਰਗਟਾਵਾ ਕਰਦਿਆਂ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਸੂਬੇ ਭਰ ਦੇ ਮਾਲ ਦਫ਼ਤਰਾਂ (ਪਟਵਾਰਖਾਨਿਆਂ) ਵਿੱਚ ਵਿਸ਼ੇਸ਼ ਤੌਰ 'ਤੇ ਮਹਿਲਾ ਸਟਾਫ਼ ਅਤੇ ਆਉਣ-ਜਾਣ ਵਾਲਿਆਂ ਲਈ ਪਖਾਨੇ ਮੁਹੱਈਆ ਕਰਵਾਉਣ 'ਤੇ ਜ਼ੋਰ ਦਿੱਤਾ।

ਪਾਣੀ ਨੂੰ ਵਡਮੁੱਲਾ ਸਰੋਤ ਦੱਸਦਿਆਂ ਸ ਮੁੰਡੀਆ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪਾਣੀ ਦੀ ਬਰਬਾਦੀ ਕਰਨ ਵਾਲਿਆਂ ਨੂੰ ਵਾਟਰ ਐਕਟ ਤਹਿਤ ਜੁਰਮਾਨਾ ਕਰਕੇ ਸਖ਼ਤੀ ਨਾਲ ਨੱਥ ਪਾਈ ਜਾਵੇ ਤਾਂ ਜੋ ਸਾਰੇ ਘਰਾਂ ਨੂੰ ਨਿਰਵਿਘਨ ਪਾਣੀ ਦੀ ਸਪਲਾਈ ਯਕੀਨੀ ਬਣਾਈ ਜਾ ਸਕੇ। ਇਸ ਤੋਂ ਇਲਾਵਾ, ਉਨ੍ਹਾਂ ਸਾਰੇ ਪਰਿਵਾਰਾਂ (ਕੁੱਲ 35 ਲੱਖ ਵਿੱਚੋਂ 12 ਲੱਖ) ਜਿਨ੍ਹਾਂ ਕੋਲ ਪਾਣੀ ਦੇ ਆਪਣੇ ਨਿੱਜੀ ਸਰੋਤ ਹਨ, ਨੂੰ ਵੀ ਸਰਕਾਰੀ ਜਲ ਸਪਲਾਈ ਸਰੋਤਾਂ ਨਾਲ ਜੋੜਿਆ ਜਾਵੇ।

ਪਾਣੀ ਦੀ ਗੁਣਵੱਤਾ ਪੱਖੋਂ ਪ੍ਰਭਾਵਿਤ ਅਤੇ ਪਾਣੀ ਦੀ ਘਾਟ ਵਾਲੇ ਖੇਤਰਾਂ ਲਈ , 2174 ਕਰੋੜ ਰੁਪਏ ਦੀ ਲਾਗਤ ਨਾਲ ਮਨਜ਼ੂਰ ਕੀਤੇ ਗਏ 15 ਵੱਡੇ ਪੱਧਰ ਦੇ ਨਹਿਰੀ ਜਲ ਸਪਲਾਈ ਪ੍ਰੋਜੈਕਟਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਬਾਰੇ ਮੰਤਰੀ ਨੇ ਕਿਹਾ ਕਿ ਵਿਭਾਗ ਦੁਆਰਾ ਸ਼ੁਰੂ ਕੀਤੇ ਗਏ ਸਾਰੇ ਪ੍ਰੋਜੈਕਟਾਂ ਵਿੱਚ ਪਾਰਦਰਸ਼ਤਾ ਅਤੇ ਇਮਾਨਦਾਰੀ ਪ੍ਰਮੁੱਖ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ, ਮੰਤਰੀ ਨੇ ਗ੍ਰਾਮ ਪੰਚਾਇਤ ਜਲ ਅਤੇ ਸੈਨੀਟੇਸ਼ਨ ਕਮੇਟੀਆਂ ਦੁਆਰਾ ਸ਼ੁਰੂ ਕੀਤੀਆਂ ਸਕੀਮਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ 'ਐਮ-ਗ੍ਰਾਮ ਸੇਵਾ ਐਪ' ਦੀ ਵਰਤੋਂ ਕਰਨ ਈ ਵੀ ਪ੍ਰੇਰਿਆ।

ਮੰਤਰੀ ਨੇ ਕਿਹਾ ਕਿ ਪਾਣੀ ਦੇ ਬਿਹਤਰ ਪ੍ਰਬੰਧਨ ਅਤੇ ਸਾਂਭ-ਸੰਭਾਲ ਲਈ ਪਿੰਡਾਂ ਵਿੱਚ ਜਾਗਰੂਕਤਾ ਫੈਲਾਉਣ ਦੇ ਮੱਦੇਨਜ਼ਰ ਇੱਕ ਵਿਆਪਕ ਮੁਹਿੰਮ ਸ਼ੁਰੂ ਕੀਤੀ ਜਾਣੀ ਚਾਹੀਦੀ ਹੈ।

ਇਸ ਮੌਕੇ ਕੈਬਨਿਟ ਮੰਤਰੀ ਸ ਮੁੰਡੀਆ ਨੂੰ ਦੱਸਿਆ ਗਿਆ ਕਿ ਮੌਜੂਦਾ ਸਮੇਂ 153 ਬਲਾਕਾਂ ਦੀਆਂ 11467 ਗ੍ਰਾਮ ਪੰਚਾਇਤਾਂ ਵਿੱਚ ਕੁੱਲ 9492 ਸਕੀਮਾਂ ਚੱਲ ਰਹੀਆਂ ਹਨ। ਇਸ ਤੋਂ ਇਲਾਵਾ, ਨਾਬਾਰਡ 22 ਤੋਂ 29 ਤੱਕ, 700 ਪਿੰਡਾਂ ਵਿੱਚ 469 ਸਕੀਮਾਂ ਲਾਗੂ ਕੀਤੀਆਂ ਗਈਆਂ ਹਨ, ਜਦਕਿ ਨਾਬਾਰਡ 30 ਅਧੀਨ 160 ਕਰੋੜ ਰੁਪਏ ਦੇ ਪ੍ਰੋਜੈਕਟ ਵਿੱਤ ਵਿਭਾਗ ਕੋਲ ਪੇਸ਼ ਕੀਤੇ ਗਏ ਹਨ। ਇਸ ਤੋਂ ਇਲਾਵਾ ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਅਧੀਨ ਸੂਬੇ ਦੇ 963 ਪਿੰਡਾਂ ਨੇ ਓ.ਡੀ.ਐਫ. ਪਲੱਸ ਦਾ ਦਰਜਾ ਪ੍ਰਾਪਤ ਕੀਤਾ ਹੈ।

ਕੈਬਨਿਟ ਮੰਤਰੀ ਨੇ ਲੈਬਾਰਟਰੀਆਂ ਦੇ ਨੈਟਵਰਕ ਵਿੱਚ ਵਾਧਾ ਕਰਨ ਅਤੇ ਬਾਇਓਲੋਜੀਕਲ ਪੈਰਾਮੀਟਰ ਟੈਸਟਿੰਗ ਲਈ ਸਾਰੀਆਂ 31 ਲੈਬਾਂ, ਜਿਹਨਾਂ ਵਿੱਚ 1 ਸਟੇਟ-ਕਮ-ਰੈਫਰਲ ਲੈਬ, ਛੇ ਖੇਤਰੀ ਲੈਬਾਂ, 17 ਜ਼ਿਲ੍ਹਾ ਪੱਧਰੀ ਲੈਬ, ਅਤੇ 7 ਬਲਾਕ ਪੱਧਰੀ ਲੈਬਾਂ ਸ਼ਾਮਲ ਹਨ, ਨੂੰ ਐਨ.ਏ.ਬੀ.ਐਲ. ਮਾਨਤਾ ਦੇਣ ਦੇ ਨਿਰਦੇਸ਼ ਦਿੱਤੇ।

ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਪ੍ਰਮੁੱਖ ਸਕੱਤਰ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਨੀਲਕੰਠ ਐਸ. ਅਵਧ ਅਤੇ ਵਿਸ਼ੇਸ਼ ਸਕੱਤਰ ਜਲ ਸਪਲਾਈ ਅਤੇ ਸੈਨੀਟੇਸ਼ਨ ਅਮਿਤ ਤਲਵਾਰ ਹਾਜ਼ਰ ਸਨ।

# ਜ਼ਿਮਨੀ ਚੋਣਾਂ ਲਈ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਜਾਵੇਗਾ: ਰਾਜਾ ਵੜਿੰਗ

**ਚੰਡੀਗੜ੍ਹ, 23 ਅਕਤੂਬਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਚਾਇਤੀ ਚੋਣਾਂ ਵਾਲੇ ਦਿਨ ਪੰਜਾਬ ਦੀਆਂ ਚਾਰ ਵਿਧਾਨ ਸਭਾ ਸੀਟਾਂ ਲਈ ਜ਼ਿਮਨੀ ਚੋਣਾਂ ਦਾ ਐਲਾਨ ਵੀ ਹੋ ਚੁੱਕਾ ਹੈ। ਪੰਜਾਬ ਦੀਆਂ 4 ਵਿਧਾਨ ਸਭਾ ਸੀਟਾਂ- ਬਰਨਾਲਾ, ਗਿੱਦੜਬਾਹਾ, ਚੱਬੇਵਾਲ ਅਤੇ ਡੇਰਾ ਬਾਬਾ ਨਾਨਕ 2024 ਦੀਆਂ ਲੋਕ ਸਭਾ ਸੀਟਾਂ ਦੌਰਾਨ ਖ਼ਾਲੀ ਹੋ ਗਈਆਂ ਸਨ, ਨੂੰ ਭਰਨ ਲਈ ਹੁਣ 13 ਨਵੰਬਰ ਨੂੰ ਇਨ੍ਹਾਂ ਸੀਟਾਂ 'ਤੇ ਚੋਣਾਂ ਕਰਵਾਈਆਂ ਜਾਣਗੀਆਂ, ਜਿਨ੍ਹਾਂ ਦੇ ਨਤੀਜੇ 23 ਨਵਬੰਰ ਨੂੰ ਆਉਣਗੇ। ਇਨ੍ਹਾਂ ਚੋਣਾਂ ਨੂੰ ਲੈ ਕੇ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਨੇ ਆਪਣੀ ਕਮਰ ਕੱਸ ਲਈ ਹੈ।

ਇਸ ਦੌਰਾਨ ਲੁਧਿਆਣਾ ਤੋਂ ਕਾਂਗਰਸ ਦੇ ਸੰਸਦ ਮੈਂਬਰ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਅਗਲੇ ਕੁਝ ਹੀ ਦਿਨਾਂ 'ਚ ਪੰਜਾਬ ਦੀਆਂ ਇਨ੍ਹਾਂ 4 ਵਿਧਾਨ ਸਭਾ ਸੀਟਾਂ 'ਤੇ ਹੋਣ ਵਾਲੀਆਂ ਜ਼ਿਮਨੀ ਚੋਣਾਂ ਲਈ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ



ਜਾਵੇਗਾ।

ਇਸ ਦੌਰਾਨ ਉਨ੍ਹਾਂ ਨੇ ਆਪਣੀ ਪਤਨੀ ਅੰਮ੍ਰਿਤਾ ਵੜਿੰਗ ਦੇ ਚੋਣ ਲੜਨ ਨੂੰ ਲੈ ਕੇ ਵੀ ਵੱਡਾ ਬਿਆਨ ਦਿੱਤਾ। ਉਨ੍ਹਾਂ ਕਿਹਾ ਕਿ ਕਿਹਾ ਕਿ ਅੰਮ੍ਰਿਤਾ ਪੰਜਾਬ ਕਾਂਗਰਸ ਪ੍ਰਧਾਨ ਪ੍ਰਧਾਨ ਦੀ ਪਤਨੀ ਹੈ ਤੇ ਇਸ ਕਾਰਨ ਉਹ ਸਿੱਧੇ ਤੌਰ 'ਤੇ ਉਨ੍ਹਾਂ ਲਈ ਉਮੀਦਵਾਰ ਵਜੋਂ ਅਰਜ਼ੀ ਨਹੀਂ ਦੇ ਸਕਦੇ। ਉਨ੍ਹਾਂ ਦੇ ਚੋਣ ਲੜਨ ਜਾਂ ਨਾ ਲੜਨ ਤੇ ਟਿਕਟ ਦੇਣ ਬਾਰੇ ਪਾਰਟੀ ਦੀ ਹਾਈਕਮਾਂਡ, ਰਾਹੁਲ ਗਾਂਧੀ, ਮੱਲਿਕਾਰਜੁਨ ਖੜਗੇ ਤੇ ਦੇਵੇਂਦਰ ਯਾਦਵ ਵੱਲੋਂ ਹੀ ਕੋਈ ਫ਼ੈਸਲਾ ਲਿਆ ਜਾਵੇਗਾ।

# ਯੁਵਕ ਕਲੱਬਾਂ ਕੋਲੋਂ ਵਿੱਤੀ ਸਹਾਇਤਾ ਗ੍ਰਾਂਟ ਪ੍ਰਾਪਤ ਕਰਨ ਲਈ 5 ਨਵੰਬਰ ਤੱਕ ਅਰਜੀਆਂ ਦੀ ਕੀਤੀ ਮੰਗ : ਮਨਤੇਜ ਸਿੰਘ ਚੀਮਾ

**ਰੂਪਨਗਰ, 23 ਅਕਤੂਬਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਯੁਵਕ ਸੇਵਾਵਾਂ ਵਿਭਾਗ ਪੰਜਾਬ ਵੱਲੋਂ ਵਿਭਾਗ ਨਾਲ ਐਫੀਲੀਏਟਿਡ ਯੁਵਕ ਕਲੱਬਾਂ ਨੂੰ ਉਨ੍ਹਾਂ ਵੱਲੋਂ ਪਿਛਲੇ 2 ਸਾਲਾਂ ਤੋਂ ਆਪਣੇ ਪਿੰਡਾਂ/ਵਾਰਡਾਂ ਵਿੱਚ ਪਿੰਡ ਦੀ ਭਲਾਈ, ਯੁਵਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਖੇਡਾਂ ਸਬੰਧੀ ਕੀਤੀਆ ਗਈਆ ਗਤੀਵਿਧੀਆਂ ਦੇ ਆਧਾਰ ਤੇ ਵਿੱਤੀ ਸਹਾਇਤਾਂ ਦੇਣ ਲਈ ਜ਼ਿਲ੍ਹੇ ਭਰ ਵਿੱਚੋਂ ਅਰਜੀਆਂ ਦੀ ਮੰਗ 5 ਨਵੰਬਰ 2024 ਤੱਕ ਕੀਤੀ ਗਈ ਹੈ।

ਇਹ ਜਾਣਕਾਰੀ ਸਾਂਝੀ ਕਰਦਿਆ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਰੂਪਨਗਰ ਕੈਪਟਨ ਮਨਤੇਜ ਸਿੰਘ ਚੀਮਾ ਨੇ ਦੱਸਿਆ ਕਿ ਯੁਵਕ ਕਲੱਬਾਂ ਵੱਲੋਂ ਆਪਣੀਆਂ ਅਰਜੀਆਂ ਦੇ ਨਾਲ ਕੀਤੀਆ ਗਈਆ ਗਤੀਵਿਧੀਆਂ ਦੀਆਂ ਫੋਟੋਆਂ ਅਤੇ ਅਖਬਾਰਾਂ ਦੀਆਂ ਕਾਤਰਾਂ ਨੱਥੀ ਕੀਤੀਆ ਜਾਣ ਤਾਂ ਜੋ ਵਧੀਆਂ ਕੰਮ ਕਰਨ ਵਾਲੀਆਂ ਜ਼ਿਲ੍ਹੇ ਭਰ ਵਿਚੋਂ ਯੁਵਕ ਕਲੱਬਾਂ ਦੀ ਚੋਣ ਕਰਕੇ, ਯੁਵਕ ਗਤੀਵਿਧੀਆਂ ਲਈ ਵਿੱਤੀ ਸਹਾਇਤਾਂ ਦੇ ਰੂਪ ਵਿੱਚ ਗ੍ਰਾਂਟ ਜਾਰੀ ਕੀਤੀ ਜਾ ਸਕੇ। ਉਨ੍ਹਾਂ ਇਹ ਵੀ ਦੱਸਿਆ ਕਿ ਜਿਹੜੇ ਯੂਥ ਕਲੱਬਾਂ ਨੇ ਕਦੀ ਵਿੱਤੀ ਸਹਾਇਤਾ ਗ੍ਰਾਂਟ ਦਾ ਲਾਭ ਨਹੀਂ ਲਿਆ ਅਤੇ ਲਗਾਤਾਰ ਪਿਛਲੇ ਦੋ ਸਾਲਾਂ ਤੋਂ ਆਪਣੇ ਪਿੰਡਾਂ ਦੇ ਵਿਕਾਸ ਲਈ ਕੰਮ ਕਰ ਰਹੇ ਹਨ, ਉਨ੍ਹਾਂ ਯੂਥ ਕਲੱਬਾਂ ਨੂੰ ਪਹਿਲ ਦੇ ਆਧਾਰ ਤੇ ਗ੍ਰਾਂਟ ਜਾਰੀ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਯੋਗ ਯੁਵਕ ਕਲੱਬਾਂ ਦੀ ਚੋਣ ਜ਼ਿਲ੍ਹਾ ਪੱਧਰ ਤੇ ਬਣਾਈ ਗਈ ਕਮੇਟੀ ਵੱਲੋਂ ਕੀਤੀ ਜਾਵੇਗੀ। ਕੈਪਟਨ ਮਨਤੇਜ ਸਿੰਘ ਚੀਮਾ ਨੇ ਅੱਗੇ ਦੱਸਿਆ ਕਿ ਉਕਤ ਅਰਜੀਆਂ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਦੇ ਦਫਤਰ ਯੂਥ ਹੋਸਟਲ ਨੇੜੇ ਨਵਾਂ ਬੱਸ ਅੱਡਾ ਰੂਪਨਗਰ ਵਿਖੇ ਜਮ੍ਹਾ ਕਰਵਾਈਆਂ ਜਾਣ। ਉਨ੍ਹਾਂ ਕਿਹਾ ਕਿ ਇਸ ਸਬੰਧੀ ਵਧੇਰੇ ਜਾਣਕਾਰੀ ਲਈ ਇਸ ਦਫਤਰ ਦੇ ਅਧਿਕਾਰੀ/ਕਰਮਚਾਰੀ ਦੇ ਸੰਪਰਕ ਨੰਬਰ 8427777899 (ਸਹਾਇਕ ਡਾਇਰੈਕਟਰ ਮਨਤੇਜ ਸਿੰਘ ਚੀਮਾ) ਅਤੇ 7696244605 (ਸਟੈਨੋਟਾਈਪਿਸਟ ਸੁਮਨਦੀਪ ਕੌਰ) ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪੀ.ਏ.ਯੂ ਵਿਖੇ 10 ਤੋਂ 24 ਨਵੰਬਰ ਤੱਕ ਭਾਰਤੀ ਫੌਜ ਵਿੱਚ ਭਰਤੀ



**ਲੁਧਿਆਣਾ, 23 ਅਕਤੂਬਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਨੌਜਵਾਨਾਂ ਲਈ ਟੈਰੀਟੋਰੀਅਲ ਆਰਮੀ ਦੀ ਭਰਤੀ ਰੈਲੀ 10 ਤੋਂ 24 ਨਵੰਬਰ ਤੱਕ ਪੀ.ਏ.ਯੂ ਦੇ ਗਰਾਊਂਡ ਵਿੱਚ ਕੀਤੀ ਜਾਵੇਗੀ।

ਭਰਤੀ ਰੈਲੀ ਵਿੱਚ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚੋਂ ਵੱਡੀ ਗਿਣਤੀ ਵਿੱਚ ਨੌਜਵਾਨਾਂ ਦੇ ਸ਼ਾਮਲ ਹੋਣ ਦੀ ਉਮੀਦ ਹੈ।

ਵਧੀਕ ਡਿਪਟੀ ਕਮਿਸ਼ਨਰ (ਜ) ਸ੍ਰੀ ਅਮਰਜੀਤ ਬੈਂਸ ਨੇ ਦੱਸਿਆ ਕਿ ਰੈਲੀ ਦੇ ਪੁਖਤਾ ਪ੍ਰਬੰਧ ਕਰਨ ਲਈ ਵੱਖ-ਵੱਖ ਵਿਭਾਗਾਂ ਦੀਆਂ ਡਿਊਟੀਆਂ ਪਹਿਲਾਂ ਹੀ ਲਗਾ ਦਿੱਤੀਆਂ ਗਈਆਂ ਹਨ। ਪੁਲਿਸ ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮ ਕਰੇਗੀ ਅਤੇ ਰੈਲੀ ਸਥਾਨ ਦੇ ਆਲੇ-ਦੁਆਲੇ ਸੁਚਾਰੂ ਆਵਾਜਾਈ ਨੂੰ ਯਕੀਨੀ ਬਣਾਏਗੀ। ਇਸ ਤੋਂ ਇਲਾਵਾ ਫਾਇਰ ਵਿਭਾਗ ਫਾਇਰ ਗੱਡੀਆਂ ਲਗਾਏਗਾ, ਜਦੋਂ ਕਿ ਸਿਹਤ ਵਿਭਾਗ ਰੈਲੀ ਸਥਾਨ 'ਤੇ ਮੈਡੀਕਲ ਟੀਮਾਂ ਤਾਇਨਾਤ ਕਰੇਗਾ। ਪੀ.ਐਸ.ਪੀ.ਸੀ.ਐਲ ਰੈਲੀ ਦੌਰਾਨ ਨਿਰਵਿਘਨ ਬਿਜਲੀ ਸਪਲਾਈ ਨੂੰ ਯਕੀਨੀ ਬਣਾਏਗਾ। ਨਗਰ ਨਿਗਮ ਪੀਣ ਵਾਲੇ ਪਾਣੀ ਦੀ ਸਪਲਾਈ ਅਤੇ ਸਫ਼ਾਈ ਨੂੰ ਯਕੀਨੀ ਬਣਾਏਗਾ।

ਸ੍ਰੀ ਅਮਰਜੀਤ ਬੈਂਸ ਨੇ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਭਰਤੀ ਰੈਲੀ ਵਿੱਚ ਵੱਧ ਚੜ੍ਹ ਕੇ ਸ਼ਮੂਲੀਅਤ ਕੀਤੀ ਜਾਵੇ ਤਾਂ ਜੋ ਦੇਸ਼ ਸੇਵਾ ਵਿੱਚ ਯੋਗਦਾਨ ਪਾਉਣ ਲਈ ਸੁਨਹਿਰਾ ਮੌਕਾ ਹਾਸਲ ਕੀਤਾ ਜਾ ਸਕੇ।

# ਡਕੌਂਦਾ ਵੱਲੋਂ ਕਣਕ ਦੇ ਭਾਅ 'ਚ ਵਾਧਾ ਨਿਗੂਣਾ ਕਰਾਰ

**ਪਟਿਆਲਾ, 23 ਅਕਤੂਬਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਸੂਬਾਈ ਜਨਰਲ ਸਕੱਤਰ ਜਗਮੋਹਣ ਸਿੰਘ ਪਟਿਆਲਾ ਨੇ ਕੇਂਦਰ ਵੱਲੋਂ ਕਣਕ ਦੇ ਭਾਅ 'ਚ ਕੀਤੇ 150 ਰੁਪਏ ਪ੍ਰਤੀ ਕੁਇੰਟਲ ਦੇ ਵਾਧੇ ਨੂੰ ਨਕਾਰਦਿਆਂ ਕਿਹਾ ਕਿ ਜੇਕਰ ਸਮੇਂ ਸਿਰ ਜਿਣਸ ਦੀ ਖਰੀਦ ਹੀ ਨਹੀਂ ਕਰਨੀ ਤਾਂ ਕੇਂਦਰ ਸਰਕਾਰ ਵੱਲੋਂ ਹਾੜ੍ਹੀ ਦੀਆਂ ਮੁੱਖ ਫਸਲਾਂ ਦੇ ਭਾਅ ਦੇ ਐਲਾਨ ਕਰਨਾ ਦਾ ਕੋਈ ਮਤਲਬ ਨਹੀਂ ਰਹਿੰਦਾ। ਉਨ੍ਹਾਂ ਕਿਹਾ ਕਿ ਇਸ ਵਾਰੀ ਝੋਨਾ ਮੰਡੀਆਂ ਵਿੱਚ ਰੁਲ ਰਿਹਾ ਹੈ ਅਤੇ ਕਿਸਾਨ ਮਜਬੂਰਨ ਸੜਕਾਂ ਤੇ ਰੇਲ ਲਾਈਨਾਂ ਰੋਕ ਰਹੇ ਹਨ। ਹੁਣ ਕਣਕ ਦੇ ਭਾਅ ਵਿੱਚ ਸਿਰਫ਼ 150 ਰੁਪਏ ਦਾ ਵਾਧਾ ਐਲਾਨ ਕੇ ਸਾਡੇ ਜ਼ਖਮਾਂ 'ਤੇ ਲੂਣ ਛਿੜਕਿਆ ਹੈ। ਇਸੇ ਤਰ੍ਹਾਂ ਕਿਸਾਨ ਨੇਤਾਵਾਂ ਦਰਸ਼ਨਪਾਲ, ਮਨਜੀਤ ਨਿਆਲ, ਮਨਜੀਤ ਘੁਮਾਣਾਂ, ਰਣਜੀਤ ਸਵਾਜਪੁਰ, ਜਸਦੇਵ ਨੂਗੀ, ਹਰਦੀਪ ਸੇਹਰਾ, ਮੇਵਾ ਸਿੰਘ, ਧੰਮਾ ਪਨੌਦੀਆਂ, ਹਰਵਿੰਦਰ ਕਾਲਵਾ, ਰਾਣਾ ਨਿਰਮਾਣ ਤੇ ਬਲਰਾਜ ਜੋਸ਼ੀ ਨੇ ਵੀ ਕਣਕ ਦੇ ਭਾਅ 'ਚ ਵਾਧੇ ਨੂੰ ਰੱਦ ਕੀਤਾ ਹੈ।

# ਵਲਟੋਹੇ 'ਤੇ ਸਿਆਸੀ ਕੁਹਾੜੇ ਨਾਲ ਅਕਾਲੀ ਦਲ 'ਚ ਸੰਨਾਟਾ !

**ਚੰਡੀਗੜ੍ਹ, 23 ਅਕਤੂਬਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਤੇ ਸਾਬਕਾ ਸੰਸਦੀ ਸੈਕਟਰੀ ਵਿਰਸਾ ਸਿੰਘ ਵਲਟੋਹਾ ਖਿਲਾਫ਼ ਜਥੇਦਾਰਾਂ ਦੇ ਸਖ਼ਤ ਐਕਸ਼ਨ 'ਤੇ ਅਕਾਲੀ ਦਲ 'ਚੋਂ ਉਸ ਦੀ ਛੁੱਟੀ ਕੀਤੇ ਜਾਣ ਤੋਂ ਬਾਅਦ ਅਕਾਲੀ ਦਲ ਵਿਚ ਇਕ ਤਰ੍ਹਾਂ ਦੀ ਤਰਥੱਲੀ ਮਚੀ ਹੋਈ ਦਿਖਾਈ ਦੇ ਰਹੀ ਹੈ।

ਹਰ ਛੋਟਾ-ਵੱਡਾ ਨੇਤਾ ਹੁਣ ਬਿਆਨ ਦੇਣ ਤੋਂ ਡਰ ਰਿਹਾ ਹੈ। ਇਥੋਂ ਤੱਕ ਕਿ ਪਾਰਟੀ 'ਚ ਬੈਠੇ ਵੱਡੇ ਕੱਦ ਦੇ ਨੇਤਾ ਵੀ ਅੱਜ ਕੱਲ ਫੋਨ ਚੁੱਕਣ ਤੋਂ ਬਚ ਰਹੇ ਹਨ। ਹਾਲਾਤ ਇਹ ਹਨ ਕਿ ਜਿਵੇਂ ਸੰਨਾਟਾ ਛਾਇਆ ਹੋਵੇ, ਕਿਉਂਕਿ ਉਨ੍ਹਾਂ ਨੂੰ ਇਸ ਗੱਲ ਦਾ ਇਲਮ ਹੋ ਗਿਆ ਹੈ ਕਿ ਕਿਧਰੇ ਉਨ੍ਹਾਂ ਵੱਲੋਂ ਬੋਲੇ ਗਏ ਬੋਲ ਪੁੱਠੇ ਨਾ ਪੈ ਜਾਣ।



ਬਾਕੀ ਵਲਟੋਹਾ 'ਤੇ ਕੀਤੀ ਕਾਰਵਾਈ ਤੋਂ ਬਾਅਦ ਹੁਣ ਅਕਾਲੀ ਦਲ 'ਚ ਖਾਮੋਸ਼ੀ ਤੇ ਨਿਰਾਸਤਾ ਦਾ ਆਲਮ ਦਿਖਾਈ ਦੇ ਰਿਹਾ ਹੈ, ਕਿਉਂਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਪਹਿਲਾਂ ਹੀ ਤਨਖਾਹੀਆ ਕਰਾਰ ਦਿੱਤੇ ਹੋਏ ਹਨ। ਹੁਣ ਉੱਪਰੋਂ ਜਥੇਦਾਰਾਂ ਨਾਲ ਅਕਾਲੀ ਦਲ ਦਾ ਪੇਚਾ ਪੈ ਗਿਆ। ਸਿਰ 'ਤੇ ਚਾਰ ਜ਼ਿਮਨੀ ਚੋਣਾਂ ਹਨ। ਉਸ ਤੋਂ ਪਹਿਲਾਂ 28 ਅਕਤੂਬਰ ਨੂੰ ਸ਼੍ਰੋਮਣੀ ਕਮੇਟੀ ਦੀ ਸਾਲਾਨਾ ਚੋਣ ਹੈ, ਜਿਸ ਕਰ ਕੇ ਭਾਰੀ ਧਰਮ ਸੰਕਟ 'ਚ ਦਿਖਾਈ ਦੇ ਰਿਹਾ ਹੈ।

ਪਹਿਲਾਂ ਇਹ ਚਰਚਾ ਸੀ ਕਿ 4 ਜ਼ਿਮਨੀ ਚੋਣਾਂ 'ਚ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਗਿੱਦੜਬਾਹੇ ਤੋਂ ਖੁਦ ਚੋਣ ਲੜਨਗੇ। ਹੁਣ ਖ਼ਬਰ ਆ ਰਹੀ ਹੈ ਕਿ ਰੋਜ਼ੀ ਬਰਕੰਦੀ ਨੂੰ ਚੋਣ ਮੈਦਾਨ 'ਚ ਉਤਾਰਨ ਦੀ ਤਿਆਰੀ ਹੋ ਰਹੀ ਹੈ। ਇਸੇ ਤਰ੍ਹਾਂ ਡੇਰਾ ਬਾਬਾ ਨਾਨਕ 'ਚ ਲੰਗਾਹ, ਚੱਬੇਵਾਲ ਠੰਡਲ, ਬਰਨਾਲੇ 'ਚ ਕਿਤੂ ਦੇ ਬੇਟੇ 'ਤੇ ਅਕਾਲੀ ਦਲ ਤਾਜ਼ੇ ਹਾਲਾਤ ਨੂੰ ਦੇਖ ਕੇ ਉਮੀਦਵਾਰ ਦੀ ਜਲਦ ਮੋਹਰ ਲਗਾ ਸਕਦਾ ਹੈ।

# ਡੇਂਗੂ ਤੇ ਵਾਰ ਮੁਹਿੰਮ ਤਹਿਤ ਸਿਹਤ ਵਿਭਾਗ ਫਾਜਿਲਕਾ ਵੱਲੋਂ ਸ਼ਹਿਰੀ ਅਤੇ ਰੂਰਲ ਏਰੀਏ ਵਿੱਚ ਕੀਤੀਆਂ ਗਈਆਂ ਗਤੀਵਿਧੀਆਂ: ਡਾ ਐਰਿਕ

**ਫਾਜ਼ਿਲਕਾ, 23 ਅਕਤੂਬਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਸਿਹਤ ਮੰਤਰੀ ਪੰਜਾਬ ਡਾ ਬਲਬੀਰ ਸਿੰਘ ਦੀ ਅਗਵਾਈ ਵਿੱਚ ਪੰਜਾਬ ਦੇ ਲੋਕਾਂ ਨੂੰ ਡੇਂਗੂ ਤੋਂ ਬਚਾਉਣ ਲਈ ਹਰ ਸ਼ੁੱਕਰਵਾਰ ਨੂੰ ਹਰ ਸ਼ੁੱਕਰਵਾਰ,ਡੇਂਗੂ ਤੇ ਵਾਰ ਮੁਹਿੰਮ ਸ਼ੁਰੂ ਕੀਤੀ ਗਈ ਹੈ।ਇਸ ਮੁਹਿੰਮ ਤਹਿਤ ਅੱਜ ਜਿਲ੍ਹਾ ਫਾਜਿਲਕਾ ਵਿੱਚ ਡਾ ਐਰਿਕ ਅਤੇ ਡਾ ਕਵਿਤਾ ਸਿੰਘ ਦੀ ਦੇਖਰੇਖ ਅਤੇ ਅਗਵਾਈ ਵਿੱਚ ਸ਼ਹਿਰੀ ਅਤੇ ਰੂਰਲ ਖੇਤਰਾਂ ਵਿੱਚ ਡੇਂਗੂ ਵਿਰੋਧੀ ਅਤੇ ਜਾਗਰੂਕਤਾ ਗਤੀਵਿਧੀਆਂ ਕੀਤੀਆਂ ਗਈਆਂ। ਡਾ ਐਰਿਕ ਅਤੇ ਡਾ ਕਵਿਤਾ ਖੁਦ ਟੀਮਾਂ ਨੂੰ ਅਗਵਾਈ ਅਤੇ ਸੁਪਰਵਿਜ਼ਨ ਕਰ ਰਹੇ ਸਨ।

ਇਸ ਮੌਕੇ ਉਨ੍ਹਾਂ ਕਿਹਾ ਕਿ ਸਿਹਤ ਮੰਤਰੀ ਪੰਜਾਬ ਵਲੋਂ ਸਿਹਤ ਵਿਭਾਗ ਦੇ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਨਾਲ ਨਾਲ ਸਕੂਲੀ ਵਿਦਿਆਰਥੀਆਂ, ਨਰਸਿੰਗ ਵਿਦਿਆਰਥੀਆਂ, ਸਾਰੇ ਵਿਭਾਗਾਂ ਦੇ ਅਧਿਕਾਰੀਆਂ ਕਰਮਚਾਰੀਆਂ ਅਤੇ ਆਮ ਲੋਕਾਂ ਨੂੰ ਹਰ ਸ਼ੁੱਕਰਵਾਰ ਨੂੰ ਇੱਕ ਘੰਟਾ ਡੇਂਗੂ ਦਾ ਲਾਰਵਾ ਖਤਮ ਕਰਨ ਲਈ ਗਤੀਵਿਧੀਆਂ ਕਰਨ ਲਈ ਅਪੀਲ ਕੀਤੀ ਗਈ ਹੈ।

ਇਸ ਸਮੇਂ ਉਹਨਾਂ ਦੱਸਿਆ ਕਿ ਅੱਜ ਹਰ ਸ਼ੁੱਕਰਵਾਰ ਡੇਂਗੂ ਤੇ ਵਾਰ ਮੁਹਿੰਮ ਤਹਿਤ ਜਿਲ੍ਹਾ ਫਾਜਿਲਕਾ ਦੇ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਸਿਹਤ ਵਿਭਾਗ ਦੀਆਂ ਟੀਮਾਂ ਜਿਸ ਵਿਚ ਸਿਹਤ ਵਿਭਾਗ ਦੇ ਸਟਾਫ ਤੋਂ ਇਲਾਵਾ ਨਰਸਿੰਗ ਵਿਦਿਆਰਥੀ ਅਤੇ ਬਰੀਡਿੰਗ ਚੈਕਰ ਨੂੰ ਸ਼ਾਮਿਲ ਕੀਤਾ ਗਿਆ। ਫਾਜਿਲਕਾ ਸ਼ਹਿਰੀ ਵਿੱਚ ਰਾਧਾਸੁਆਮੀ ਕਲੋਨੀ, ਰੇਲਵੇ ਕਲੋਨੀ, ਸਿਵਲ ਸਰਜਨ ਕੰਪਲੈਕਸ ਏਰੀਆ ਵਿੱਚ ਡੇਂਗੂ ਵਿਰੋਧੀ ਗਤੀਵਿਧੀਆਂ ਕੀਤੀਆਂ ਗਈਆਂ।

ਉਨ੍ਹਾਂ ਕਿਹਾ ਕਿ ਡੇਂਗੂ ਤੋਂ ਬਚਣ ਲਈ ਸਾਵਧਾਨੀਆਂ ਵਰਤਣੀਆਂ ਬਹੁਤ ਜਰੂਰੀ ਹਨ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਹਰ ਸ਼ੁੱਕਰਵਾਰ ਹਰ ਸ਼ੁੱਕਰਵਾਰ,ਡੇਂਗੂ ਤੇ ਵਾਰ ਦੇ ਤੌਰ ਤੇ ਮਨਾਇਆ ਜਾਵੇ ਅਤੇ ਇਸ ਦਿਨ ਪਾਣੀ ਸਟੋਰ ਕਰਨ ਵਾਲੇ ਬਰਤਨਾਂ ਨੂੰ ਇਕ ਵਾਰ ਸੁਕਾ ਕੇ ਦੁਬਾਰਾ ਵਰਤੋਂ ਵਿਚ ਲਿਆਂਦਾ ਜਾਵੇ ਤਾਂ ਜੋ ਮੱਛਰ ਦੀ ਪੈਦਾਇਸ਼ ਨੂੰ ਰੋਕਿਆ ਜਾ ਸਕੇ।

ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਦੀਆਂ ਟੀਮਾਂ ਵਲੋਂ ਰੋਜ਼ਾਨਾ ਘਰ ਘਰ ਅਤੇ ਜਨਤਕ ਥਾਵਾਂ ਤੇ ਜਾ ਕੇ ਪਾਣੀ ਦੇ ਸਰੋਤਾਂ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਪਾਣੀ ਖੜਨ ਵਾਲੇ ਸਰੋਤਾਂ ਵਿਚ ਐਂਟੀਲਾਰਵੀਅਲ ਸਪਰੇ ਦਾ ਛਿੜਕਾਅ ਕਰਕੇ ਲਾਰਵੇ ਨੂੰ ਨਸ਼ਟ ਕੀਤਾ ਜਾ ਰਿਹਾ ਹੈ।

ਉਨ੍ਹਾਂ ਲੋਕਾਂ ਨੂੰ ਇਹ ਵੀ ਅਪੀਲ ਕੀਤੀ ਕਿ ਆਪਣੇ ਘਰਾਂ ਅਤੇ ਘਰਾਂ ਦੇ ਆਲੇ ਦੁਆਲੇ ਪਾਣੀ ਜਮ੍ਹਾਂ ਨਾ ਹੋਣ ਦਿੱਤਾ ਜਾਵੇ। ਉਹਨਾਂ ਕਿਹਾ ਕਿ ਜੇਕਰ ਕੋਈ ਜੇਕਰ ਕਿਸੇ ਵਿਅਕਤੀ ਨੂੰ ਡੇਂਗੂ ਅਤੇ ਮਲੇਰਿਆ ਦੇ ਕੋਈ ਲੱਛਣ ਜਿਵੇਂ ਤੇਜ ਬੁਖਾਰ ਹੋਣਾ, ਸਿਰ ਦਰਦ, ਅੱਖਾਂ, ਜੋੜਾਂ ਅਤੇ ਸਰੀਰ ਵਿੱਚ ਦਰਦ, ਭੁੱਖ ਘੱਟ ਲੱਗਣਾ ਆਦਿ ਲੱਛਣ ਆਉਣ ਤਾਂ ਨੇੜੇ ਦੇ ਸਿਵਲ ਹਸਪਤਾਲ ਵਿਚ ਜਾ ਕੇ ਮਾਹਿਰ ਡਾਕਟਰ ਨਾਲ ਸੰਪਰਕ ਕੀਤਾ ਜਾਵੇ ਅਤੇ ਡੇਂਗੂ ਦਾ ਟੈਸਟ ਜਰੂਰ ਕਰਵਾਇਆ ਜਾਵੇ ਅਤੇ ਡੇਂਗੂ ਪਾਜੇਟਿਵ ਆਉਣ ਦੀ ਸੂਰਤ ਵਿੱਚ ਮਾਹਿਰ ਡਾਕਟਰ ਤੋਂ ਇਲਾਜ ਕਰਵਾਇਆ ਜਾਵੇ।ਡੇਂਗੂ ਦੇ ਟੈਸਟ ਅਤੇ ਇਲਾਜ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਕੀਤਾ ਜਾਂਦਾ ਹੈ। ਇਸ ਸਮੇਂ ਵਿਨੋਦ ਖੁਰਾਣਾ, ਦਿਵੇਸ਼ ਕੁਮਾਰ, ਹਰਮੀਤ ਸਿੰਘ, ਵਿੱਕੀ, ਸਵਰਨ, ਕ੍ਰਿਸ਼ਨ ਹਾਜ਼ਰ ਸਨ।

# ਵੱਖ-ਵੱਖ ਵਰਗਾਂ 'ਚ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਕੀਤਾ ਸਨਮਾਨਿਤ

**ਹੁਸ਼ਿਆਰਪੁਰ, 23 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਭਾਸ਼ਾ ਵਿਭਾਗ ਵੱਲੋਂ ਵਿਦਿਆਰਥੀਆਂ ਵਿੱਚ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਪ੍ਰਤੀ ਚੇਤਨਾ ਪੈਦਾ ਕਰਨ ਹਿੱਤ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਦੇ ਦਿਸ਼ਾ-ਨਿਰਦੇਸ਼ ਅਤੇ ਸਥਾਨਕ ਜ਼ਿਲ੍ਹਾ ਭਾਸ਼ਾ ਦਫ਼ਤਰ ਦੀ ਅਗਵਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਰੇਲਵੇ ਮੰਡੀ ਵਿਖੇ ਸ਼ਾਨਦਾਰ ਜ਼ਿਲ੍ਹਾ ਪੱਧਰੀ ਕੁਇਜ਼ ਮੁਕਾਬਲਾ ਕਰਵਾਇਆ ਗਿਆ।

ਕੁਇਜ਼ ਮੁਕਾਬਲੇ ਬਾਅਦ ਕਰਵਾਏ ਗਏ ਇਨਾਮ ਵੰਡ ਸਮਾਰੋਹ ਦੀ ਪ੍ਰਧਾਨਗੀ ਕਰਦਿਆਂ ਪ੍ਰਿੰਸੀਪਲ ਸ੍ਰੀ ਰਾਜਨ ਅਰੋੜਾ ਨੇ ਮੁਕਾਬਲੇ ਲਈ ਭਾਗੀਦਾਰ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਆਖਿਆ ਕਿ ਆਪਣੇ ਵਿਰਸੇ ਨਾਲ ਸਾਂਝ ਪੈਦਾ ਕਰਨ ਲਈ ਭਾਸ਼ਾ ਵਿਭਾਗ ਵੱਲੋਂ ਅਜਿਹੇ ਕਰਵਾਏ ਜਾਂਦੇ ਮੁਕਾਬਲੇ ਪਾੜ੍ਹਿਆਂ ਲਈ ਬੜੇ ਉਪਯੋਗੀ ਹੁੰਦੇ ਹਨ। ਉਨ੍ਹਾਂ ਕਿਹਾ ਕਿ ਇਹ ਮੁਕਾਬਲੇ ਵਿਦਿਆਰਥੀਆਂ ਲਈ ਆਉਣ ਵਾਲੇ ਵੱਡੇ ਇਮਤਿਹਾਨਾਂ ਦੌਰਾਨ ਵੀ ਸਹਾਈ ਹੁੰਦੇ ਹਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਭਵਿੱਖ ਵਿੱਚ ਵੀ ਅਜਿਹੇ ਉਪਰਾਲਿਆਂ ਵਿਚ ਸਰਗਰਮੀ ਨਾਲ ਭਾਗ ਲੈਣ।

# ਦੁਰਘਟਨਾ ਮਾਮਲੇ 'ਚ ਕਾਰਵਾਈ ਕਰਨ ਬਦਲੇ 10 ਹਜ਼ਾਰ ਰੁਪਏ ਰਿਸ਼ਵਤ ਲੈਂਦਾ ਏ.ਐਸ.ਆਈ. ਕਾਬੂ



**ਚੰਡੀਗੜ੍ਹ, 23 ਅਕਤੂਬਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਵਿੱਚ ਭ੍ਰਿਸ਼ਟਾਚਾਰ ਖ਼ਿਲਾਫ਼ ਵਿੱਢੀ ਮੁਹਿੰਮ ਤਹਿਤ ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਥਾਣਾ ਸਦਰ ਬਰਨਾਲਾ ਵਿਖੇ ਤਾਇਨਾਤ ਇੱਕ ਸਹਾਇਕ ਸਬ ਇੰਸਪੈਕਟਰ (ਏ.ਐਸ.ਆਈ.) ਭੋਲਾ ਸਿੰਘ ਨੂੰ 10,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਏ.ਐਸ.ਆਈ. ਭੋਲਾ ਸਿੰਘ ਨੂੰ ਜਗਤਾਰ ਸਿੰਘ ਵਾਸੀ ਜ਼ਿਲ੍ਹਾ ਬਰਨਾਲਾ ਦੀ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਸ਼ਿਕਾਇਤਕਰਤਾ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਸਿਟੀ ਬਰਨਾਲਾ ਨਜ਼ਦੀਕ ਪਿੰਡ ਫਰਵਾਹੀ ਵਿਖੇ ਲੱਖਾ ਸਿੰਘ ਦੇ ਟਰੈਕਟਰ-ਟਰਾਲੀ ਨਾਲ ਉਸ ਦੀ ਕਾਰ ਦੀ ਟੱਕਰ ਹੋ ਗਈ ਸੀ। ਇਸ ਮਾਮਲੇ ਵਿੱਚ ਕਾਨੂੰਨੀ ਕਾਰਵਾਈ ਲਈ ਉਸ ਨੇ ਥਾਣਾ ਸਦਰ ਬਰਨਾਲਾ ਵਿੱਚ ਪਹੁੰਚ ਕੀਤੀ। ਸ਼ਿਕਾਇਤਕਰਤਾ ਜਗਤਾਰ ਸਿੰਘ ਨੇ ਦੋਸ਼ ਲਾਇਆ ਕਿ ਉਕਤ ਏ.ਐਸ.ਆਈ. ਭੋਲਾ ਸਿੰਘ ਨੇ ਇਸ ਮਾਮਲੇ ਵਿੱਚ ਕਾਰਵਾਈ ਕਰਨ ਬਦਲੇ ਉਸ ਕੋਲੋਂ 10,000 ਰੁਪਏ ਰਿਸ਼ਵਤ ਮੰਗੀ ਸੀ।

ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਵਿਜੀਲੈਂਸ ਬਿਊਰੋ ਪਟਿਆਲਾ ਰੇਂਜ ਦੀ ਯੂਨਿਟ ਨੇ ਟਰੈਪ ਲਗਾ ਕੇ ਅੱਜ ਏ.ਐਸ.ਆਈ. ਭੋਲਾ ਸਿੰਘ ਨੂੰ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ 10,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ।

ਬੁਲਾਰੇ ਨੇ ਦੱਸਿਆ ਕਿ ਉਕਤ ਏ.ਐਸ.ਆਈ. ਵਿਰੁੱਧ ਵਿਜੀਲੈਂਸ ਬਿਊਰੋ, ਥਾਣਾ ਪਟਿਆਲਾ ਵਿਖੇ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ ਅਤੇ ਮਾਮਲੇ ਵਿੱਚ ਅਗਲੇਰੀ ਜਾਂਚ ਜਾਰੀ ਹੈ।

# ਕ੍ਰਿਸ਼ੀ ਵਿਗਿਆਨ ਕੇਂਦਰ ਵਿਖੇ ਮਿਠਾਈਆਂ ਬਣਾਉਣ ਸੰਬਧੀ ਸਿਖਲਾਈ ਕੋਰਸ ਆਯੋਜਿਤ ਕੀਤਾ ਗਿਆ



**ਫ਼ਤਹਿਗੜ੍ਹ ਸਾਹਿਬ, 23 ਅਕਤੂਬਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਵਿਖੇ ਮਿਠਾਈਆਂ ਬਣਾਉਣ ਸਬੰਧੀ ਪੰਜ ਦਿਨਾਂ ਦਾ ਸਿਖਲਾਈ ਕੋਰਸ ਆਯੋਜਿਤ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਸਹਿਯੋਗੀ ਡਾਇਰੈਕਟਰ (ਸਿਖਲਾਈ) ਡਾ. ਵਿਪਨ ਕੁਮਾਰ ਰਾਮਪਾਲ ਨੇ ਦੱਸਿਆ ਕਿ ਅਜਿਹੇ ਸਿਖਲਾਈ ਪ੍ਰੋਗਰਾਮ ਅੱਜ ਦੇ ਸਮੇਂ ਦੀ ਮੁੱਖ ਲੋੜ ਹਨ। ਉਨ੍ਹਾਂ ਕਿਹਾ ਕਿ ਅਜਿਹੇ ਸਿਖਲਾਈ ਕੋਰਸ ਕਿਸਾਨਾਂ ਦੀ ਆਮਦਨ ਵਧਾਉਣ ਅਤੇ ਖੇਤੀ ਨੂੰ ਹੋਰ ਲਾਹੇਵੰਦ ਬਣਾਉਣ ਵਿੱਚ ਸਹਾਈ ਹੁੰਦੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਸਿਖਲਾਈ ਕੋਰਸਾਂ ਵਿੱਚ ਸਿਖਲਾਈ ਲੈ ਕੇ ਕਿਸਾਨ ਬੀਬੀਆਂ ਜਿਥੇ ਆਪਣੀ ਘਰੇਲੂ ਵਰਤੋਂ ਲਈ ਸ਼ੁੱਧ ਵਸਤਾਂ ਤਿਆਰ ਕਰ ਸਕਦੀਆਂ ਹਨ ਉਥੇ ਹੀ ਇਸ ਕੰਮ ਨੂੰ ਵਪਾਰਕ ਪੱਧਰ ਤੇ ਅਪਣਾ ਕੇ ਚੰਗਾ ਮੁਨਾਫਾ ਵੀ ਕਮਾਇਆ ਜਾ ਸਕਦਾ ਹੈ। ਉਨ੍ਹਾਂ ਪਿੰਡਾਂ ਦੀਆਂ ਔਰਤਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਆਯੋਜਿਤ ਕੀਤੇ ਜਾਣ ਵਾਲੇ ਸਿਖਲਾਈ ਕੋਰਸਾਂ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਭਾਗ ਲਿਆ ਜਾਵੇ ਤਾਂ ਜੋ ਉਨ੍ਹਾਂ ਦੇ ਹੁਨਰ ਦਾ ਵਿਕਾਸ ਹੋ ਸਕੇ। ਡਾ: ਰਾਮਪਾਲ ਨੇ ਦੱਸਿਆ ਕਿ ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ 21 ਅਕਤੂਬਰ ਤੋਂ 25 ਅਕਤੂਬਰ ਤੱਕ ਬਟਨ ਖੁੰਬ ਦੀ ਕਾਸ਼ਤ ਸਬੰਧੀ ਕਿੱਤਾ ਮੁਖੀ ਸਿਖਲਾਈ ਕੋਰਸ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਕੋਰਸ ਦਾ ਮੁੱਖ ਮੰਤਵ ਨਵੇਂ ਆਏ ਸਿਖਿਆਰਥੀਆਂ ਨੂੰ ਖੁੰਬਾਂ ਦੇ ਧੰਦੇ ਨੂੰ ਅਪਨਾਉਣ ਲਈ ਉਤਸ਼ਾਹਿਤ ਕਰਨਾ ਤੇ ਸਿਖਿਆਰਥੀਆਂ ਦੀ ਮਦਦ ਕਰਨਾ ਹੈ। ਇਸ ਸਿਖਲਾਈ ਪ੍ਰੋਗਰਾਮ ਦੌਰਾਨ ਸਿਖਿਆਰਥੀਆਂ ਨੂੰ ਬਟਨ ਖੁੰਬ ਅਤੇ ਢੀਂਗਰੀ ਖੁੰਬ ਦੀ ਸਫਲਤਾ ਪੂਰਵਕ ਕਾਸ਼ਤ ਦੀਆਂ ਵੱਖ-ਵੱਖ ਤਕਨੀਕਾਂ, ਇਸ ਦੀ ਪੈਕਿੰਗ, ਸਾਂਭ ਸੰਭਾਲ ਅਤੇ ਮੰਡੀਕਰਨ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਸਿਖਿਆਰਥੀਆਂ ਨੂੰ ਕੰਪੋਸਟ, ਸਪਾਨਿੰਗ, ਤਿਆਰ ਕੰਪੋਸਟ ਦੀ ਬਿਜਾਈ ਅਤੇ ਕੇਸਿੰਗ ਆਦਿ ਤਕਨੀਕਾਂ ਬਾਰੇ ਹੱਥੀਂ ਤਜ਼ਰਬਾ ਵੀ ਕਰਵਾਇਆ ਜਾਵੇਗਾ।

ਮਿਠਾਈਆਂ ਤਿਆਰ ਕਰਨ ਦੇ ਸਿਖਲਾਈ ਪ੍ਰੋਗਰਾਮ ਦੌਰਾਨ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਗ੍ਰਹਿ ਵਿਗਿਆਨ ਵਿਭਾਗ ਦੀ ਸਹਾਇਕ ਪ੍ਰੋਫੈਸਰ ਡਾ: ਮਨੀਸ਼ਾ ਭਾਟੀਆਂ ਨੇ ਰਸ-ਮਲਾਈ, ਮੂੰਗੀ ਦੀ ਦਾਲ ਤੋਂ ਹਲਵਾ ਤਿਆਰ ਕਰਨ, ਪੋਸ਼ਟਿਕ ਲੱਡੂ, ਬੇਸਨ, ਬਰਫੀ, ਮਖਾਨਾ ਬਰਫੀ ਅਤੇ ਜਲੇਬੀਆਂ ਬਣਾਉਣ ਦੀ ਸਿਖਲਾਈ ਦਿੱਤੀ। ਉਨ੍ਹਾਂ ਦੱਸਿਆ ਕਿ ਸਿਖਿਆਰਥੀ ਇਨਾਂ ਗਲਾਂ ਨੂੰ ਘਰੇਲੂ ਪਧਰ ਤੇ ਅਪਨਾਅ ਕੇ ਆਪਣੇ ਪਰਿਵਾਰ ਨੂੰ ਪੌਸ਼ਟਿਕ, ਬਿਨਾ ਮਿਲਾਵਟ ਵਾਲਾ ਅਤੇ ਬਿਨਾ ਰਸਾਇਣ ਵਾਲੇ ਮਿਠਾਈ ਦੇ ਉਤਪਾਦ ਉਪਲਬਧ ਕਰਵਾ ਸਕਦੇ ਹਨ। ਟ੍ਰੇਨਿੰਗ ਦੌਰਾਨ ਸਿਖਿਆਰਥੀਆਂ ਨੂੰ ਇਸ ਹੁਨਰ ਨੂੰ ਕਿੱਤੇ ਦੇ ਰੂਪ ਵਿਚ ਸ਼ੁਰੂ ਕਰਨ ਲਈ ਪ੍ਰੇਰਿਆ ਗਿਆ।

# ਨੌਰਾ ਬੇਬੇ ਦੇ ਬਹਾਨੇ

**ਸਭ ਤੋਂ ਪਹਿਲਾਂ ਤਾਂ ਅਸੀਂ ਨੌਰਾ ਬੇਬੇ ਦਾ ਘਰ ਦੇਖਿਆ। ਫਿਰ ਉੱਥੋਂ ਦਾ ਅਜਾਇਬਘਰ ਦੇਖਣ ਗਏ। ਅਜਾਇਬਘਰ ਦੇ ਵਿਹੜੇ 'ਚ ਬੈਠ ਕੇ ਨੌਰਾ ਰਿਚਰਡਜ਼ ਅਤੇ ਨਾਟਕ ਬਾਰੇ ਗੱਲਾਂ ਹੁੰਦੀਆਂ ਰਹੀਆਂ। ਉੱਥੇ ਸਾਨੂੰ ਪੰਜਾਬੀ ਯੂਨੀਵਰਸਿਟੀ ਦੇ ਨਾਟਕ ਅਤੇ ਰੰਗਮੰਚ ਵਿਭਾਗ ਦੇ ਮੁਖੀ ਅਤੇ ਹੋਰ ਅਧਿਆਪਕ ਮਿਲੇ। ਉਹ ਸ਼ਾਮ ਦੇ ਨਾਟਕ ਦੀ ਤਿਆਰੀ ਵਿੱਚ ਰੁੱਝੇ ਹੋਏ ਸਨ। ਨੌਰਾ ਰਿਚਰਡਜ਼ ਵੱਲੋਂ ਬਣਾਈ ਉਸ ਸਟੇਜ 'ਤੇ ਬਲਵੰਤ ਗਾਰਗੀ, ਬਲਰਾਜ ਸਾਹਨੀ ਤੇ ਪ੍ਰਿਥਵੀ ਰਾਜ ਕਪੂਰ ਵਰਗੇ ਕਲਾਕਾਰ ਪੇਸ਼ਕਾਰੀਆਂ ਕਰ ਚੁੱਕੇ ਹਨ।**

**ਪਰਸ਼ੋਤਮ ਸਿੰਘ ਕੰਡਾਲਾ**




ਵਿਦਿਆਰਥੀ ਦੀ ਜ਼ਿੰਦਗੀ ਵਿੱਚ ਵਿੱਦਿਅਕ ਟੂਰਾਂ ਦੀ ਅਹਿਮੀਅਤ ਦਾ ਅਹਿਸਾਸ ਨੰਗਲ, ਧਰਮਸ਼ਾਲਾ ਅਤੇ ਅੰਦਰੇਟਾ ਜਾ ਕੇ ਹੋਇਆ। ਨੰਗਲ ਦਾ ਲੈਂਦੇ ਹੀ ਸਭ ਤੋਂ ਪਹਿਲਾਂ ਭਾਖੜਾ ਡੈਮ ਚੇਤਿਆਂ ਵਿੱਚ ਉਭਰਦਾ ਹੈ ਪਰ ਜਦੋਂ ਅਸੀਂ ਨੰਗਲ ਪੁੱਜੇ ਤਾਂ ਇਤਿਹਾਸ ਦਾ ਇੱਕ ਹੋਰ ਵਿਲੱਖਣ ਸਫ਼ਾ ਸਾਡੇ ਸਾਹਮਣੇ ਖੁੱਲ੍ਹਿਆ ਪਿਆ ਸੀ। ਅਸੀਂ ਪੰਜਾਬ ਦੇ ਕੋਨੇ-ਕੋਨੇ ਵਿੱਚ ਆਪਣੇ ਨਾਟਕ ਲਿਜਾਣ ਵਾਲੇ ਮਰਹੂਮ ਰੰਗਕਰਮੀ ਭਾਅ ਜੀ ਗੁਰਸ਼ਰਨ ਸਿੰਘ ਦੇ ਪੁਰਾਣੇ ਜੋਟੀਦਾਰ ਫੁਲਵੰਤ ਸਿੰਘ ਮਨੋਚਾ ਨੂੰ ਮਿਲ ਰਹੇ ਸਾਂ। ਰੰਗਕਰਮੀ ਫੁਲਵੰਤ ਸਿੰਘ ਮਨੋਚਾ ਸਾਡੇ ਸਾਹਮਣੇ ਇਤਿਹਾਸ ਦੇ ਉਹ ਸਫ਼ੇ ਫਰੋਲ ਰਹੇ ਸਨ ਜਦੋਂ ਗੁਰਸ਼ਰਨ ਸਿੰਘ ਨੇ ਨੰਗਲ ਨੌਕਰੀ ਕਰਦਿਆਂ ਨਾਟਕ ਦੇ ਪਿੜ ਵਿੱਚ ਪੈੜਾਂ ਪਾਉਣੀਆਂ ਸ਼ੁਰੂ ਕੀਤੀਆਂ ਸਨ। ਫੁਲਵੰਤ ਸਿੰਘ ਮਨੋਚਾ ਨੇ ਸਾਨੂੰ ਉਨ੍ਹਾਂ ਵੱਲੋਂ ਉਚੇਚੇ ਤੌਰ 'ਤੇ ਬਣਵਾਈ ਸਟੇਜ ਦਿਖਾਈ।

ਇਸ ਤੋਂ ਪਹਿਲਾਂ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਬਿਭੌਰ ਸਾਹਿਬ ਵਿਖੇ ਗਏ। ਰਾਜਾ ਰਤਨ ਰਾਏ ਦੀ ਬੇਨਤੀ 'ਤੇ ਗੁਰੂ ਗੋਬਿੰਦ ਸਿੰਘ ਜੀ ਇਸ ਸਥਾਨ 'ਤੇ ਰੁਕੇ ਸਨ। ਗੁਰਦੁਆਰੇ ਵਿੱਚ ਨਤਮਸਤਕ ਹੋ ਕੇ ਨਿਕਲਦੇ ਸਮੇਂ ਸੋਚ ਰਹੇ ਸਾਂ ਕਿ ਸਾਡੇ ਕਾਲਜ ਟੂਰ ਦੇ ਇੰਚਾਰਜ ਮੈਡਮ ਡਾ. ਕੰਵਲਜੀਤ ਕੌਰ ਢਿੱਲੋਂ ਕਿੱਥੇ ਲੈ ਕੇ ਜਾਣਗੇ! ਮੇਰੇ ਵਾਂਗ ਸ਼ਾਇਦ ਸਾਰੇ ਡੈਮ ਬਾਰੇ ਹੀ ਸੋਚ ਰਹੇ ਹੋਣਗੇ ਪਰ ਇਤਿਹਾਸ ਦੇ ਇਸ ਸਫ਼ੇ ਬਾਰੇ ਤਾਂ ਸਾਨੂੰ ਉੱਕਾ ਹੀ ਇਲਮ ਨਹੀਂ ਸੀ। ਫੁਲਵੰਤ ਸਿੰਘ ਮਨੋਚਾ, ਭਾਅ ਜੀ ਗੁਰਸ਼ਰਨ ਸਿੰਘ ਨਾਲ 1958-59 ਤੋਂ ਹੀ ਬਤੌਰ ਰੰਗਕਰਮੀ ਜੁੜੇ ਅਤੇ ਨੰਗਲ ਵਿੱਚ ਉਨ੍ਹਾਂ ਦੇ ਨਾਟਕਾਂ 'ਚ ਕੰਮ ਕਰਦੇ ਰਹੇ ਸਨ। ਉਹ ਗੱਲਾਂ ਕਰਦੇ-ਕਰਦੇ ਸਾਨੂੰ ਸਟਾਫ਼ ਕਲੱਬ ਲੈ ਗਏ। ਇਸ ਜਗ੍ਹਾ ਭਾਅ ਜੀ ਨੇ ਦਬੇ-ਕੁਚਲੇ ਦਲਿਤਾਂ ਦੀ ਹਾਕਮ ਧਿਰਾਂ ਵੱਲੋਂ ਕੀਤੀ ਜਾ ਰਹੀ ਲੁੱਟ-ਖਸੁੱਟ ਵਿਰੁੱਧ ਲੜਾਈ ਸ਼ੁਰੂ ਕੀਤੀ ਸੀ। ਉਨ੍ਹਾਂ ਨੇ ਉੱਥੇ ਬਣਵਾਈ ਸਟੇਜ 'ਤੇ ਖੇਡੇ ਨਾਟਕਾਂ ਨੂੰ ਮਨੋਰੰਜਨ ਦਾ ਸਾਧਨ ਬਣਾਉਣ ਦੀ ਥਾਂ ਇਸ ਜ਼ਰੀਏ ਸਮਾਜਕ ਤੇ ਸੱਭਿਆਚਾਰਕ ਤਬਦੀਲੀ ਲਈ ਲੋਕਾਂ ਨੂੰ ਜਾਗਰੂਕ ਕੀਤਾ। ਇਹ ਗੱਲਾਂ ਦੱਸਦੇ ਫੁਲਵੰਤ ਸਿੰਘ ਮਨੋਚਾ ਸਾਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਵੱਲ ਲੈ ਤੁਰੇ। ਦੇਖਣ ਨੂੰ ਇਹ ਆਮ ਸਕੂਲਾਂ ਵਰਗਾ ਹੀ ਸੀ ਪਰ ਸਕੂਲ ਦਾ ਇਤਿਹਾਸ ਸੁਣ ਕੇ ਸਾਰਿਆਂ ਦੇ ਮਨਾਂ ਵਿੱਚ ਇਸ ਬਾਰੇ ਹੋਰ ਵੀ ਜਾਣਨ ਦੀ ਉਤਸੁਕਤਾ ਜਾਗ ਪਈ। ਉਨ੍ਹਾਂ ਸਕੂਲ ਬਾਰੇ ਦੱਸਿਆ, "ਜਦੋਂ ਭਾਅ ਜੀ ਦੇ ਵਿਭਾਗ ਦੇ ਅਫ਼ਸਰਾਂ ਨੇ ਉਨ੍ਹਾਂ ਨੂੰ ਇਸ ਸਟੇਜ 'ਤੇ ਨਾਟਕ ਖੇਡਣ ਤੋਂ ਰੋਕ ਦਿੱਤਾ ਤਾਂ ਉਨ੍ਹਾਂ ਨੇ ਇਸ ਸਕੂਲ 'ਚ ਨਾਟਕ ਖੇਡਿਆ ਸੀ। ਇੱਥੇ ਹੀ ਭਾਅ ਜੀ ਗੁਰਸ਼ਰਨ ਦੇ ਨੰਗਲ ਮੁਕਾਮ ਦੌਰਾਨ ਪ੍ਰਸਿੱਧ ਅਦਾਕਾਰ ਬਲਰਾਜ ਸਾਹਨੀ, ਗਾਇਕ ਲਾਲ ਚੰਦ ਯਮਲਾ ਜੱਟ ਅਤੇ ਪੰਜਾਬ ਦੀ ਕੋਇਲ ਸੁਰਿੰਦਰ ਕੌਰ ਨੇ ਆਪਣੇ ਗੀਤ ਤੇ ਨਾਟਕ ਪੇਸ਼ ਕੀਤੇ ਸਨ।" ਇਸ ਸਟੇਜ ਦੇ ਨੇੜੇ ਇੱਕ ਪਾਰਕ 'ਚ ਨਗਰ ਕੌਂਸਲ ਵੱਲੋਂ ਭਾਅ ਜੀ ਦੇ ਨਾਂ 'ਤੇ ਥੀਏਟਰ ਬਣਾਇਆ ਜਾ ਰਿਹਾ ਹੈ।

ਅਸਲ ਵਿੱਚ ਜਦੋਂ ਇਸ ਟੂਰ ਦਾ ਪ੍ਰੋਗਰਾਮ ਬਣ ਰਿਹਾ ਸੀ ਤਾਂ ਇਸ ਵਿੱਚ ਸ਼ਾਮਲ ਹੋਣ ਬਾਰੇ ਮੈਂ ਜਕੋ-ਤੱਕੀ ਵਿਚ ਸਾਂ। ਜਦੋਂ ਡਾ. ਕੰਵਲਜੀਤ ਕੌਰ ਢਿੱਲੋਂ ਨੇ ਦੱਸਿਆ ਕਿ ਪੰਜਾਬੀ ਰੰਗਮੰਚ ਦੀ ਬੇਬੇ ਨੌਰਾ ਰਿਚਰਡ ਦੇ ਜਨਮ ਦਿਨ ਮੌਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਅੰਧਰੇਟੇ ਉਨ੍ਹਾਂ ਦੇ ਘਰ ਜਾ ਕੇ ਨਾਟਕ 'ਕਰਮਾਂ ਵਾਲੀ' ਖੇਡਣਾ ਹੈ ਤਾਂ ਤਿਆਰ ਹੋ ਗਿਆ ਸਾਂ।

ਅਸੀਂ ਜਵਾਲਾ ਜੀ, ਚਿੰਤਪੂਰਨੀ, ਕਾਂਗੜਾ ਦੇਵੀ ਮੰਦਰਾਂ ਦੇ ਦਰਸ਼ਨ ਕਰਦੇ ਹੋਏ ਮਕਲੌਡਗੰਜ ਪਹੁੰਚ ਗਏ। ਉੱਥੇ ਪਹਿਲਾਂ ਮਹਾਤਮਾ ਬੁੱਧ ਦੇ ਮੰਦਰ ਗਏ ਤੇ ਫਿਰ ਪਹਾੜਾਂ ਦਾ ਆਨੰਦ ਮਾਣਿਆ। ਮਕਲੌਡਗੰਜ ਦੀਆਂ ਪਹਾੜੀਆਂ ਵਿੱਚ ਟਹਿਲਣ ਦਾ ਆਪਣਾ ਹੀ ਆਨੰਦ ਹੈ। ਇਨ੍ਹਾਂ ਨਜ਼ਾਰਿਆਂ ਦਾ ਲੁਤਫ਼ ਲੈਂਦੇ ਅਸੀਂ ਰਾਤੀਂ ਦਸ ਕੁ ਵਜੇ ਗੱਗਲ ਵਿਖੇ ਆਪਣੇ ਹੋਟਲ ਪਹੁੰਚੇ।

ਅਗਲੀ ਸਵੇਰ ਅਸੀਂ ਖੇਤੀਬਾੜੀ ਯੂਨੀਵਰਸਿਟੀ ਪਾਲਮਪੁਰ ਦੇ ਖੋਜ ਵਿਭਾਗ ਪਹੁੰਚੇ। ਗੇਟ ਤੋਂ ਡਾ. ਢਿੱਲੋਂ ਨੇ ਅੰਦਰ ਜਾਣ ਦਾ ਪਾਸ ਲੈ ਲਿਆ ਤੇ ਖੋਜ ਕੇਂਦਰ ਦੀ ਇੰਚਾਰਜ ਡਾ. ਅਪਰਨਾ ਨੇ ਸਾਨੂੰ ਗਾਈਡ ਦੇ ਦਿੱਤਾ। ਉੱਥੇ ਮਾਲੀ ਨੇ ਸਾਨੂੰ ਫੁੱਲਾਂ ਦੀਆਂ ਵੱਖ-ਵੱਖ ਕਿਸਮਾਂ ਦਿਖਾਈਆਂ ਤੇ ਉਨ੍ਹਾਂ ਦੀ ਸਾਂਭ-ਸੰਭਾਲ ਆਦਿ ਬਾਰੇ ਦੱਸਿਆ। ਚਾਹ ਪੱਤੀ ਬਣਾਉਣ ਵਾਲਾ ਖੋਜ ਵਿਭਾਗ ਸਭ ਤੋਂ ਵੱਧ ਦਿਲਚਸਪ ਲੱਗਿਆ। ਪੀਐਚ.ਡੀ. ਕਰ ਰਹੇ ਇੱਕ ਵਿਦਿਆਰਥੀ ਨੇ ਚਾਹ ਪੱਤੀ ਬਾਰੇ ਵਿਸਥਾਰ ਨਾਲ ਦੱਸਿਆ ਤੇ ਚਾਹ ਪੱਤੀ ਬਣਾਉਣ ਵਾਲੀਆਂ ਮਸ਼ੀਨਾਂ ਵੀ ਦਿਖਾਈਆਂ। ਉਸ ਨੇ ਹਰੀ ਚਾਹ (ਗਰੀਨ ਟੀ) ਅਤੇ ਕਾਲੀ ਚਾਹ (ਬਲੈਕ ਟੀ) ਦੀ ਤਿਆਰੀ ਅਤੇ ਇਨ੍ਹਾਂ ਵਿਚਕਾਰ ਫ਼ਰਕ ਵੀ ਦੱਸਿਆ। ਚਾਹ ਬਾਰੇ ਜਾਣਕਾਰੀ ਵੀ ਬੜੀ ਦਿਲਚਸਪ ਸੀ। ਇਹ ਅਨੇਕਾਂ ਬੀਮਾਰੀਆਂ ਨੂੰ ਦੂਰ ਕਰਦੀ ਹੈ। ਜੇ ਚਾਹ ਪੀਣੀ ਹੀ ਹੈ ਤਾਂ ਹਮੇਸ਼ਾਂ ਬਲੈਕ ਤੇ ਗਰੀਨ ਚਾਹ ਹੀ ਪੀਣੀ ਚਾਹੀਦੀ ਹੈ। ਅਸੀਂ ਸਵਾਲ ਪੁੱਛਦੇ ਰਹੇ ਤੇ ਉਸ ਨੇ ਸਵਾਲਾਂ ਦੇ ਜਵਾਬ ਵਿਸਥਾਰ ਸਹਿਤ ਦਿੱਤੇ। ਉੱਥੋਂ ਅਸੀਂ ਆਪਣੀ ਅਗਲੀ ਮੰਜ਼ਿਲ ਵੱਲ ਤੁਰ ਪਏ। ਪਾਲਮਪੁਰ ਤੋਂ 15 ਕਿਲੋਮੀਟਰ ਦੂਰ ਬੈਜਨਾਥ ਮੰਦਰ ਪਹੁੰਚੇ। ਇਸ ਮੰਦਰ ਦਾ ਆਪਣਾ ਇਤਿਹਾਸ ਹੈ। ਇਹ ਮੰਦਰ ਦਰਾਵੜੀਅਨ ਕਾਲ ਦਾ ਹੈ। ਕਹਿੰਦੇ ਹਨ ਕਿ ਇਸ ਥਾਂ ਰਾਵਣ ਨੇ ਤਪ ਕੀਤਾ ਸੀ।

ਅਸੀਂ ਜਦੋਂ ਟੂਰ ਪ੍ਰੋਗਰਾਮ ਉਲੀਕਿਆ ਸੀ ਤਾਂ ਸਾਡਾ ਮੁੱਖ ਦਰਸ਼ਨੀ ਸਥਾਨ ਅੰਧਰੇਟਾ ਸੀ। ਉੱਥੇ ਅਸੀਂ ਤਿੰਨ ਥਾਵਾਂ 'ਤੇ ਜਾਣਾ ਸੀ। ਪਹਿਲਾਂ ਅਸੀਂ ਡਾ.ਐੱਨ.ਸਿੰਘ ਦੀ ਪੋਟਰੀ ਗੈਲਰੀ ਪਹੁੰਚੇ। ਉੱਥੇ ਪੋਲੈਂਡ ਤੋਂ ਇੱਕ ਵਿਦਿਆਰਥਣ ਟਰੇਨਿੰਗ 'ਤੇ ਆਈ ਹੋਈ ਸੀ। ਉਹ ਘੁਮਿਆਰ ਵਾਲੇ ਚੱਕ ਉੱਤੇ ਆਪਣੇ ਕੰਮ ਵਿੱਚ ਰੁੱਝੀ ਹੋਈ ਸੀ। ਉਸ ਨੇ ਸਿਖਲਾਈ ਦੌਰਾਨ ਬਣਾਈਆਂ ਵਸਤਾਂ ਵੀ ਦਿਖਾਈਆਂ।

ਇਸ ਤੋਂ ਬਾਅਦ ਅਸੀਂ ਪ੍ਰਸਿੱਧ ਚਿੱਤਰਕਾਰ ਸੋਭਾ ਸਿੰਘ ਦੀ ਆਰਟ ਗੈਲਰੀ ਗਏ। ਆਲੇ-ਦੁਆਲੇ ਦਾ ਮਾਹੌਲ ਅਤੇ ਸੋਭਾ ਸਿੰਘ ਵੱਲੋਂ ਬਣਾਏ ਚਿੱਤਰ ਦੇਖ ਕੇ ਸਭ ਬਾਗੋ-ਬਾਗ ਸਨ। ਡਾ. ਢਿੱਲੋਂ ਨੇ ਸਾਨੂੰ ਸੋਭਾ ਸਿੰਘ ਦੇ ਜੀਵਨ ਅਤੇ ਚਿੱਤਰਕਲਾ ਯਾਤਰਾ ਬਾਰੇ ਦੱਸਿਆ। ਫਿਰ ਅਸੀਂ ਪੰਜਾਬੀ ਨਾਟਕ ਦਾ ਮੱਕਾ ਕਹੇ ਜਾਣ ਵਾਲੀ ਸਟੇਜ ਅਤੇ ਨੌਰਾ ਰਿਚਰਡਜ਼ ਦੇ ਘਰ ਪਹੁੰਚੇ। ਸਭ ਤੋਂ ਪਹਿਲਾਂ ਤਾਂ ਅਸੀਂ ਨੌਰਾ ਬੇਬੇ ਦਾ ਘਰ ਦੇਖਿਆ। ਫਿਰ ਉੱਥੋਂ ਦਾ ਅਜਾਇਬਘਰ ਦੇਖਣ ਗਏ। ਅਜਾਇਬਘਰ ਦੇ ਵਿਹੜੇ 'ਚ ਬੈਠ ਕੇ ਨੌਰਾ ਰਿਚਰਡਜ਼ ਅਤੇ ਨਾਟਕ ਬਾਰੇ ਗੱਲਾਂ ਹੁੰਦੀਆਂ ਰਹੀਆਂ। ਉੱਥੇ ਸਾਨੂੰ ਪੰਜਾਬੀ ਯੂਨੀਵਰਸਿਟੀ ਦੇ ਨਾਟਕ ਅਤੇ ਰੰਗਮੰਚ ਵਿਭਾਗ ਦੇ ਮੁਖੀ ਅਤੇ ਹੋਰ ਅਧਿਆਪਕ ਮਿਲੇ। ਉਹ ਸ਼ਾਮ ਦੇ ਨਾਟਕ ਦੀ ਤਿਆਰੀ ਵਿੱਚ ਰੁੱਝੇ ਹੋਏ ਸਨ। ਨੌਰਾ ਰਿਚਰਡਜ਼ ਵੱਲੋਂ ਬਣਾਈ ਉਸ ਸਟੇਜ 'ਤੇ ਬਲਵੰਤ ਗਾਰਗੀ, ਬਲਰਾਜ ਸਾਹਨੀ ਤੇ ਪ੍ਰਿਥਵੀ ਰਾਜ ਕਪੂਰ ਵਰਗੇ ਕਲਾਕਾਰ ਪੇਸ਼ਕਾਰੀਆਂ ਕਰ ਚੁੱਕੇ ਹਨ।

ਨਾਟਕ 'ਕਰਮਾਂ ਵਾਲੀ' ਪੰਜਾਬੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਡਾ. ਸੁਨੀਤਾ ਧੀਰ ਦੀ ਨਿਰਦੇਸ਼ਨਾ ਹੇਠ ਖੇਡਿਆ। ਇਹ ਕਸ਼ਮੀਰੀ ਲਾਲ ਜ਼ਾਕਿਰ ਦੇ ਨਾਵਲ 'ਕਰਮਾਂ ਵਾਲੀ ਦੇ ਆਧਾਰ 'ਤੇ ਤਿਆਰ ਕੀਤਾ ਗਿਆ ਸੀ। ਇਹ ਨਾਵਲ ਜ਼ਾਕਿਰ ਨੇ 1980 ਵਿੱਚ ਲਿਖਿਆ ਸੀ। ਇਸ 'ਚ 1947 ਦੀ ਵੰਡ ਵੇਲੇ ਲਹੂ-ਲੁਹਾਣ ਹੋਈ ਇਨਸਾਨੀਅਤ ਦੀ ਗੱਲ ਕੀਤੀ ਗਈ ਹੈ। ਇਸ ਨਾਟਕ 'ਚ ਉਨ੍ਹਾਂ ਦਿਨਾਂ ਦੇ ਕੁਝ ਸਿਆਸੀ ਆਗੂਆਂ ਦਾ ਮਾੜਾ ਕਿਰਦਾਰ ਤਾਂ ਦਿਖਾਇਆ ਹੀ ਗਿਆ ਹੈ, ਉਸ ਵੇਲੇ ਔਰਤਾਂ ਨਾਲ ਹੋਈ ਧੱਕੇਸ਼ਾਹੀ ਅਤੇ ਰੁਲ ਰਹੇ ਬੱਚਿਆਂ ਦਾ ਦਰਦ ਵੀ ਬਿਆਨ ਕੀਤਾ ਗਿਆ ਹੈ। ਇਸ ਨਾਟਕ ਵਿੱਚ ਮਾਂ ਤੇ ਬੱਚੇ ਦੀ ਜੁਦਾਈ ਬਹੁਤ ਮਾਰਮਿਕ ਰੂਪ 'ਚ ਪੇਸ਼ ਕੀਤੀ ਗਈ ਹੈ। ਅਗਲੀ ਸਵੇਰ ਅਸੀਂ ਚੰਡੀਗੜ੍ਹ ਨੂੰ ਚਾਲੇ ਪਾ ਦਿੱਤੇ। ਇਹ ਸਹੀ ਹੈ ਕਿ ਕਿਤਾਬਾਂ ਰਾਹ ਦਸੇਰਾ ਬਣਦੀਆਂ ਹਨ ਪਰ ਇਸ ਟੂਰ ਦੌਰਾਨ ਆਪ ਪਲਟੇ ਜ਼ਿੰਦਗੀ ਦੇ ਇਨ੍ਹਾਂ ਸਫ਼ਿਆਂ ਦੀ ਗੱਲ ਹੀ ਕੁਝ ਹੋਰ ਸੀ।

# ਬੋਲ਼ੇ ਅਤੇ ਨੇਤਰਹੀਣ ਰੰਗਮੰਚ

ਇਜ਼ਰਾਈਲ ਦੇ ਤੇਲਅਵੀਵ 'ਚ ਨਾਲਾਗਾਆਤ (ਅਰਥ : ਕਿਰਪਾ ਕਰਕੇ ਛੂਹੋ) ਥਿਏਟਰ ਆਪਣੇ-ਆਪ 'ਚ ਅਨੋਖਾ ਹੈ। ਇਥੇ ਪੇਸ਼ ਕੀਤੇ ਜਾਣ ਵਾਲੇ ਨਾਟਕ 'ਨੌਟ ਬਾਈ ਬ੍ਰੈਡ ਅਲੋਨ' ਦੇ ਸਾਰੇ 11 ਕਲਾਕਾਰ ਬੋਲ਼ੇ ਅਤੇ ਨੇਤਰਹੀਣ ਹਨ, ਜੋ ਉਸ਼ੇਰ ਸਿੰਡਰੋਮ ਕਾਰਨ ਜਨਮ ਤੋਂ ਹੀ ਸੁਣਨ ਅਤੇ ਦੇਖਣ 'ਚ ਅਸਮਰੱਥ ਹਨ। ਇਸ ਸਰੀਰਕ ਬੇਵਸੀ ਦੇ ਬਾਵਜੂਦ ਇਹ ਕਲਾਕਾਰ ਮੰਚ 'ਤੇ ਕਮਾਲ ਦੀ ਅਦਾਕਾਰੀ ਪੇਸ਼ ਕਰਕੇ ਦਰਸ਼ਕਾਂ ਦੀ ਵਾਹਵਾਹੀ ਲੁੱਟਦੇ ਹਨ। 2007 'ਚ ਪਹਿਲੀ ਵਾਰ ਪੇਸ਼ ਹੋਣ ਤੋਂ ਲੈ ਕੇ ਹੁਣ ਤਕ ਇਹ ਨਾਟਕ ਕੋਈ 700 ਵਾਰ ਖੇਡਿਆ ਜਾ ਚੁੱਕਾ ਹੈ। ਅੱਜ ਜਿਸ ਇਮਾਰਤ 'ਚ ਇਹ ਥਿਏਟਰ ਬਣਿਆ ਹੈ, ਉਥੇ ਕਦੇ ਇਕ ਗੋਦਾਮ ਹੁੰਦਾ ਸੀ। ਦਾਨ 'ਚ ਹਾਸਲ ਰਕਮ ਨਾਲ ਇਥੇ ਥਿਏਟਰ ਬਣਾਇਆ



ਗਿਆ ਅਤੇ ਹੁਣ ਇਥੇ ਇਕ ਕੈਫੇ ਅਤੇ ਰੈਸਟੋਰੈਂਟ ਵੀ ਹੈ।

ਇਸ ਅਨੋਖੇ ਥਿਏਟਰ ਦੀ ਸਥਾਪਨਾ ਦਾ ਸਿਹਰਾ ਇਸਦੀ ਡਾਇਰੈਕਟਰ ਅਦੀਨਾ ਤਾਲ ਨੂੰ ਜਾਂਦਾ ਹੈ, ਜਿਨ੍ਹਾਂ ਨੂੰ 12 ਸਾਲ ਪਹਿਲਾਂ ਬੋਲ਼ੇ ਅਤੇ ਨੇਤਰਹੀਣਾਂ ਦੀ ਇਕ ਵਰਕਸ਼ਾਪ 'ਚ ਹਿੱਸਾ ਲੈਣ ਤੋਂ ਬਾਅਦ ਇਸ ਦਾ ਵਿਚਾਰ ਸੁੱਝਿਆ ਸੀ। ਇਸ ਤੋਂ ਬਾਅਦ ਉਹ ਇਸ ਅਸੰਭਵ ਜਿਹੇ ਲੱਗਣ ਵਾਲੇ ਕੰਮ ਨੂੰ ਸੰਭਵ ਬਣਾਉਣ 'ਚ ਜੁਟ ਗਈ ਸੀ।

ਬੋਲ਼ੇ ਅਤੇ ਨੇਤਰਹੀਣ ਕਲਾਕਾਰਾਂ ਵਲੋਂ ਮੰਚ 'ਤੇ ਨਾਟਕ ਪੇਸ਼ ਕਰਨ ਪਿੱਛੇ ਅਣਥੱਕ ਮਿਹਨਤ ਲੁਕੀ ਹੈ। ਉਹ 'ਲੋਰਮਨ' ਨਾਮੀ ਇਕ ਖਾਸ ਭਾਸ਼ਾ ਨਾਲ ਸੰਵਾਦ ਕਾਇਮ ਕਰਦੇ ਹਨ, ਜਿਸ 'ਚ ਸਪਰਸ਼ ਅਤੇ ਸੰਕੇਤਾਂ ਦੀ ਵਰਤੋਂ ਕੀਤੀ ਜਾਂਦੀ ਹੈ। ਉਹ ਵੱਖ-ਵੱਖ ਢੰਗ ਨਾਲ ਸੰਪਰਕ ਕਰਕੇ ਆਪਣੀ ਗੱਲ ਆਪਣੇ ਸਾਥੀ ਕਲਾਕਾਰ ਨੂੰ ਸਮਝਾ ਸਕਦੇ ਹਨ। ਵਰਣਮਾਲਾ ਦੇ ਹਰ ਅੱਖਰ ਲਈ ਇਕ ਵੱਖਰੇ ਢੰਗ ਨਾਲ ਸਪਰਸ਼ ਨਾਲ ਹੀ ਇਕ-ਦੂਜੇ ਨਾਲ ਗੱਲ ਕਰ ਸਕਦੇ ਹਨ।

ਨਾਟਕ 'ਨੌਟ ਬਾਈਬ੍ਰੈਡ ਅਲੋਨ' ਦਾ ਮਕਸਦ ਇਹ ਦਿਖਾਉਣਾ ਹੈ ਕਿ ਵਿਚਾਰਾਂ ਦਾ ਅਦਾਨ-ਪ੍ਰਦਾਨ ਕਿੰਨਾ ਜ਼ਰੂਰੀ ਹੈ। ਹਫਤੇ 'ਚ 3 ਵਾਰ ਖੇਡੇ ਜਾਣ ਵਾਲੇ ਇਸ ਨਾਟਕ ਦੀਆਂ ਸਾਰੀਆਂ ਟਿਕਟਾਂ ਪਹਿਲਾਂ ਹੀ ਵਿਕ ਜਾਂਦੀਆਂ ਹਨ ਅਤੇ ਹੁਣ ਤਾਂ ਇਸ ਦੀ ਪ੍ਰਸਿੱਧੀ ਵਿਦੇਸ਼ਾਂ 'ਚ ਵੀ ਪਹੁੰਚ ਰਹੀ ਹੈ। ਪਿਛਲੇ ਸਾਲ ਹੀ ਇਨ੍ਹਾਂ ਕਲਾਕਾਰਾਂ ਨੇ ਲੰਡਨ ਇੰਟਰਨੈਸ਼ਨਲ ਫੈਸਟੀਵਲ ਆਫ ਥਿਏਟਰ ਦੌਰਾਨ ਵੀ ਆਪਣਾ ਇਹ ਅਨੋਖਾ ਨਾਟਕ ਪੇਸ਼ ਕੀਤਾ ਸੀ।

# ਮੈਕਸੀਕੋ 'ਚ ਮਾਇਆ ਸੱਭਿਅਤਾ ਦੀ ਸੈਰ





ਪਿਛਲੇ ਕਾਫੀ ਸਮੇਂ ਤੋਂ 21 ਦਸੰਬਰ 2012 ਨੂੰ ਦੁਨੀਆ ਖਤਮ ਹੋਣ ਦੀ ਅਫਵਾਹ ਨੂੰ ਲੈ ਕੇ ਮਾਇਆ ਸੱਭਿਅਤਾ ਕਾਫੀ ਚਰਚਾ 'ਚ ਰਹੀ। ਦੁਨੀਆ ਤਾਂ ਖਤਮ ਨਹੀਂ ਹੋਈ ਪਰ ਇਸ ਦੌਰਾਨ ਮਾਇਆ ਸੱਭਿਅਤਾ ਨਾਲ ਸੰਬੰਧਤ ਸਥਾਨਾਂ ਦੀਪ ਸਿੱਧੀ 'ਚ ਕਈ ਗੁਣਾ ਵਾਧਾ ਜ਼ਰੂਰ ਹੋਇਆ, ਇਨ੍ਹਾਂ 'ਚ ਮੈਕਸੀਕੋ 'ਚ ਸਥਿਤ ਚਿਚੇਨ ਇਟਸਾ ਵੀ ਸ਼ਾਮਲ ਹੈ। ਮਾਇਆ ਸੱਭਿਅਤਾ ਤੋਂ ਸਭ ਤੋਂ ਵਿਸ਼ਾਲ ਸ਼ਹਿਰਾਂ 'ਚੋਂ ਇਕ ਚਿਚੇਨ ਇਟਸਾ 'ਚ ਕਈ ਇਤਿਹਾਸਕ ਸਰੰਚਨਾਵਾਂ ਮੌਜੂਦ ਹਨ।

ਇਥੇ ਹੀ ਕੁਕੁਲਕਾਨ ਪਿਰਾਮਿਡ ਟੈਂਪਲ ਹਮੇਸ਼ਾ ਤੋਂ ਗਣਿਤ ਸ਼ਾਸਤਰੀਆਂ, ਖਗੋਲ ਵਿਗਿਆਨੀਆਂ ਅਤੇ ਵਾਸਤੂ ਸ਼ਾਸਤਰੀਆਂ ਨੂੰ ਖਾਸ ਤੌਰ 'ਤੇ ਆਕਰਸ਼ਿਤ ਕਰਦਾ ਰਿਹਾ ਹੈ। ਚਾਰੇ ਦਿਸ਼ਾਵਾਂ ਤੋਂ ਇਸ ਦੇ ਉੱਪਰਲੇ ਹਿੱਸੇ ਤਕ ਜਾਣ ਵਾਲੀਆਂ ਚਾਰ ਪੌੜੀਆਂ 'ਚ ਕੁਲ 91 ਸੋਪਾਨ ਹਨ। ਇਨ੍ਹਾਂ ਚਾਰਾਂ ਪੌੜੀਆਂ ਦੇ ਸੋਪਾਨਾਂ ਅਤੇ ਸਭ ਤੋਂ ਉੱਪਰਲੀ ਮੰਜ਼ਲ ਦੇ ਇਕ ਸੋਪਾਨ ਦਾ ਕੁਲ ਜੋੜ 365 ਬੈਠਦਾ ਹੈ, ਜੋ ਸਾਲ ਦੇ ਕੁਲ 365 ਦਿਨਾਂ ਦੇ ਬਰਾਬਰ ਹੈ। ਸਾਲ 'ਚ ਦੋ ਵਾਰ ਮਾਰਚ ਅਤੇ ਦਸੰਬਰ 'ਚ ਜਦੋਂ ਦਿਨ-ਰਾਤ ਇਕ ਜਿਹੋ ਸਮੇਂ ਹੁੰਦੇ ਹਨ ਤਾਂ ਇਥੇ ਇਕ ਅਨੋਖਾ ਨਜ਼ਾਰਾ ਦੇਖਣ ਨੂੰ ਮਿਲਦਾ ਹੈ- ਸੂਰਜ ਡੁੱਬਣ ਵੇਲੇ ਇਸ ਪਿਰਾਮਿਡ ਮੰਦਰ ਦੇ ਪਲੇਟਫਾਰਮ ਦਾ ਪਰਛਾਵਾਂ ਸੱਪ ਵਾਂਗ ਵਲ ਖਾਂਦਾ ਹੋਇਆ ਹਰ ਦਿਸ਼ਾ ਦੀਆਂ ਦੀਆਂ ਪੌੜੀਆਂ ਤੋਂ ਹੇਠਾਂ ਜਾਂਦਾ ਹੋਇਆ ਮੰਦਰ ਦੇ ਹੇਠਲੇ ਹਿੱਸੇ 'ਚ ਪੱਥਰ ਨਾਲ ਬਣੇ ਸੱਪ ਦੇ ਸਿਰਾਂ ਦੀਆਂ ਆਕ੍ਰਿਤੀਆਂ ਨਾਲ ਜੁੜ ਜਾਂਦਾ ਹੈ। ਵਾਸਤੂ ਸ਼ਾਸਤਰ ਅਤੇ ਗਣਿਤ ਪੱਖੋਂ ਇਹ ਮੰਦਰ ਇਕ ਸਰਵੋਤਮ ਰਚਨਾ ਹੈ, ਜਿਸ ਦਾ ਨਿਰਮਾਣ ਹਜ਼ਾਰਾਂ ਸਾਲ ਪਹਿਲਾਂ ਮਾਇਆ ਸੱਭਿਅਤਾ ਦੇ ਲੋਕਾਂ ਨੇ ਸੰਭਵ ਕਰ ਦਿਖਾਇਆ ਸੀ।

ਮਾਇਆ ਸੱਭਿਅਤਾ ਦੇ ਸਭ ਤੋਂ ਪ੍ਰਸਿੱਧ ਅਤੇ ਸਭ ਤੋਂ ਵਧੇਰੇ ਸੈਲਾਨੀਆਂ ਵਲੋਂ ਘੁੰਮੇ ਜਾਣ ਵਾਲੇ ਸਥਾਨ ਚਿਚੇਨ ਇਟਸਾ 'ਚ ਇਕ ਹੋਰ ਖਾਸ ਸਥਾਨ ਹੈ ਬਾਲਗੇਮ ਫੀਲਡ। ਇਥੇ ਮਾਇਆ ਸੱਭਿਅਤਾ ਦੇ ਲੋਕਾਂ ਦਾ ਇਕ ਹੋਰ ਪਹਿਲੂ ਸਾਹਮਣੇ ਆਉਂਦਾ ਹੈ। ਇਥੇ ਬਣੀ ਇਕ ਕਲਾਕ੍ਰਿਤੀ 'ਚ ਪੇਲੋਟ ਖੇਡਦਾ ਹੋਇਆ ਇਕ ਜ਼ਖਮੀ ਖ਼ਿਡਾਰੀ ਦਰਸਾਇਆ ਗਿਆ ਹੈ, ਜਿਸ ਦੇ ਗਲੇ 'ਚੋਂ ਸੱਪ ਦੇ ਆਕਾਰ 'ਚ ਖੂਨ ਵਹਿੰਦਾ ਦੇਖਿਆ ਜਾ ਸਕਦਾ ਹੈ। ਇਸ ਤਰ੍ਹਾਂ ਦੀਆਂ ਰਹੱਸਮਈ ਆਕ੍ਰਿਤੀਆਂ ਨੂੰ ਬਣਾਉਣ ਦਾ ਮਕਸਦ ਜਾਂ ਕਾਰਨ ਪਤਾ ਲਗਾਉਣਾ ਹੁਣ ਤਾਂ ਬਿਨਾਂ ਸ਼ੱਕ ਅਸੰਭਵ ਹੀ ਹੈ, ਅਜਿਹੀਆਂ ਹੀ ਗੱਲਾਂ ਹਨ, ਜੋ ਮਾਇਆ ਸੱਭਿਅਤਾ ਨਾਲ ਜੁੜੇ ਸਥਾਨਾਂ ਨੂੰ ਇੰਨਾ ਰਹੱਸਮਈ ਬਣਾਉਂਦੀਆਂ ਹਨ। ਇਹ ਵੀ ਇਕ ਕਾਰਨ ਹੈ ਕਿ ਇਸ ਸਾਲ ਮਾਇਆ ਸੱਭਿਅਤਾ ਨੂੰ ਲੈ ਕੇ ਇੰਨੀਆਂ ਅਫਵਾਹਾਂ ਉੱਡਦੀਆਂ ਰਹੀਆਂ। ਕ੍ਰਿਸਮਸ ਤੋਂ ਕੁਝ ਦਿਨ ਪਹਿਲਾਂ 21 ਦਸੰਬਰ ਨੂੰ ਹੁਣ ਤਕ ਚੱਲਿਆ ਆ ਰਿਹਾ ਮਾਇਆ ਕੈਲੰਡਰ ਖਤਮ ਹੋ ਗਿਆ ਹੈ। ਇਸ ਕੈਲੰਡਰ ਦੇ ਖਤਮ ਹੋਣ ਦੀ ਗੱਲ ਤੋਂ ਹੀ ਦੁਨੀਆ ਖਤਮ ਹੋਣ ਦੀ ਭਵਿੱਖਬਾਣੀ ਕਹਿ ਕੇ ਉਡਾਇਆ ਗਿਆ।

ਜਾਣਕਾਰਾਂ ਦਾ ਵਿਚਾਰ ਹੈ ਕਿ ਇਹ ਤਰੀਕ ਸਿਰਫ ਮਾਇਆ ਸੱਭਿਅਤਾ ਦੇ ਇਕ ਪੜਾਅ ਦੇ ਖਤਮ ਹੋਣ ਵੱਲ ਇਸ਼ਾਰਾ ਕਰਦੀ ਹੈ, ਜਿਸ ਪਿੱਛੋਂ ਇਕ ਨਵਾਂ ਪੜਾਅ ਸ਼ੁਰੂ ਹੁੰਦਾ ਹੈ। ਪਿਛਲੇ ਦਿਨੀਂ ਵਿਗਿਆਨੀਆਂ ਨੂੰ ਉੱਤਰ-ਪੂਰਬ ਗੁਆਟੇਮਾਲਾ ਦੇ ਜ਼ੁਲਤੁਨ 'ਚ ਇਕ ਮਾਇਆ ਕੈਲੰਡਰ ਮਿਲਿਆ ਸੀ, ਜੋ ਸਾਲ 2012 ਤੋਂ ਅੱਗੇ ਵੀ ਜਾਰੀ ਰਹਿੰਦਾ ਹੈ।

ਮਾਇਆ ਸੱਭਿਅਤਾ ਨਾਲ ਜੁੜੇ ਇਕ ਹੋਰ ਮਹੱਤਵਪੂਰਨ ਸਥਾਨ ਉਕਸਮਲ ਦੇ ਨੇੜੇ ਹੀ ਇਕ ਲੋਕਪ੍ਰਿਯ ਰੈਸਟੋਰੈਂਟ ਵੀ ਮੌਜੂਦ ਹੈ, ਜਿਥੇ ਰਵਾਇਤੀ ਪਕਵਾਨਾਂ ਨੂੰ ਅਸਲੀ ਤਰੀਕਿਆਂ ਨਾਲ ਪਕਾ ਕੇ ਪਰੋਸਿਆ ਜਾਂਦਾ ਹੈ।

ਇਥੇ ਪਕਵਾਨਾਂ ਨੂੰ ਮਿੱਟੀ ਦੇ ਬਰਤਨਾਂ 'ਚ ਬਣੇ ਅਵਨ 'ਚ ਕੋਲੇ ਦੀ ਅੱਗ 'ਚ ਖਾਸ ਢੰਗ ਨਾਲ ਪਕਾਇਆ ਜਾਂਦਾ ਹੈ ਤਾਂਕਿ ਸਥਾਨਕ ਮਸਾਲਿਆਂ ਦੀ ਖੁਸ਼ਬੂ ਅਤੇ ਸਵਾਦ ਉਨ੍ਹਾਂ 'ਚ ਸਹੀ ਢੰਗ ਨਾਲ ਮਿਲ ਜਾਏ। ਉਕਸਮਲ 'ਚ ਵੀ ਮਾਇਆ ਸੱਭਿਅਤਾ 'ਚ ਦਿਲਚਸਪੀ ਰੱਖਣ ਵਾਲੇ ਸੈਲਾਨੀਆਂ ਲਈ ਕਾਫੀ ਕੁਝ ਮੌਜੂਦ ਹੈ। ਇਥੇ ਨਨਸ ਸਕਵੇਅਰ ਆਪਣੀਆਂ ਖਾਸ ਕਲਾਕ੍ਰਿਤੀਆਂ ਅਤੇ ਇਮਾਰਤਾਂ ਦੇ ਸੁੰਦਰ ਪ੍ਰਵੇਸ਼ ਦੁਆਰਾਂ ਲਈ ਪ੍ਰਸਿੱਧ ਹੈ। ਇਥੇ ਇਤਿਹਾਸਕ ਇਮਾਰਤ ਗਵਰਨਰ ਪੈਲੇਸ ਦੇ ਉੱਪਰਲੇ ਪਲੇਟਫਾਰਮ 'ਤੇ ਬੈਠ ਕੇ ਦੂਰ ਤਕ ਨਜ਼ਰ ਮਾਰੀ ਜਾਏ ਤਾਂ ਸੰਘਣੇ ਵਰਖਾ ਵਣ ਵਿਚਾਲੇ ਸਿਰਫ ਇਕ ਹੀ ਸਰੰਚਨਾ ਨਜ਼ਰ ਆਉਂਦੀ ਹੈ, ਜੋ 35 ਮੀਟਰ ਉੱਚਾ ਪ੍ਰੋਫੈਟ ਪਿਰਾਮਿਡ ਹੈ।

ਮਾਇਆ ਸੱਭਿਅਤਾ ਨਾਲ ਜੁੜਿਆ ਇਕ ਹੋਰ ਸਥਾਨ ਸਮੁੰਦਰ ਨਾਲ ਲੱਗਦਾ ਤੁਲੂਮ ਕਸਬਾ ਹੈ, ਜਿਥੇ ਮਾਇਆ ਸੱਭਿਅਤਾ ਨਾਲ ਜੁੜੇ ਸਥਾਨਾਂ ਦਾ ਚੱਕਰ ਪੂਰਾ ਹੁੰਦਾ ਹੈ।

## ਵਿਸ਼ੇਸ਼

# ਮਹਾਂਕੁੰਭ

ਉਤਰ ਪ੍ਰਦੇਸ਼ ਦੇ ਪ੍ਰਯਾਗਰਾਜ ਵਿਖੇ ਗੰਗਾ, ਜਮੁਨਾ, ਸਰਸਵਤੀ ਦੇ ਸੰਗਮ 'ਤੇ ਦੁਨੀਆਂ ਦਾ ਸਭ ਤੋਂ ਵੱਡਾ ਧਾਰਮਿਕ ਮੇਲਾ ਮਹਾਂਕੁੰਭ ਸ਼ੁਰੂ ਹੋ ਚੁੱਕਿਆ ਹੈ। 14 ਜਨਵਰੀ ਤੋਂ ਸ਼ੁਰੂ ਹੋ ਕੇ 10 ਮਾਰਚ ਤਕ ਚੱਲਣ ਵਾਲੇ ਇਸ ਮਹਾਂਕੁੰਭ ਦੀ ਹਿੰਦੂ ਧਰਮ ਵਿੱਚ ਬਹੁਤ ਮਾਣਤਾ ਹੈ। ਇਹ ਮੰਨਿਆ ਜਾਂਦਾ ਹੈ ਕਿ ਮਹਾਂਕੁੰਭ ਵਿੱਚ ਇਸ਼ਨਾਨ ਕਰਨ ਨਾਲ ਮਨੁੱਖ ਜਨਮ-ਮਰਨ ਦੇ ਚੱਕਰ ਤੋਂ ਮੁਕਤ ਹੋ ਜਾਂਦਾ ਹੈ। ਮੁਕਤੀ ਜਾਂ ਅਮਰ ਹੋਣ ਦੀ ਇਹੀ ਇੱਛਾ ਕਰੋੜਾਂ ਸ਼ਰਧਾਲੂਆਂ ਨੂੰ ਇਸ ਵੱਲ ਖਿੱਚ ਲਿਆਉਂਦੀ ਹੈ। ਲੋਕਾਂ ਦਾ ਵਿਸ਼ਵਾਸ ਹੈ ਕਿ ਗੰਗਾ ਦੇ ਪਵਿੱਤਰ ਪਾਣੀ ਵਿੱਚ ਇਸ ਮੌਕੇ ਡੁਬਕੀ ਲਾਉਣ ਨਾਲ ਸਾਰੇ ਪਾਪ ਬਖ਼ਸ਼ੇ ਜਾਂਦੇ ਹਨ। ਇਸ ਵਰ੍ਹੇ ਪ੍ਰਯਾਗ ਦੀ ਤ੍ਰਿਵੈਣੀ ਵਿੱਚ ਇਸ਼ਨਾਨ ਦਾ ਹੋਰ ਵੀ ਮਹੱਤਵ ਹੈ। ਪ੍ਰਯਾਗ ਤੋਂ ਭਾਵ ਉਸ ਸਥਾਨ ਤੋਂ ਹੈ, ਜਿੱਥੇ ਬਹੁਤ ਸਾਰੇ ਯੱਗ ਹੋਏ ਹੋਣ। ਮਿਥਿਹਾਸ ਮੁਤਾਬਕ ਦੁਨੀਆਂ ਦੀ ਸਿਰਜਣਾ ਕਰਨ ਤੋਂ ਬਾਅਦ ਖ਼ੁਦ ਬ੍ਰਹਮਾ ਜੀ ਨੇ ਇੱਥੇ ਪਹਿਲਾ ਯੱਗ ਕੀਤਾ ਸੀ। ਪੁਰਾਤਨ ਗ੍ਰੰਥਾਂ



ਵਿੱਚ ਇਸ ਨੂੰ ਤੀਰਥਰਾਜ ਵੀ ਕਿਹਾ ਗਿਆ ਹੈ। ਮਾਘੀ ਦੇ ਸ਼ੁਭ ਦਿਹਾੜੇ 'ਤੇ ਸ਼ੁਰੂ ਹੋਏ ਇਸ ਮੇਲੇ ਵਿੱਚ 10 ਕਰੋੜ ਦੇ ਕਰੀਬ ਸ਼ਰਧਾਲੂਆਂ ਦੇ ਪਹੁੰਚਣ ਦੀਆਂ ਸੰਭਾਵਨਾਵਾਂ ਹਨ। ਪੁਰਾਤਨ ਧਾਰਨਾ ਮੁਤਾਬਕ ਕਰੋੜਾਂ ਸਾਲਾਂ ਤੋਂ ਕੁੰਭ, ਦੇਸ਼ ਦੇ ਚਾਰ ਪਵਿੱਤਰ ਨਗਰਾਂ ਹਰਿਦੁਆਰ, ਪ੍ਰਯਾਗ, ਉਜੈਨ ਅਤੇ ਨਾਸਿਕ ਵਿੱਚ ਹੁੰਦੇ ਆਏ ਹਨ। ਹਰ ਸਥਾਨ 'ਤੇ ਕੁੰਭ ਬਾਰ੍ਹਾਂ ਸਾਲ ਬਾਅਦ ਹੁੰਦਾ ਹੈ ਪਰ ਹਰਿਦੁਆਰ ਅਤੇ ਪ੍ਰਯਾਗ ਵਿੱਚ ਛੇ-ਛੇ ਸਾਲ ਬਾਅਦ ਅਰਧਕੁੰਭ ਵੀ ਹੁੰਦੇ ਹਨ। ਕੁੰਭ ਮੇਲੇ ਦਾ ਆਪਣਾ ਇਤਿਹਾਸ ਹੈ। ਇੱਕ ਵਾਰ ਮਹਾਰਿਸ਼ੀ ਦੁਰਬਾਸਾ ਨੇ ਇੰਦਰ ਅਤੇ ਹੋਰ ਦੇਵਤਿਆਂ ਨੂੰ ਸਰਾਪ ਦੇ ਦਿੱਤਾ ਤੇ ਜਿਸ ਕਾਰਨ ਉਨ੍ਹਾਂ ਦੀਆਂ ਸ਼ਕਤੀਆਂ ਘਟ ਗਈਆਂ। ਦਾਨਵਾਂ ਨੇ ਇਸ ਹਾਲਾਤ ਦਾ ਫਾਇਦਾ ਉਠਾਇਆ। ਉਨ੍ਹਾਂ ਨੇ ਦੇਵਤਿਆਂ 'ਤੇ ਹਮਲਾ ਕਰ ਦਿੱਤਾ। ਸ਼ਕਤੀਆਂ ਘਟਣ ਕਾਰਨ ਦੇਵਤੇ ਹਾਰ ਗਏ। ਮਦਦ ਲਈ ਉਹ ਸਾਰੇ ਭਗਵਾਨ ਵਿਸ਼ਨੂੰ ਦੀ ਸ਼ਰਨ 'ਚ ਪਹੁੰਚੇ। ਭਗਵਾਨ ਵਿਸ਼ਨੂੰ ਨੇ ਉਨ੍ਹਾਂ ਨੂੰ ਦਾਨਵਾਂ ਨਾਲ ਮਿਲ ਕੇ ਕਸ਼ੀਰਸਾਗਰ ਦਾ ਮੰਥਨ ਕਰਕੇ ਅੰਮ੍ਰਿਤ ਕੱਢਣ ਦੀ ਸਲਾਹ ਦਿੱਤੀ। ਇਸ 'ਤੇ ਸਾਰੇ ਦੇਵਤਿਆਂ ਨੇ ਦਾਨਵਾਂ ਨਾਲ ਮਿੱਤਰਤਾ ਕਰ ਲਈ ਤੇ ਉਹ ਸਾਰੇ ਕਸ਼ੀਰਸਾਗਰ 'ਚੋਂ ਅੰਮ੍ਰਿਤ ਕੱਢਣ ਵਿੱਚ ਜੁਟ ਗਏ। ਅੰਮ੍ਰਿਤ ਕੁੰਭ ਦੇ ਬਾਹਰ ਆਉਂਦੇ ਹੀ ਦੇਵਤਿਆਂ ਦੇ ਇਸ਼ਾਰੇ 'ਤੇ ਇੰਦਰ ਪੁੱਤ ਜਯੰਤ ਉਨ੍ਹਾਂ ਦੇ ਗਰੁੜ ਵਾਹਨ 'ਤੇ ਅੰਮ੍ਰਿਤ ਕਲਸ਼ ਲੈ ਕੇ ਆਕਾਸ਼ 'ਚ ਉੱਡਣ ਲੱਗਿਆ। ਇਸ ਦੌਰਾਨ ਅੰਮ੍ਰਿਤ ਕਲਸ਼ 'ਤੇ ਅਧਿਕਾਰ ਨੂੰ ਲੈ ਕੇ ਦੇਵਤਿਆਂ ਅਤੇ ਦਾਨਵਾਂ 'ਚ ਯੁੱਧ ਛਿੜ ਪਿਆ। ਇਸ ਦੌਰਾਨ ਮਾਰ-ਕਾਟ ਸਮੇਂ ਧਰਤੀ ਦੇ ਚਾਰ ਸਥਾਨਾਂ ਪ੍ਰਯਾਗ, ਹਰਿਦੁਆਰ, ਉਜੈਨ ਅਤੇ ਨਾਸਿਕ 'ਤੇ ਕਲਸ਼ 'ਚੋਂ ਛਲਕ ਕੇ ਅੰਮ੍ਰਿਤ ਦੀਆਂ ਬੂੰਦਾਂ ਡੁੱਲ੍ਹੀਆਂ। ਇਸ ਹਾਲਤ ਵਿੱਚ ਚੰਦਰਮਾ ਨੇ ਕਲਸ਼ 'ਚੋਂ ਅੰਮ੍ਰਿਤ ਛਲਕਣ, ਸੂਰਜ ਨੇ ਕਲਸ਼ ਦੇ ਟੁੱਟਣ, ਬ੍ਰਹਿਸਪਤੀ ਨੇ ਦਾਨਵਾਂ ਦੇ ਅਗਵਾ ਕਰਨ ਅਤੇ ਸ਼ਨੀ ਨੇ ਇੰਦਰ ਦੇ ਡਰ ਤੋਂ ਕਲਸ਼ ਘਾਟ ਦੀ ਰੱਖਿਆ ਕੀਤੀ। ਬਾਅਦ ਵਿੱਚ ਭਗਵਾਨ ਵਿਸ਼ਨੂੰ ਨੇ ਮੋਹਿਨੀ ਦਾ ਰੂਪ ਧਾਰ ਕੇ ਸਭ ਨੂੰ ਅੰਮ੍ਰਿਤ ਪਿਲਾਇਆ। ਇਸ ਤਰ੍ਹਾਂ ਦੇਵਤਿਆਂ ਤੇ ਦਾਨਵਾਂ ਦਾ ਯੁੱਧ ਸਮਾਪਤ ਹੋਇਆ। ਕਿਉਂਕਿ ਦੇਵਤਿਆਂ ਦੇ ਬਾਰਾਂ ਦਿਨ, ਮਨੁੱਖਾਂ ਦੇ 12 ਸਾਲ ਦੇ ਬਰਾਬਰ ਹੁੰਦੇ ਹਨ ਇਸ ਲਈ ਕੁੰਭ ਵੀ ਬਾਰਾਂ ਮੰਨੇ ਗਏ ਹਨ।

ਇਨ੍ਹਾਂ ਬਾਰ੍ਹਾਂ ਕੁੰਭਾਂ 'ਚੋਂ ਚਾਰ ਕੁੰਭ ਹਰਿਦੁਆਰ, ਪ੍ਰਯਾਗ, ਉਜੈਨ ਅਤੇ ਨਾਸਿਕ ਦੀ ਧਰਤੀ 'ਤੇ ਹੁੰਦੇ ਹਨ ਅਤੇ ਬਾਕੀ ਅੱਠ ਕੁੰਭ ਆਕਾਸ਼ ਜਾਂ ਦੇਵ ਲੋਕ 'ਚ ਹੁੰਦੇ ਹਨ। ਦੇਵ ਲੋਕ ਦੇ ਕੁੰਭਾਂ 'ਚ ਦੇਵੀ-ਦੇਵਤੇ ਹੀ ਸ਼ਾਮਲ ਹੁੰਦੇ ਹਨ। ਇਸ ਤਰ੍ਹਾਂ ਜਿਸ ਵਰ੍ਹੇ, ਜਿਸ ਰਾਸ਼ੀ 'ਤੇ ਸੂਰਜ, ਚੰਦ ਅਤੇ ਬ੍ਰਹਸਪਤੀ ਦਾ ਸੰਯੋਗ ਹੁੰਦਾ ਹੈ, ਉਸ ਸਾਲ ਉਸੇ ਰਾਸ਼ੀ ਦੇ ਯੋਗ ਵਿੱਚ, ਜਿੱਥੇ-ਜਿੱਥੇ ਅੰਮ੍ਰਿਤ ਬੂੰਦ ਡੁੱਲ੍ਹੀ ਸੀ, ਉੱਥੇ ਕੁੰਭ ਹੁੰਦਾ ਹੈ। ਇਸ ਵਰ੍ਹੇ ਪ੍ਰਯਾਗ ਦੇ ਤ੍ਰਿਵੈਣੀ ਸੰਗਮ, ਜਿਸ ਨੂੰ ਓਂਕਾਰ ਵੀ ਕਿਹਾ ਗਿਆ ਹੈ ਵਿਖੇ ਇਹ ਵੱਡਾ ਧਾਰਮਿਕ ਮੇਲਾ ਲੱਗਿਆ ਹੈ। ਪ੍ਰਯਾਗਰਾਜ ਨੂੰ ਹਿਮਾਲਿਆ ਦੇ ਪੰਜ ਪ੍ਰਯਾਗਾਂ, ਦੇਵਪ੍ਰਯਾਗ, ਰੁਦਰਪ੍ਰਯਾਗ, ਕਰਨਪ੍ਰਯਾਗ, ਨੰਦਪ੍ਰਯਾਗ ਤੇ ਪ੍ਰਯਾਗਰਾਜ 'ਚੋਂ ਸਭ ਤੋਂ ਸ਼੍ਰੇਸ਼ਟ ਮੰਨਿਆ ਗਿਆ ਹੈ। ਇਸ਼ਨਾਨ ਤੋਂ ਬਾਅਦ ਇੱਥੇ ਮੁੰਡਨ ਤੇ ਅੰਤਿਮ ਸਸਕਾਰ ਆਦਿ ਦਾ ਵੀ ਵਿਸ਼ੇਸ਼ ਮਹੱਤਵ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਇੱਥੇ ਆਉਣ ਵਾਲਿਆਂ ਦਾ ਸੁਆਗਤ ਖ਼ੁਦ ਭਗਵਾਨ ਕਰਦੇ ਹਨ।

ਪ੍ਰਯਾਗ ਵਿੱਚ ਤਿੰਨ ਮੰਦਰਾਂ ਨੂੰ ਸ਼ਕਤੀਪੀਠ ਮੰਨਿਆ ਜਾਂਦਾ ਹੈ। ਇਨ੍ਹਾਂ ਦੇ ਨਾਂ ਅਕਸ਼ੈਵਟ, ਮੀਰਾਪੁਰ ਅਤੇ ਅਲੋਪੀ ਮੰਦਰ ਹਨ। ਤਿੰਨੇ ਮੰਦਰ ਪ੍ਰਯਾਗ ਸ਼ਕਤੀਪੀਠ ਦੀ ਸ਼ਕਤੀ ਲਲਿਤਾ ਦੇ ਹਨ। ਇੱਥੇ ਦਵੀ ਸਤੀ ਨੂੰ ਲਲਿਤਾ ਕਿਹਾ ਜਾਂਦਾ ਹੈ। ਮਹਾਂਕੁੰਭ ਮੇਲੇ ਵਿੱਚ ਖਿੱਚ ਦਾ ਸਭ ਤੋਂ ਵੱਡਾ ਕੇਂਦਰ ਨਾਗੇ ਸਾਧੂ ਹੁੰਦੇ ਹਨ। ਇਨ੍ਹਾਂ ਦੇ ਸਰੀਰ 'ਤੇ ਮਿੱਟੀ ਜਾਂ ਸੁਆਹ ਮਲੀ ਹੁੰਦੀ ਹੈ। ਮੇਲੇ ਦੌਰਾਨ ਤਿੰਨ ਮਹੱਤਵਪੂਰਨ ਦਿਨਾਂ ਨੂੰ ਸ਼ਾਹੀ ਇਸ਼ਨਾਨ ਹੁੰਦਾ ਹੈ ਅਤੇ ਵੱਖ-ਵੱਖ ਅਖਾੜੇ ਹਾਥੀ, ਊਠਾਂ ਤੇ ਰੱਥਾਂ 'ਤੇ ਸਵਾਰ ਹੋ ਕੇ ਇੱਥੇ ਆਉਂਦੇ ਹਨ। ਪਹਿਲੇ ਸ਼ਾਹੀ ਇਸ਼ਨਾਨ ਸਮੇਂ 13 ਅਖਾੜਿਆਂ ਨੇ ਹਾਥੀਆਂ, ਘੋੜਿਆਂ ਅਤੇ ਰੱਥਾਂ 'ਤੇ ਸਵਾਰ ਹੋ ਕੇ ਸੰਗਮ ਵੱਲ ਮਾਰਚ ਕੀਤਾ। ਦੂਜਾ ਸ਼ਾਹੀ ਇਸ਼ਨਾਨ 10 ਫਰਵਰੀ ਨੂੰ ਮੌਨੀ ਅਮਾਵਸ ਵਾਲੇ ਦਿਨ ਅਤੇ ਤੀਜਾ 15 ਫਰਵਰੀ ਨੂੰ ਬਸੰਤ ਪੰਚਮੀ ਵਾਲੇ ਦਿਨ ਹੋਣਾ ਹੈ। ਇਸ ਮੇਲੇ ਦਾ ਐਨੇ ਵੱਡੇ ਪੱਧਰ 'ਤੇ ਪ੍ਰਬੰਧ ਵੀ ਆਪਣੇ-ਆਪ ਵਿੱਚ ਮਿਸਾਲ ਹੈ। ਇਸ ਵਰ੍ਹੇ ਇਸ ਮੇਲੇ 'ਤੇ 1000 ਕਰੋੜ ਰੁਪਏ ਤਕ ਖਰਚ ਆਉਣ ਦੀ ਸੰਭਾਵਨਾ ਹੈ, ਜਿਸ ਵਿੱਚ 758 ਕਰੋੜ ਰੁਪਏ ਦਾ ਬਜਟ ਸਰਕਾਰ ਵੱਲੋਂ ਮਨਜ਼ੂਰ ਕੀਤਾ ਗਿਆ ਹੈ। ਇਸ ਮੇਲੇ ਦੀਆਂ ਤਿਆਰੀਆਂ ਡੇਢ ਸਾਲ ਪਹਿਲਾਂ ਹੀ ਸ਼ੁਰੂ ਹੋ ਗਈਆਂ ਸਨ। 70 ਵਰਗ ਕਿਲੋਮੀਟਰ ਤਕ ਫੈਲੇ ਇਸ ਮੇਲੇ ਨੂੰ 14 ਸੈਕਟਰਾਂ ਵਿੱਚ ਵੰਡਿਆ ਗਿਆ ਹੈ, ਜਿਨ੍ਹਾਂ ਲਈ ਮੈਡੀਕਲ ਕੇਂਦਰਾਂ ਸਮੇਤ ਹਰ ਤਰ੍ਹਾਂ ਦੀ ਮੁਢਲੀ ਸਹਾਇਤਾ ਦਾ ਪੂਰਾ ਪ੍ਰਬੰਧ ਕੀਤਾ ਗਿਆ ਹੈ। ਮੇਲੇ ਵਿੱਚ ਪੁੱਜਣ ਵਾਲੇ ਸ਼ਰਧਾਲੂਆਂ ਦੀ ਸਹੂਲਤ ਲਈ ਨਵੀਆਂ ਸੜਕਾਂ, ਪੁਲ ਤੇ ਚੌਰਾਹੇ ਬਣਾਏ ਗਏ ਹਨ। ਪ੍ਰਸ਼ਾਸਨ ਵੱਲੋਂ ਸੁਰੱਖਿਆ ਹਿੱਤ ਸੀ.ਸੀ.ਟੀ.ਵੀ. ਕੈਮਰੇ ਤੋਂ ਲੈ ਕੇ ਐਲ.ਸੀ.ਡੀ. ਸਕਰੀਨਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਜਿੱਥੇ ਧਾਰਮਿਕ ਤੇ ਇਤਿਹਾਸਕ ਪੱਖ ਤੋਂ ਇਸ ਮਹਾਂਕੁੰਭ ਦੀ ਆਪਣੀ ਮਹੱਤਤਾ ਹੈ, ਉੱਥੇ ਇਹ ਸ਼ਰਧਾ ਤੇ ਵਿਸ਼ਵਾਸ ਦਾ ਅਜਿਹਾ ਅਟੁੱਟ ਮੇਲ ਹੈ, ਜਿੱਥੇ ਭਾਰਤ ਸਮੇਤ ਦੁਨੀਆਂ ਦੇ ਕੋਨੇ-ਕੋਨੇ ਤੋਂ ਸ਼ਰਧਾਲੂ ਇੱਥੇ ਆਉਂਦੇ ਹਨ ਅਤੇ ਬਿਨਾਂ ਭੇਦ-ਭਾਵ ਤੋਂ ਇਸ਼ਨਾਨ ਕਰਦੇ ਹਨ। ਪਚਵੰਜਾ ਦਿਨ ਚੱਲਣ ਵਾਲਾ ਇਹ ਮੇਲਾ ਭਾਰਤੀ ਭਾਈਚਾਰਕ ਸਾਂਝ ਅਤੇ ਏਕਤਾ ਦਾ ਵੱਡਾ ਪ੍ਰਤੀਕ ਹੈ। ਇਸ ਵਾਰ ਸਿੱਖਾਂ ਦੀ ਸਰਬਉੱਚ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਪਹਿਲੀ ਫਰਵਰੀ ਤੋਂ ਉੱਥੇ ਲੰਗਰ ਤੇ ਸਿੱਖ ਇਤਿਹਾਸ ਨੂੰ ਦਰਸਾਉਂਦੀ ਪ੍ਰਦਰਸ਼ਨੀ ਲਾਉਣ ਜਾ ਰਹੀ ਹੈ। ਇਸ ਵਾਰ ਦੇ ਕੁੰਭ ਮੇਲੇ ਵਿੱਚ ਰਿਕਾਰਡਤੋੜ ਇਕੱਠ ਹੋਣ ਦੀ ਉਮੀਦ ਹੈ ਕਿਉਂਕਿ ਕਰੀਬ 147 ਸਾਲ ਬਾਅਦ ਗ੍ਰਹਿਆਂ ਦਾ ਦੁਰਲੱਭ ਸੰਯੋਗ ਵੇਖਣ ਨੂੰ ਮਿਲਿਆ ਹੈ। ਆਪਣੀ ਧਾਰਮਿਕ ਪਰੰਪਰਾ ਤੇ ਵਿਲੱਖਣਤਾ ਕਰਕੇ ਇਹ ਮੇਲਾ ਵਿਦੇਸ਼ੀ ਸੈਲਾਨੀਆਂ ਲਈ ਵੀ ਖਿੱਚ ਦਾ ਕੇਂਦਰ ਹੈ। ਅਨੇਕਾਂ ਇਲਾਹਾਬਾਦੀਆਂ ਲਈ ਇਹ ਮੇਲਾ ਰੁਜ਼ਗਾਰ ਦਾ ਵੱਡਾ ਸੋਮਾ ਹੈ। ਬੇਸ਼ੱਕ ਕੁੰਭ ਮੇਲਾ ਅੱਜ ਵੀ ਆਪਣੇ ਪੁਰਾਤਨ ਢੰਗ-ਤਰੀਕਿਆਂ ਨਾਲ ਮਨਾਇਆ ਜਾਂਦਾ ਹੈ ਪਰ ਅੱਜ ਤਕਨਾਲੋਜੀ ਦੇ ਪ੍ਰਭਾਵ ਤੋਂ ਇਹ ਵੀ ਅਭਿੱਜ ਨਹੀਂ। ਇੱਥੇ ਸਾਧੂ-ਸੰਤ ਮੋਬਾਈਲ ਤੋਂ ਲੈ ਕੇ ਫੇਸਬੁੱਕ ਤਕ ਦੀ ਵਰਤੋਂ ਕਰਦੇ ਵੇਖੇ ਜਾ ਸਕਦੇ ਹਨ। ਕਿਹਾ ਜਾਂਦਾ ਹੈ ਕਿ ਜੇ ਕੋਈ ਕੁੰਭ ਦੇ ਜਨ-ਸੈਲਾਬ ਵਿੱਚ ਗੁੰਮ ਜਾਵੇ ਤਾਂ ਬਾਰਾਂ ਸਾਲ ਬਾਅਦ ਮਿਲਦਾ ਹੈ, ਇਸ ਤੋਂ ਕੁੰਭ ਮੇਲੇ ਦੀ ਵਿਸ਼ਾਲਤਾ ਅਤੇ ਅਹਿਮੀਅਤ ਸਪਸ਼ਟ ਹੁੰਦੀ ਹੈ।

# ਬ੍ਰਿਕਸ ਸੰਮੇਲਨ ਲਈ ਕਜ਼ਾਨ ਪਹੁੰਚੇ ਮੋਦੀ, ਰੂਸ ਦੇ ਰਾਸ਼ਟਰਪਤੀ ਨਾਲ ਕਰਨਗੇ ਮੁਲਾਕਾਤ



**ਕਜ਼ਾਨ/ਰੂਸ, 23 ਅਕਤੂਬਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ 16ਵੇਂ ਬ੍ਰਿਕਸ ਸੰਮੇਲਨ ਵਿਚ ਸ਼ਾਮਲ ਹੋਣ ਲਈ ਮੰਗਲਵਾਰ ਨੂੰ ਇੱਥੇ ਪਹੁੰਚੇ, ਜਿੱਥੇ ਉਨ੍ਹਾਂ ਦੀ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਮੁਲਾਕਾਤ ਸਮੇਤ ਕਈ ਦੁਵੱਲੀ ਬੈਠਕਾਂ ਕਰਨ ਦੀ ਸੰਭਾਵਨਾ ਹੈ। ਮਾਸਕੋ ਤੋਂ ਲਗਭਗ 900 ਕਿਲੋਮੀਟਰ ਪੂਰਬ ਵਿੱਚ ਸਥਿਤ ਕਜ਼ਾਨ ਦੀ 2 ਦਿਨਾਂ ਯਾਤਰਾ 'ਤੇ ਰਵਾਨਾ ਹੋਣ ਤੋਂ ਪਹਿਲਾਂ, ਮੋਦੀ ਨੇ ਇੱਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਭਾਰਤ ਬ੍ਰਿਕਸ ਦੇ ਅੰਦਰ ਨਜ਼ਦੀਕੀ ਸਹਿਯੋਗ ਨੂੰ ਮਹੱਤਵ ਦਿੰਦਾ ਹੈ, ਜੋ ਵਿਸ਼ਵ ਵਿਕਾਸ ਏਜੰਡੇ ਨਾਲ ਜੁੜੇ ਵੱਖ-ਵੱਖ ਮੁੱਦਿਆਂ 'ਤੇ ਗੱਲਬਾਤ ਅਤੇ ਚਰਚਾ ਲਈ ਇੱਕ ਮਹੱਤਵਪੂਰਨ ਪਲੇਟਫਾਰਮ ਵਜੋਂ ਉਭਰਿਆ ਹੈ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਪਿਛਲੇ ਸਾਲ ਨਵੇਂ ਮੈਂਬਰਾਂ ਨੂੰ ਜੋੜ ਕੇ ਬ੍ਰਿਕਸ ਦਾ ਵਿਸਤਾਰ ਕਰਨ ਨਾਲ ਇਸ ਦੀ ਸਮਾਵੇਸ਼ਤਾ ਵਧੀ ਹੈ, ਜਿਸ ਨਾਲ ਵਿਸ਼ਵ ਭਲਾਈ ਹੋਵੇਗੀ। ਮੋਦੀ ਨੇ ਕਿਹਾ ਕਿ ਉਹ ਸਿਖ਼ਰ ਸੰਮੇਲਨ 'ਚ ਵੱਖ-ਵੱਖ ਵਿਸ਼ਿਆਂ 'ਤੇ ਵਿਆਪਕ ਚਰਚਾ ਦੀ ਉਮੀਦ ਕਰ ਰਹੇ ਹਨ। ਰੂਸ ਵੱਲੋਂ ਆਯੋਜਿਤ ਇਸ ਸਿਖ਼ਰ ਸੰਮੇਲਨ ਨੂੰ ਯੂਕ੍ਰੇਨ 'ਚ ਸੰਘਰਸ਼ ਅਤੇ ਪੱਛਮੀ ਏਸ਼ੀਆ 'ਚ ਵਿਗੜਦੀ ਸਥਿਤੀ ਦਰਮਿਆਨ ਗੈਰ-ਪੱਛਮੀ ਦੇਸ਼ਾਂ ਵੱਲੋਂ ਆਪਣੀ ਤਾਕਤ ਦਿਖਾਉਣ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ।

ਮੋਦੀ ਵੱਲੋਂ ਬ੍ਰਿਕਸ (ਬ੍ਰਾਜ਼ੀਲ-ਰੂਸ-ਭਾਰਤ-ਚੀਨ-ਦੱਖਣੀ ਅਫ਼ਰੀਕਾ) ਸਿਖਰ ਸੰਮੇਲਨ ਤੋਂ ਇਲਾਵਾ ਕਈ ਦੁਵੱਲੀ ਮੀਟਿੰਗਾਂ ਕਰਨ ਦੀ ਸੰਭਾਵਨਾ ਹੈ, ਜਿਸ ਵਿੱਚ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਮੀਟਿੰਗਾਂ ਸ਼ਾਮਲ ਹਨ। ਮੋਦੀ ਨੇ ਕਿਹਾ ਕਿ ਕਜ਼ਾਨ ਦੀ ਉਨ੍ਹਾਂ ਦੀ ਯਾਤਰਾ ਭਾਰਤ ਅਤੇ ਰੂਸ ਦਰਮਿਆਨ ÷ਵਿਸ਼ੇਸ਼ ਅਤੇ ਵਿਸ਼ੇਸ਼ ਅਧਿਕਾਰ ਪ੍ਰਾਪਤ ਰਣਨੀਤਕ ਭਾਈਵਾਲੀ ਨੂੰ ਹੋਰ ਮਜ਼ਬੂਤ ਕਰੇਗੀ।

ਪ੍ਰਧਾਨ ਮੰਤਰੀ ਨੇ ਜੁਲਾਈ ਵਿੱਚ ਮਾਸਕੋ ਦਾ ਦੌਰਾ ਕੀਤਾ ਸੀ ਅਤੇ ਇਸ ਦੌਰਾਨ ਉਨ੍ਹਾਂ ਨੇ ਰਾਸ਼ਟਰਪਤੀ ਪੁਤਿਨ ਨਾਲ ਸਿਖਰ ਵਾਰਤਾ ਕੀਤੀ ਸੀ। ਬ੍ਰਾਜ਼ੀਲ, ਰੂਸ, ਭਾਰਤ, ਚੀਨ ਅਤੇ ਦੱਖਣੀ ਅਫਰੀਕਾ ਬ੍ਰਿਕਸ ਦੇ ਮੂਲ ਮੈਂਬਰ ਹਨ। ਹੁਣ ਇਸ ਸਮੂਹ ਵਿੱਚ ਮਿਸਰ, ਇਥੋਪੀਆ, ਈਰਾਨ, ਸਾਊਦੀ ਅਰਬ ਅਤੇ ਸੰਯੁਕਤ ਅਰਬ ਅਮੀਰਾਤ ਨੂੰ ਸ਼ਾਮਲ ਕਰਕੇ ਇਸ ਸਮੂਹ ਦਾ ਵਿਸਤਾਰ ਕੀਤਾ ਗਿਆ ਹੈ। ਬ੍ਰਿਕਸ ਸੰਮੇਲਨ 22 ਤੋਂ 24 ਅਕਤੂਬਰ ਤੱਕ ਰੂਸ ਦੇ ਸ਼ਹਿਰ ਕਜ਼ਾਨ ਵਿੱਚ ਹੋ ਰਿਹਾ ਹੈ।

# ਸਿੱਖਿਆ ਖੇਤਰ 'ਚ ਕ੍ਰਾਂਤੀਕਾਰੀ ਬਦਲਾਅ ਦੇ ਰਾਹ 'ਤੇ ਪੰਜਾਬ, ਸਰਕਾਰੀ ਸਕੂਲਾਂ ਦੇ ਮੈਗਾ ਪੀ.ਟੀ.ਐਮ. ਵਿੱਚ 27 ਲੱਖ ਮਾਪਿਆਂ ਨੇ ਸ਼ਿਰਕਤ ਕੀਤੀ : ਮੁੱਖ ਮੰਤਰੀ

**ਚੰਡੀਗੜ੍ਹ, 23 ਅਕਤੂਬਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਦਾ ਸਿੱਖਿਆ ਖੇਤਰ ਵਿੱਚ ਕ੍ਰਾਂਤੀਕਾਰੀ ਬਦਲਾਅ ਆਉਣ ਸਦਕਾ ਅੱਜ ਸੂਬੇ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਅਧਿਆਪਕ-ਮਾਪੇ ਮਿਲਣੀ (ਮੈਗਾ ਪੀ.ਟੀ.ਐਮ.) ਦੌਰਾਨ 27 ਲੱਖ ਮਾਪਿਆਂ ਨੇ ਸ਼ਿਰਕਤ ਕੀਤੀ। ਅੱਜ ਇੱਥੇ ਮੈਗਾ ਪੀ.ਟੀ.ਐਮ. ਦੌਰਾਨ 'ਸਕੂਲ ਆਫ ਐਮੀਨੈਂਸ' ਦਾ ਦੌਰਾ ਕਰਨ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਲਈ ਅੱਜ ਇਤਿਹਾਸਕ ਦਿਹਾੜਾ ਹੈ ਕਿਉਂ ਜੋ ਸੂਬੇ ਦੇ ਹਰੇਕ ਸਰਕਾਰੀ ਸਕੂਲ ਵਿੱਚ ਪੀ.ਟੀ.ਐਮ. ਕਰਵਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਤਕਰੀਬਨ 27 ਲੱਖ ਮਾਪੇ ਅੱਜ ਸਕੂਲਾਂ ਵਿੱਚ ਜਾ ਕੇ ਪੜ੍ਹਾਈ, ਮਾਹੌਲ, ਗਤੀਵਿਧੀਆਂ ਅਤੇ ਬੱਚਿਆਂ ਨੂੰ ਦਿੱਤੀਆਂ ਜਾ ਰਹੀਆਂ ਹੋਰ ਸਹੂਲਤਾਂ ਬਾਰੇ ਜਾਣਕਾਰੀ ਹਾਸਲ ਕਰ ਰਹੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਉਪਰਾਲੇ ਨਾਲ ਅਧਿਆਪਕਾਂ ਨੂੰ ਮਾਪਿਆਂ ਕੋਲ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਦਾ ਪ੍ਰਗਟਾਵਾ ਕਰਨ ਦਾ ਢੁਕਵਾਂ ਮੌਕਾ ਹਾਸਲ ਹੁੰਦਾ ਹੈ।



ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ ਸਿੱਖਿਆ ਖੇਤਰ ਵਿੱਚ ਪੀ.ਟੀ.ਐਮ. ਕਰਵਾਉਣ ਦਾ ਫੈਸਲਾ ਮਿਸਾਲੀ ਕਦਮ ਹੈ ਕਿਉਂਕਿ ਇਸ ਤੋਂ ਪਹਿਲਾਂ ਅਜਿਹੀਆਂ ਪੀ.ਟੀ.ਐਮਜ਼ ਸਿਰਫ ਪ੍ਰਾਈਵੇਟ ਸਕੂਲਾਂ ਵਿੱਚ ਹੁੰਦੀਆਂ ਸਨ ਜਦਕਿ ਸਰਕਾਰੀ ਸਕੂਲ ਅਜਿਹੇ ਅਹਿਮ ਮੌਕਿਆਂ ਤੋਂ ਮਹਿਰੂਮ ਰਹਿ ਜਾਂਦੇ ਸਨ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀ ਭਲਾਈ ਲਈ ਇਹ ਕਦਮ ਸਿੱਖਿਆ ਦੇ ਬਿਹਤਰੀਨ ਅਮਲਾਂ ਵਿੱਚੋਂ ਇਕ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਸਿੱਖਿਆ ਕ੍ਰਾਂਤੀ ਦੇ ਨਵੇਂ ਯੁੱਗ ਦੀ ਸ਼ੁਰੂਆਤ ਕੀਤੀ ਹੈ ਅਤੇ ਇਸ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ 202 ਪ੍ਰਿੰਸੀਪਲਾਂ/ਸਿੱਖਿਆ ਅਫਸਰਾਂ ਦੇ ਛੇ ਬੈਚ ਪੰਜ ਰੋਜ਼ਾ ਲੀਡਰਸ਼ਿਪ ਡਿਵੈਲਪਮੈਂਟ ਪ੍ਰੋਗਰਾਮ ਲਈ ਸਿੰਗਾਪੁਰ ਭੇਜ ਚੁੱਕੀ ਹੈ। ਇਸ ਦੌਰਾਨ ਉਨ੍ਹਾਂ ਕਿਹਾ ਕਿ 72 ਹੋਣਹਾਰ ਪ੍ਰਾਇਮਰੀ ਅਧਿਆਪਕਾਂ ਦਾ ਬੈਚ ਲੰਘੇ ਸ਼ੁੱਕਰਵਾਰ ਨੂੰ ਪੇਸ਼ੇਵਾਰਾਨਾ ਸਿਖਲਾਈ ਹਾਸਲ ਕਰਨ ਲਈ ਫਿਨਲੈਂਡ ਦੇ ਦੌਰੇ ਉਤੇ ਗਿਆ ਹੈ। ਇਸ ਦੌਰਾਨ ਭਗਵੰਤ ਸਿੰਘ ਮਾਨ ਨੇ ਕਿਹਾ ਕਿ 152 ਹੈੱਡਮਾਸਟਰ/ਸਿੱਖਿਆ ਅਫਸਰ ਦੇ ਤਿੰਨ ਬੈਚ ਆਹਲਾ ਦਰਜੇ ਦੀ ਸਿਖਲਾਈ ਹਾਸਲ ਕਰਨ ਲਈ ਆਈ.ਆਈ.ਐਮ. ਅਹਿਮਦਾਬਾਦ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇਸ ਉਪਰਾਲੇ ਦਾ ਉਦੇਸ਼ ਵਿਦਿਆਰਥੀਆਂ ਨੂੰ ਵਿਸ਼ਵ ਪੱਧਰ ਦੀ ਸਿੱਖਿਆ ਮੁਹੱਈਆ ਕਰਵਾਉਣਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸਕੂਲ ਸਿੱਖਿਆ ਵਿਭਾਗ ਵਿੱਚ 10 ਸਾਲ ਤੋਂ ਵੱਧ ਸਮਾਂ ਸੇਵਾ ਨਿਭਾਉਣ ਵਾਲੇ 12316 ਯੋਗ ਅਧਿਆਪਕਾਂ ਨੂੰ ਰੈਗੂਲਰ ਕੀਤਾ ਹੈ। ਉਨ੍ਹਾਂ ਕਿਹਾ ਕਿ ਅਪ੍ਰੈਲ, 2022 ਤੋਂ ਹੁਣ ਤੱਕ 10361 ਅਧਿਆਪਕਾਂ ਦੀ ਭਰਤੀ ਕੀਤੀ ਗਈ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਕੂਲਾਂ ਦੀ ਸੁਰੱਖਿਆ ਅਤੇ ਸਫਾਈ ਲਈ 82 ਕਰੋੜ ਰੁਪਏ ਦੀ ਵਿਵਸਥਾ ਕੀਤੀ ਗਈ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਕੁੱਲ 118 ਸਰਕਾਰੀ ਸਕੂਲਾਂ ਨੂੰ ਆਹਲਾ ਦਰਜੇ ਦੇ 'ਸਕੂਲ ਆਫ਼ ਐਮੀਨੈਂਸ' ਵਜੋਂ ਵਿਕਸਤ ਕੀਤਾ ਜਾ ਰਿਹਾ ਹੈ ਅਤੇ ਸੂਬੇ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਹਾਈ ਸਪੀਡ ਫਾਈਬਰ ਵਾਈ-ਫਾਈ ਇੰਟਰਨੈੱਟ ਕੁਨੈਕਸ਼ਨਾਂ ਲਈ 29.3 ਕਰੋੜ ਰੁਪਏ ਦਾ ਬਜਟ ਮੁਹੱਈਆ ਕਰਵਾਇਆ ਗਿਆ ਹੈ। ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਸਕੂਲਾਂ ਦੇ ਸਾਰੇ ਵਿਦਿਆਰਥੀਆਂ ਨੂੰ ਵਰਦੀਆਂ ਵੰਡੀਆਂ ਗਈਆਂ ਅਤੇ ਵਿਦਿਆਰਥੀਆਂ ਨੂੰ ਮੁਫ਼ਤ ਵਰਦੀਆਂ ਪ੍ਰਦਾਨ ਕਰਨ ਲਈ 35 ਕਰੋੜ ਰੁਪਏ ਜਾਰੀ ਕੀਤੇ ਗਏ। ਉਨ੍ਹਾਂ ਦੱਸਿਆ ਕਿ ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ 118 ਸਕੂਲ ਆਫ ਐਮੀਨੈਂਸ ਅਤੇ 17 ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲੜਕੀਆਂ ਲਈ ਟਰਾਂਸਪੋਰਟ ਦੀ ਸਹੂਲਤ ਸ਼ੁਰੂ ਕੀਤੀ ਗਈ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬੀਆਂ ਵਿੱਚ ਜਨਮ ਤੋਂ ਹੀ ਅਗਵਾਈ ਕਰਨ ਦੀ ਕਾਬਲੀਅਤ ਹੁੰਦੀ ਹੈ ਅਤੇ ਇਨ੍ਹਾਂ ਵਿਦਿਆਰਥੀਆਂ ਵਿੱਚ ਹਰ ਖੇਤਰ ਵਿੱਚ ਮੱਲਾਂ ਮਾਰਨ ਦੇ ਗੁਣ ਹਨ। ਉਨ੍ਹਾਂ ਕਿਹਾ ਕਿ ਇਹ ਵਿਦਿਆਰਥੀ ਸੁਪਨਿਆਂ ਦੀ ਉਡਾਰੀ ਭਰਨਗੇ ਅਤੇ ਸੂਬਾ ਸਰਕਾਰ ਇਨ੍ਹਾਂ ਨੂੰ ਜ਼ਿੰਦਗੀ ਵਿੱਚ ਅੱਗੇ ਵਧਣ ਲਈ ਢੁਕਵਾਂ ਮੰਚ ਮੁਹੱਈਆ ਕਰਵਾਏਗੀ। ਭਗਵੰਤ ਸਿੰਘ ਮਾਨ ਨੇ ਸਪੱਸ਼ਟ ਤੌਰ ਉਤੇ ਕਿਹਾ ਕਿ ਉਹ ਉਦੋਂ ਤੱਕ ਆਰਾਮ ਨਹੀਂ ਕਰਨਗੇ, ਜਦੋਂ ਤੱਕ ਪੰਜਾਬ ਦੇ ਵਿਦਿਆਰਥੀ ਆਪਣੇ ਮਿੱਥੇ ਟੀਚੇ ਪ੍ਰਾਪਤ ਨਹੀਂ ਕਰਦੇ। ਮੁੱਖ ਮੰਤਰੀ ਨੇ ਕਿਹਾ ਕਿ ਮਾਪਿਆਂ ਨੂੰ ਆਪਣੇ ਬੱਚਿਆਂ ਦੀ ਸਮਰੱਥਾ ਅਤੇ ਕਾਬਲੀਅਤ @ਤੇ ਭਰੋਸਾ ਹੋਣਾ ਚਾਹੀਦਾ ਹੈ ਕਿਉਂਕਿ ਉਹ ਕਿਸੇ ਵੀ ਖੇਤਰ ਵਿੱਚ ਮੱਲਾਂ ਮਾਰ ਸਕਦੇ ਹਨ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਕਿਸੇ ਵਿਸ਼ੇਸ਼ ਵਿਸ਼ੇ ਨੂੰ ਅਪਣਾਉਣ ਲਈ ਮਜਬੂਰ ਨਹੀਂ ਕਰਨਾ ਚਾਹੀਦਾ ਸਗੋਂ ਉਨ੍ਹਾਂ ਨੂੰ ਆਪਣੀ ਮਰਜ਼ੀ ਅਨੁਸਾਰ ਚੱਲਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਿਹਤ, ਸਿੱਖਿਆ, ਬਿਜਲੀ, ਪਾਣੀ ਅਤੇ ਬੁਨਿਆਦੀ ਢਾਂਚਾ ਉਨ੍ਹਾਂ ਦੀ ਸਰਕਾਰ ਦੀਆਂ ਪੰਜ ਤਰਜੀਹਾਂ ਹਨ।

# 68ਵੀਆਂ ਅੰਤਰ ਜਿਲ੍ਹਾ ਸਕੂਲ ਖੇਡਾਂ ਤੀਰਅੰਦਾਜ਼ੀ ਤੇ ਹੈਂਡਬਾਲ ਦਾ ਪਟਿਆਲਾ ਜਿਲੇ ਵਿੱਚ ਆਗਾਜ਼ ਹੋਇਆ



**ਪਟਿਆਲਾ, 23 ਅਕਤੂਬਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਰਹਿਨੁਮਾਈ ਹੇਠ ਸਕੂਲਾਂ ਦੇ ਵਿਦਿਆਰਥੀਆਂ ਲਈ ਵੱਖ-ਵੱਖ ਪੱਧਰਾਂ ਤੇ ਖੇਡ ਮੁਕਾਬਲਿਆਂ ਦਾ ਆਯੋਜਨ ਕੀਤਾ ਜਾ ਰਿਹ ਹੈ। ਜ਼ਿਲ੍ਹਾ ਪਟਿਆਲਾ ਵਿਖੇ ਜ਼ਿਲ੍ਹਾ ਸਿੱਖਿਆ ਅਫ਼ਸਰ ਸੰਜੀਵ ਸ਼ਰਮਾ ਦੇ ਦਿਸ਼ਾ ਨਿਰਦੇਸ਼ ਅਤੇ ਡਿਪਟੀ ਡੀਈਓ ਰਵਿੰਦਰਪਾਲ ਸਿੰਘ ਦੀ ਅਗਵਾਈ ਹੇਠ ਸਕੂਲੀ ਇੰਚਾਰਜਾਂ ਦੇ ਹੈਂਡਬਾਲ ਅਤੇ ਆਰਚਰੀ (ਤੀਰਅੰਦਾਜ਼ੀ) ਦੇ ਰਾਜ ਪੱਧਰੀ ਮੁਕਾਬਲੇ ਆਯੋਜਿਤ ਕੀਤੇ ਜਾ ਰਹੇ ਹਨ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਕੋਆਰਡੀਨੇਟਰ ਸਪੋਰਟਸ ਡਾ: ਦਲਜੀਤ ਸਿੰਘ ਨੇ ਕਿਹਾ ਕਿ ਤੀਰਅੰਦਾਜ਼ੀ ਦੇ ਮੁਕਾਬਲੇ ਸੀਨੀਅਰ ਸੈਕੰਡਰੀ ਮਾਡਲ ਸਕੂਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਕਰਵਾਏ ਜਾ ਰਹੇ ਹਨ। ਹੈਂਡਬਾਲ ਅੰਡਰ 17 ਲੜਕੇ ਲੜਕੀਆਂ ਦੇ ਮੁਕਾਬਲੇ ਪੋਲੋ ਗਰਾਊਂਡ ਪਟਿਆਲਾ ਵਿਖੇ ਕਰਵਾਏ ਜਾ ਰਹੇ ਹਨ। ਅੰਡਰ 17 ਲੜਕੀਆਂ ਦੇ ਹੈਂਡਬਾਲ ਮੁਕਾਬਲਿਆਂ ਵਿੱਚ ਪਟਿਆਲਾ ਨੇ ਲੁਧਿਆਣਾ ਨੂੰ ਹਰਾਇਆ, ਪੀਆਈਐਸ ਮੋਹਾਲੀ ਨੇ ਸੰਗਰੂਰ ਨੂੰ ਹਰਾਇਆ, ਹੁਸ਼ਿਆਰਪੁਰ ਨੇ ਮਲੇਰਕੋਟਲੇ ਨੂੰ ਹਰਾਇਆ, ਲੜਕਿਆਂ ਦੇ ਮੁਕਾਬਲਿਆਂ ਵਿੱਚ ਪਟਿਆਲਾ ਨੇ ਹੁਸ਼ਿਆਰਪੁਰ ਨੂੰ ਹਰਾਇਆ, ਲੁਧਿਆਣਾ ਨੇ ਫਾਜ਼ਿਲਕਾ ਨੂੰ ਹਰਾਇਆ, ਫਿਰੋਜ਼ਪੁਰ ਨੇ ਸੰਗਰੂਰ ਨੂੰ ਹਰਾਇਆ।

# 3000 ਰੁਪਏ ਰਿਸ਼ਵਤ ਲੈਣ ਵਾਲੇ ਪਟਵਾਰੀ ਖਿਲਾਫ ਵਿਜੀਲੈਂਸ ਬਿਊਰੋ ਵੱਲੋਂ ਕੇਸ ਦਰਜ

**ਚੰਡੀਗੜ੍ਹ, 23 ਅਕਤੂਬਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਤਹਿਤ ਜ਼ਿਲ੍ਹਾ ਫਾਜ਼ਿਲਕਾ ਦੀ ਤਹਿਸੀਲ ਜਲਾਲਾਬਾਦ ਦੇ ਮਾਲ ਹਲਕਾ ਚੱਕ ਜਾਨੀਸਰ ਵਿਖੇ ਤਾਇਨਾਤ ਇੱਕ ਮਾਲ ਪਟਵਾਰੀ ਗੁਰਦੀਪ ਸਿੰਘ ਖਿਲਾਫ 3,000 ਰੁਪਏ ਰਿਸ਼ਵਤ ਦੀ ਮੰਗਣ ਅਤੇ ਲੈਣ ਦੇ ਦੋਸ਼ ਹੇਠ ਭ੍ਰਿਸ਼ਟਾਚਾਰ ਦਾ ਕੇਸ ਦਰਜ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮਾਲ ਪਟਵਾਰੀ ਵਿਰੁੱਧ ਇਹ ਮੁਕੱਦਮਾ ਸ੍ਰੀ ਮੁਕਤਸਰ ਸਾਹਿਬ ਸ਼ਹਿਰ ਦੇ ਵਸਨੀਕ ਧਰਮਜੀਤ ਸਿੰਘ ਬੇਦੀ ਵੱਲੋਂ ਮੁੱਖ ਮੰਤਰੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ 'ਤੇ ਦਰਜ ਕਰਵਾਈ ਸ਼ਿਕਾਇਤ ਦੀ ਪੜਤਾਲ ਉਪਰੰਤ ਦਰਜ ਕੀਤਾ ਗਿਆ ਹੈ। ਲਾਰੇ ਨੇ ਅੱਗੇ ਦੱਸਿਆ ਕਿ ਉਕਤ ਸ਼ਿਕਾਇਤ ਦੀ ਪੜਤਾਲ ਦੌਰਾਨ ਇਹ ਗੱਲ ਸਾਬਤ ਹੋਈ ਕਿ ਉਕਤ ਮੁਲਜ਼ਮ ਨੇ ਬਿਨੈਕਾਰ ਸ਼ਿੰਦਰ ਕੌਰ ਵਾਸੀ ਸ੍ਰੀ ਮੁਕਤਸਰ ਸਾਹਿਬ ਤੋਂ ਜਮਾਂਬੰਦੀ ਦੀਆਂ ਨਕਲਾਂ ਦੇਣ ਬਦਲੇ 5,000 ਰੁਪਏ ਦੀ ਮੰਗ ਕੀਤੀ ਸੀ ਅਤੇ ਇਸ ਮੰਤਵ ਲਈ 3,000 ਰੁਪਏ ਬਤੌਰ ਰਿਸ਼ਵਤ ਵਜੋਂ ਹਾਸਲ ਕੀਤੇ ਸਨ।

# ਕੇਂਦਰੀ ਰਾਜ ਮੰਤਰੀ ਬਿੱਟੂ ਨੇ ਮੋਦੀ ਅੱਗੇ ਗੋਡੇ ਟੇਕਕੇ ਪੰਜਾਬ ਦੇ ਕਿਸਾਨਾਂ ਨੂੰ ਵਿਸਾਰਿਆ: ਡਾ. ਬਲਬੀਰ ਸਿੰਘ

**ਕੇਂਦਰ ਸਰਕਾਰ ਦੇ ਪੰਜਾਬ ਨਾਲ ਮਤਰੇਈ ਮਾਂ ਵਾਲੇ ਸਲੂਕ ਕਰਕੇ ਸੋਨੇ ਵਰਗੀ ਫ਼ਸਲ ਲੈਕੇ ਕਿਸਾਨ ਮੰਡੀਆਂ ਵਿੱਚ ਰੁਲਣ ਲਈ ਮਜਬੂਰ ਹੋਏ**

**ਪਟਿਆਲਾ, 23 ਅਕਤੂਬਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਨੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੂੰ ਆੜੇ ਹੱਥੀਂ ਲੈਂਦਿਆ ਕਿਹਾ ਹੈ ਕਿ ਬਿੱਟੂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਗੇ ਗੋਡੇ ਟੇਕ ਕੇ ਪੰਜਾਬ ਅਤੇ ਸੂਬੇ ਦੇ ਕਿਸਾਨਾਂ ਦੇ ਹਿਤਾਂ ਨੂੰ ਵਿਸਾਰ ਦਿੱਤਾ ਹੈ। ਸਿਹਤ ਮੰਤਰੀ ਨੇ ਅੱਜ ਸ਼ਾਮ ਲੰਗ,



ਲੌਟ ਤੇ ਪਟਿਆਲਾ ਅਨਾਜ ਮੰਡੀਆਂ ਤੇ ਹੋਰ ਮੰਡੀਆਂ ਦਾ ਦੌਰਾ ਕਰਕੇ ਕਿਸਾਨਾਂ ਨਾਲ ਗੱਲਬਾਤ ਕੀਤੀ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਕਿਸਾਨਾਂ ਦੇ ਨਾਲ ਖੜ੍ਹੀ ਹੈ ਅਤੇ ਕੇਂਦਰ ਸਰਕਾਰ ਉੱਤੇ ਦਬਾਅ ਬਣਾ ਰਹੀ ਹੈ ਤਾਂ ਕਿ ਕਿਸਾਨਾਂ ਦੀ ਸੋਨੇ ਵਰਗੀ ਫ਼ਸਲ ਖਰੀਦਣ ਮਗਰੋਂ ਮੰਡੀਆਂ ਵਿੱਚੋਂ ਲਿਫਟਿੰਗ ਵੀ ਨਾਲੋ-ਨਾਲ ਕੀਤੀ ਜਾਵੇ।

ਸਿਹਤ ਮੰਤਰੀ ਨੇ ਦੱਸਿਆ ਕਿ ਝੋਨੇ ਦੀ ਖ਼ਰੀਦ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਖੁਦ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ, ਖ਼ੁਰਾਕ ਤੇ ਸਿਵਲ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਸਮੇਤ ਸੂਬੇ ਦੇ ਸਾਰੇ ਮੰਤਰੀ ਅਤੇ ਐਮਐਲਏਜ ਮੰਡੀਆਂ ਵਿੱਚ ਪੁੱਜੇ ਹੋਏ ਹਨ ਅਤੇ ਕਿਸਾਨਾਂ ਦੀ ਹਰ ਸੰਭਵ ਮਦਦ ਕਰ ਰਹੇ ਹਨ।

ਉਨ੍ਹਾਂ ਸਵਾਲ ਕੀਤਾ ਕਿ ਬਿੱਟੂ ਦੱਸੇ ਕਿ ਉਹ ਕਿੱਥੇ ਹੈ ? ਉਨ੍ਹਾਂ ਕਿਹਾ ਕਿ ਜਦੋਂ ਤੋਂ ਰਵਨੀਤ ਬਿੱਟੂ ਮੰਤਰੀ ਬਣਿਆ ਹੈ ਪੰਜਾਬ ਨਾਲ ਧੱਕਾ ਵੱਧ ਗਿਆ ਹੈ। ਉਨ੍ਹਾਂ ਕਿਹਾ ਕਿ ਬਿੱਟੂ ਦੱਸੇ ਕਿ ਉਹ ਤਿੰਨ ਵਾਰ ਪੰਜਾਬ ਤੋਂ ਪਾਰਲੀਮੈਂਟ ਜਾ ਕੇ ਪੰਜਾਬ ਲਈ ਕੀ ਲੈ ਕੇ ਆਏ ? ਇਸ ਲਈ ਜਦੋਂ ਉਹ ਮੋਦੀ ਸਰਕਾਰ ਵਿੱਚ ਕੁਝ ਬਣੇ ਹਨ ਤਾਂ ਹੁਣ ਤਾਂ ਉਨ੍ਹਾਂ ਨੂੰ ਪੰਜਾਬ ਦੇ ਲੋਕਾਂ ਲਈ ਕੁਝ ਕਰਕੇ ਦਿਖਾਉਣਾ ਚਾਹੀਦਾ ਹੈ।

ਉਨ੍ਹਾਂ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਤੇ ਤਨਜ਼ ਕਸਦਿਆਂ ਕਿਹਾ ਕਿ ਰੇਲ ਵਿਭਾਗ ਤੇ ਫੂਡ ਪ੍ਰੋਸੈਸਿੰਗ ਵਿਭਾਗ ਹੋਣ ਦੇ ਬਾਵਜੂਦ ਵੀ ਉਨ੍ਹਾਂ ਵੱਲੋਂ ਕਿਸਾਨਾਂ ਦੀ ਬਾਂਹ ਨਹੀਂ ਫੜੀ ਗਈ ਹੈ ਅਤੇ ਨਾ ਹੀ ਬਿੱਟੂ ਤੇ ਨਾ ਹੀ ਕੋਈ ਹੋਰ ਕੇਂਦਰ ਦਾ ਮੰਤਰੀ ਜਾਂ ਖੁਰਾਕ ਮੰਤਰੀ ਪ੍ਰਹਿਲਾਦ ਜੋਸ਼ੀ ਆਦਿ ਮੰਡੀਆਂ ਵਿੱਚ ਕਿਸਾਨਾਂ ਦੀ ਸਾਰ ਲੈਣ ਪੁੱਜਿਆ ਹੈ।

# ਸਿੱਖਿਆ ਤੇ ਖੇਤਰ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਆਈਆਂ : ਤਰੁਨਪ੍ਰੀਤ ਸੌਂਦ

**ਸਕੂਲ ਆਫ ਐਮੀਨੈਂਸ ਵਿਦਿਆਰਥੀਆਂ ਦੇ ਉਜਵਲ ਭਵਿੱਖ ਦੇ ਬਣਨਗੇ ਗਵਾਹ**



**ਫ਼ਤਹਿਗੜ੍ਹ ਸਾਹਿਬ, 23 ਅਕਤੂਬਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਦੂਰ-ਅੰਦੇਸ਼ੀ ਸੋਚ ਸਦਕਾ ਅੱਜ ਸੂਬੇ ਅੰਦਰ ਸਿੱਖਿਆ ਤੇ ਸਿਹਤ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਆਈਆਂ ਹਨ ਜਿਸ ਸਦਕਾ ਅੱਜ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਵਿਦਿਆ ਦੇ ਮਿਆਰ ਨੂੰ ਹੋਰ ਉਚਾਈਆਂ ਤੇ ਲਿਜਾਉਂਦਿਆਂ ਆਧੁਨਿਕ ਤਕਨੀਕ ਨਾਲ ਜੋੜ ਕੇ ਵਿਦਿਆਰਥੀਆਂ ਨੂੰ ਸਮੇਂ ਦਾ ਹਾਣੀ ਬਣਾਇਆ ਜਾ ਰਿਹਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਸ. ਤਰੁਨਪ੍ਰੀਤ ਸਿੰਘ ਸੌਂਦ ਨੇ ਸਕੂਲ ਆਫ ਐਮੀਨੈਂਸ ਅਮਲੋਹ ਵਿਖੇ ਹੋਏ ਮਾਪੇ ਅਧਿਆਪਕ ਮਿਲਣੀ ਵਿੱਚ ਸ਼ਿਰਕਤ ਕਰਨ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਸਿੱਖਿਆ ਤੇ ਸਿਹਤ ਦੇ ਖੇਤਰ ਨੂੰ ਹਮੇਸ਼ਾਂ ਅਣਗੌਲਿਆਂ ਕੀਤਾ ਹੈ ਜਦੋਂ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਿੱਖਿਆ ਤੇ ਸਿਹਤ ਦੇ ਖੇਤਰ ਵਿੱਚ ਇਤਿਹਾਸਕ ਫੈਸਲੇ ਕੀਤੇ ਹਨ।

ਕੈਬਨਿਟ ਮੰਤਰੀ ਸੌਂਦ ਨੇ ਕਿਹਾ ਕਿ ਕੋਈ ਸਮਾਂ ਸੀ ਜਦੋਂ ਮਾਪੇ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਦੀ ਥਾਂ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਾਉਣ ਨੂੰ ਪਹਿਲ ਦਿੰਦੇ ਸਨ ਪ੍ਰੰਤੂ ਜਦੋਂ ਤੋਂ ਸੂਬੇ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ ਉਦੋਂ ਤੋਂ ਸਿੱਖਿਆ ਦੇ ਖੇਤਰ ਨੂੰ ਉੱਚਾ ਚੁੱਕਣ ਲਈ ਕੀਤੇ ਗਏ ਉਪਰਾਲਿਆਂ ਸਦਕਾ ਅੱਜ ਕਈ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀ ਸਰਕਾਰੀ ਸਕੂਲਾਂ ਵਿੱਚ ਦਾਖਲਾ ਲੈ ਰਹੇ ਹਨ, ਜਿਸ ਸਦਕਾ ਸੂਬੇ ਦੇ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦੇ ਮਿਆਰ ਵਿੱਚ ਵੱਡਾ ਬਦਲਾਅ ਆਇਆ ਹੈ।

ਸ. ਸੌਂਦ ਨੇ ਕਿਹਾ ਕਿ ਸਕੂਲ ਆਫ ਐਮੀਨੈਂਸ ਵਿੱਚ ਜਿਥੇ ਵਿਦਿਆਰਥੀਆਂ ਨੂੰ ਆਧੁਨਿਕ ਢੰਗ ਤਰੀਕਿਆਂ ਨਾਲ ਪੜਾਈ ਕਰਵਾਈ ਜਾ ਰਹੀ ਹੈ ਉਥੇ ਹੀ ਇਨ੍ਹਾਂ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਸਹੂਲਤ ਲਈ ਆਧੁਨਿਕ ਸਾਜੋ ਸਮਾਨ, ਸ਼ਾਨਦਾਰ ਖੇਡ ਮੈਦਾਨ, ਸਾਇੰਸ ਲੈਬ ਤੇ ਹੋਰ ਸਹੂਲਤਾਂ ਵੀ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਹ ਸਕੂਲ ਸੂਬੇ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੇ ਉਜਵਲ ਭਵਿੱਖ ਦੇ ਗਵਾਹ ਬਣਨਗੇ। ਉਨ੍ਹਾਂ ਕਿਹਾ ਕਿ ਮਾਪੇ ਅਧਿਆਪਕ ਮਿਲਣੀ ਸਰਕਾਰ ਦੀ ਇੱਕ ਅਜਿਹੀ ਪਹਿਲ ਹੈ ਜਿਸ ਨਾਲ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਹੁੰਦਾ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਸਰਕਾਰੀ ਸਕੂਲਾਂ ਵਿੱਚ ਮਾਪੇ ਅਧਿਆਪਕ ਮਿਲਣੀ ਨਹੀਂ ਹੁੰਦੀ ਸੀ ਜਿਸ ਕਾਰਨ ਮਾਪਿਆਂ ਨੂੰ ਆਪਣੇ ਬੱਚਿਆਂ ਦੀ ਪੜਾਈ ਬਾਰੇ ਜਿਆਦਾ ਕੁਝ ਪਤਾ ਨਹੀਂ ਹੁੰਦਾ ਸੀ। ਪ੍ਰੰਤੂ ਹੁਣ ਮਾਪੇ ਆਪਣੇ ਬੱਚਿਆਂ ਦੀ ਹਰੇਕ ਗਤੀਵਿਧੀ ਬਾਰੇ ਪੂਰੀ ਜਾਣਕਾਰੀ ਹਾਸਲ ਕਰਕੇ ਆਪਣੇ ਬੱਚਿਆਂ ਦੇ ਬੌਧਿਕ ਵਿਕਾਸ ਵਿੱਚ ਅਹਿਮ ਭੂਮਿਕਾ ਅਦਾ ਕਰ ਸਕਣਗੇ। ਉਨ੍ਹਾਂ ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਲਗਾਈ ਪ੍ਰਦਰਸ਼ਨੀ ਦਾ ਜਾਇਜ਼ਾ ਵੀ ਲਿਆ ਤੇ ਮਾਪਿਆਂ ਨਾਲ ਗੱਲਬਾਤ ਵੀ ਕੀਤੀ।

# ਈ.ਡੀ. ਨੇ ਸਰਹੱਦ ਪਾਰ ਤਸਕਰੀ ਦੇ ਮਾਮਲੇ 'ਚ 6 ਲੋਕਾਂ ਨੂੰ ਕੀਤਾ ਗ੍ਰਿਫ਼ਤਾਰ

**ਨਵੀਂ ਦਿੱਲੀ, 23 ਅਕਤੂਬਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਮੰਗਲਵਾਰ ਨੂੰ ਕਿਹਾ ਕਿ ਏਜੰਸੀ ਨੇ ਅਫਗਾਨਿਸਤਾਨ ਤੋਂ ਭਾਰਤ ਵਿਚ ਕਥਿਤ ਤੌਰ 'ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਇਕ ਗਿਰੋਹ ਨਾਲ ਸਬੰਧਤ ਮਨੀ ਲਾਂਡਰਿੰਗ ਮਾਮਲੇ ਦੀ ਜਾਂਚ ਦੇ ਸਬੰਧ ਵਿਚ 6 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਏਜੰਸੀ ਨੇ ਇਕ ਬਿਆਨ 'ਚ ਕਿਹਾ ਕਿ ਲਵਜੀਤ ਸਿੰਘ ਉਰਫ਼ ਲੱਬਾ, ਮਨਜੀਤ ਸਿੰਘ ਉਰਫ਼ ਮੰਨਾ ਨੂੰ 11 ਅਕਤੂਬਰ ਨੂੰ ਮਨੀ ਲਾਂਡਰਿੰਗ ਰੋਕੂ ਕਾਨੂੰਨ (ਪੀਐੱਮਐੱਲਏ) ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਹਿਰਾਸਤ 'ਚ ਲਿਆ ਗਿਆ ਸੀ। ਏਜੰਸੀ ਮੁਤਾਬਕ ਪ੍ਰਭਜੀਤ ਸਿੰਘ, ਗੁਰਜੋਤ ਸਿੰਘ, ਰਮਨਦੀਪ ਸਿੰਘ ਨੂੰ 18 ਅਕਤੂਬਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਜਦਕਿ ਗੁਰਪ੍ਰੀਤ ਸਿੰਘ ਨੂੰ 20 ਅਕਤੂਬਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਇਹ ਮਨੀ ਲਾਂਡਰਿੰਗ ਕੇਸ ਡਾਇਰੈਕਟੋਰੇਟ ਆਫ ਰੈਵੇਨਿਊ ਇੰਟੈਲੀਜੈਂਸ (ਡੀਆਰਆਈ) ਅਤੇ ਦਿੱਲੀ ਪੁਲਸ ਦੇ ਸਪੈਸ਼ਲ ਸੈੱਲ ਦੀ ਸ਼ਿਕਾਇਤ ਤੋਂ ਬਾਅਦ ਦਰਜ ਕੀਤਾ ਗਿਆ ਸੀ। ਪੁਲਸ ਨੇ ਸੰਧੂ ਐਕਸਪੋਰਟ ਨਾਮੀ ਕੰਪਨੀ ਦੁਆਰਾ ਦਰਾਮਦ ਕੀਤੇ ਗਏ ਕੰਟੇਨਰਾਂ 'ਚ ਮੁੰਬਈ ਦੇ ਨਹਾਵਾ ਸ਼ੇਵਾ ਬੰਦਰਗਾਹ ਤੋਂ 293.81 ਕਿਲੋਗ੍ਰਾਮ ਹੈਰੋਇਨ ਅਤੇ ਫਰੀਦਾਬਾਦ, ਹਰਿਆਣਾ ਦੇ 2 ਵਾਹਨਾਂ ਅਤੇ ਇਕ ਫਲੈਟ ਤੋਂ 352.71 ਕਿਲੋ ਹੈਰੋਇਨ ਬਰਾਮਦ ਕੀਤੀ ਸੀ।

ਏਜੰਸੀ ਨੇ ਕਿਹਾ ਕਿ ਦੋਸ਼ੀ ਪੰਜਾਬ, ਹਰਿਆਣਾ ਅਤੇ ਦਿੱਲੀ 'ਚ ਹੈਰੋਇਨ ਦੀ ਤਸਕਰੀ, ਨਸ਼ੀਲੇ ਪਦਾਰਥ ਨੂੰ ਸਟੋਰ ਕਰਨ ਅਤੇ ਉਸ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਕੰਮ ਕਰਦੇ ਸਨ।'' ਈ.ਡੀ. ਨੇ ਦੱਸਿਆ,''ਇਹ ਲੋਕ ਇਕ ਗਿਰੋਹ ਦੇ ਮੁੱਖ ਮੈਂਬਰ ਹਨ, ਜੋ ਅਫਗਾਨਿਸਤਾਨ ਅਤੇ ਈਰਾਨ ਤੋਂ ਟੈਲਕ ਸਟੋਨ ਅਤੇ ਜਿਪਸਮ ਪਾਊਡਰ ਦੀ ਖੇਪ 'ਚ ਹੈਰੋਇਨ ਲੁਕਾ ਕੇ ਤਸਕਰੀ ਕਰਦੇ ਸਨ।'' ਏਜੰਸੀ ਨੇ ਦੋਸ਼ ਲਗਾਇਆ ਕਿ ਇਨ੍ਹਾਂ ਲੋਕਾਂ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਲਈ ਪ੍ਰਭਜੀਤ ਸਿੰਘ ਦੀ ਮੁਲਕੀਅਤ ਵਾਲੀ 'ਸੰਧੂ ਐਕਸਪੋਰਟਸ' ਨਾਮੀ ਕੰਪਨੀ ਬਣਾਈ ਸੀ। ਈ.ਡੀ. ਨੇ ਦੱਸਿਆ,''ਈਰਾਨ ਅਤੇ ਅਫਗਾਨਿਸਤਾਨ ਤੋਂ ਤਸਕਰੀ ਕਰ ਕੇ ਲਿਆਂਦੇ ਗਏ ਨਸ਼ੀਲੇ ਪਦਾਰਥਾਂ ਨੂੰ ਨਹਾਵਾ ਸ਼ੇਵਾ ਬੰਦਰਗਾਹ ਤੋਂ ਆਯਾਤ ਕੀਤਾ ਜਾਂਦਾ ਸੀ ਅਤੇ ਬਾਅਦ 'ਚ ਇਨ੍ਹਾਂ ਨੂੰ ਮੱਧ ਪ੍ਰਦੇਸ਼ ਦੇ ਸ਼ਿਵਪੁਰੀ 'ਚ ਕਿਰਾਏ ਦੇ ਇਕ ਗੋਦਾਮ 'ਚ ਇਕੱਠਾ ਕੀਤਾ ਜਾਂਦਾ ਸੀ। ਦਿੱਲੀ, ਪੰਜਾਬ ਅਤੇ ਹਰਿਆਣਾ ਦੇ ਕੁਝ ਹਿੱਸਿਆਂ 'ਚ ਇਸ ਦੀ ਤਸਕਰੀ ਕੀਤੀ ਜਾਂਦੀ ਸੀ।'' ਏਜੰਸੀ ਨੇ ਦੱਸਿਆ,''ਕਾਨੂੰਨ ਇਨਫੋਰਸਮੈਂਟ ਏਜੰਸੀਆਂ ਦੀ ਨਜ਼ਰ ਤੋਂ ਬਚਣ ਲਈ 10 ਕਿਲੋਗ੍ਰਾਮ ਤੋਂ ਘੱਟ ਮਾਤਰਾ 'ਚ ਨਸ਼ੀਲਾ ਪਦਾਰਥ ਲਿਆਇਆ ਲਿਜਾਇਆ ਜਾਂਦਾ ਸੀ।''

# ਕਾਂਗਰਸ ਇਕ ਪਾਰਟੀ ਨਹੀਂ, ਧੜਿਆਂ ਦਾ ਸਮੂਹ : ਅਨਿਲ ਵਿੱਜ



**ਅੰਬਾਲਾ, 23 ਅਕਤੂਬਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਊਰਜਾ, ਟਰਾਂਸਪੋਰਟ ਅਤੇ ਕਿਰਤ ਮੰਤਰੀ ਅਨਿਲ ਵਿਜ ਨੇ ਮੰਗਲਵਾਰ ਨੂੰ ਕਿਹਾ ਕਿ ਕਾਂਗਰਸ ਇਕ ਪਾਰਟੀ ਨਹੀਂ ਸਗੋਂ ਵੱਖ-ਵੱਖ ਧੜਿਆਂ ਦਾ ਸਮੂਹ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਜ ਨੇ ਅੱਜ ਤੱਕ ਕਾਂਗਰਸ ਵਿਧਾਇਕ ਦਲ ਦਾ ਨੇਤਾ ਨਾ ਚੁਣੇ ਜਾਣ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ ਵਿਚ ਕਿਹਾ ਕਿ ਇਹ ਉਨ੍ਹਾਂ ਦਾ ਅੰਦਰੂਨੀ ਮਾਮਲਾ ਹੈ ਪਰ ਕਾਂਗਰਸ ਕੋਈ ਪਾਰਟੀ ਨਹੀਂ ਹੈ, ਇਹ ਵੱਖ-ਵੱਖ ਧੜਿਆਂ ਦਾ ਸਮੂਹ ਹੈ। ਉਨ੍ਹਾਂ ਨੇ ਕਿਹਾ ਕਿ ਇਹ ਸਾਰੇ ਮਿਲ ਕੇ ਬੈਠ ਕੇ ਕੋਈ ਇਕ ਫ਼ੈਸਲਾ ਨਹੀਂ ਕਰ ਸਕਦੇ।

ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਵਲੋਂ ਚੋਣਾਂ 'ਚ ਗੜਬੜੀ ਦੇ ਖਦਸ਼ੇ ਨੂੰ ਲੈ ਕੇ ਕਾਂਗਰਸ ਦੇ ਅਦਾਲਤ ਜਾਣ ਦੇ ਬਿਆਨ 'ਤੇ ਵਿਜ ਨੇ ਕਿਹਾ ਕਿ ਅਦਾਲਤਾਂ ਹਰ ਕਿਸੇ ਲਈ ਖੁੱਲ੍ਹੀਆਂ ਹਨ, ਚਾਹੇ ਉਹ ਕਿਤੇ ਵੀ ਜਾਣ। ਚੋਣਾਂ ਹੋ ਚੁੱਕੀਆਂ ਹਨ ਅਤੇ ਚੋਣ ਕਮਿਸ਼ਨ ਨੇ ਜਵਾਬ ਦੇ ਦਿੱਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਜਦੋਂ ਕਾਂਗਰਸ ਹਾਰਦੀ ਹੈ ਤਾਂ ਈ.ਵੀ.ਐਮ ਖਰਾਬ ਹੋ ਜਾਂਦੀ ਹੈ। ਵਿਜ ਨੇ ਕਿਹਾ ਕਿ 25 ਅਕਤੂਬਰ ਨੂੰ ਹੋਣ ਵਾਲਾ ਸੈਸ਼ਨ ਸੀਮਤ ਮਿਆਦ ਦਾ ਹੋਵੇਗਾ, ਜਿਸ ਵਿਚ ਵਿਧਾਇਕਾਂ ਨੂੰ ਸਹੁੰ ਚੁਕਾਈ ਜਾਵੇਗੀ। ਦੀਵਾਲੀ ਤੋਂ ਬਾਅਦ ਨਿਯਮਤ ਸੈਸ਼ਨ ਹੋਵੇਗਾ।

# ਮੰਡੀਆਂ 'ਚ ਕਿਸਾਨਾਂ ਨੂੰ ਪਰੇਸ਼ਾਨ ਕਰਨਾ ਭਾਜਪਾ ਦਾ ਖ਼ਤਰਨਾਕ ਪਲਾਨ : ਸੰਧਵਾਂ

**ਚੰਡੀਗੜ੍ਹ, 23 ਅਕਤੂਬਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦਾ ਕਹਿਣਾ ਹੈ ਕਿ ਮੰਡੀਆਂ 'ਚ ਕਿਸਾਨਾਂ ਨੂੰ ਪਰੇਸ਼ਾਨ ਕਰਨ ਲਈ ਭਾਜਪਾ ਦਾ ਖ਼ਤਰਨਾਕ ਪਲਾਨ ਹੈ। ਭਾਜਪਾ, ਅਡਾਨੀ ਨੂੰ ਪੰਜਾਬ ਦੀ ਖੇਤੀ ਸੌਂਪਣ ਦੀ ਤਿਆਰੀ ਕਰ ਰਹੀ ਹੈ ਕਿਉਂਕਿ ਭਾਜਪਾ ਕਿਸਾਨ ਅੰਦੋਲਨ ਦਾ ਬਦਲਾ ਲੈਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਭਾਜਪਾ, ਪੰਜਾਬ ਦੇ ਕਿਸਾਨ, ਮਜ਼ਦੂਰ ਅਤੇ ਹੋਰ ਵਰਗਾਂ ਨਾਲ ਗੰਦੇ ਤਰੀਕੇ ਦੀ ਸਿਆਸਤ ਕਰ ਰਹੀ ਹੈ, ਜਿਸ ਨਾਲ ਕੇਂਦਰ ਸਰਕਾਰ ਦਾ ਗੰਦਾ ਚਿਹਰਾ ਉਜਾਗਰ ਹੋਇਆ ਹੈ। ਉਨ੍ਹਾਂ ਕਿਹਾ ਕਿ ਬਣਦਾ ਤਾਂ ਇਹ ਸੀ ਕਿ ਜਿਹੜਾ ਸੂਬਾ ਸਾਰੇ ਦੇਸ਼ ਲਈ ਅਨਾਜ ਪੈਦਾ ਕਰਦਾ ਹੈ, ਉਸ ਨਾਲ ਕੇਂਦਰ ਦੀ ਭਾਜਪਾ ਸਰਕਾਰ ਨਿਆਂ ਕਰੇ ਪਰ ਪੰਜਾਬ ਦੇ ਕਿਸਾਨਾਂ ਤੋਂ ਕਿਸਾਨ



ਅੰਦੋਲਨ ਦਾ ਬਦਲਾ ਲੈਣ ਲਈ ਭਾਜਪਾ ਕੋਝੀਆਂ ਹਰਕਤਾਂ 'ਤੇ ਆ ਗਈ ਹੈ। ਸੰਧਵਾਂ ਨੇ ਕਿਹਾ ਕਿ ਕਿਸਾਨਾਂ ਦੀ ਪੁੱਤਾਂ ਵਾਂਗ ਪਾਲੀ ਹੋਈ ਫ਼ਸਲ ਨੂੰ ਮੰਡੀਆਂ 'ਚ ਰੁਲਣ ਲਈ ਭਾਜਪਾ ਨੇ ਮਜਬੂਰ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨੂੰ ਇਸ ਮਕਸਦ 'ਚ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ ਕਿਉਂਕਿ ਪੰਜਾਬ ਸਰਕਾਰ ਕਿਸਾਨਾਂ ਅਤੇ ਮਜ਼ਦੂਰਾਂ ਨਾਲ ਖੜ੍ਹੀ ਹੈ।

# ਵਿਦਿਆਰਥੀਆਂ ਨੂੰ ਦਿੱਤੀ ਜਾਵੇਗੀ ਲਾਈਫ਼ ਸਕਿੱਲ, ਮੁੱਢਲੀ ਸਹਾਇਤਾ ਤੇ ਵੈਕਟਰ ਬੋਰਨ ਬਿਮਾਰੀਆਂ ਤੋਂ ਬਚਾਅ ਦੀ ਸਿਖਲਾਈ : ਡਾ. ਬਲਬੀਰ ਸਿੰਘ

**ਡਾ. ਬਲਬੀਰ ਸਿੰਘ ਵੱਲੋਂ ਮਾਪੇ-ਅਧਿਆਪਕ ਮਿਲਣੀ ਦੌਰਾਨ ਵਿਦਿਆਰਥੀਆਂ ਤੇ ਮਾਪਿਆਂ ਨਾਲ ਮੁਲਾਕਾਤ**

**ਪਟਿਆਲਾ, 23 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਲਾਈਫ਼ ਸਕਿੱਲ, ਫ਼ਸਟ ਏਡ ਅਤੇ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ (ਵੈਕਟਰ ਬੋਰਨ ਬਿਮਾਰੀਆਂ) ਤੋਂ ਬਚਾਅ ਲਈ ਟਰੇਨਿੰਗ ਦਿੱਤੀ ਜਾਵੇਗੀ ਅਤੇ ਇਸ ਪ੍ਰੋਜੈਕਟ ਦੀ ਸ਼ੁਰੂਆਤ ਪਟਿਆਲਾ ਤੋਂ ਹੋਵੇਗੀ। ਇਹ ਪ੍ਰਗਟਾਵਾ ਸਿਹਤ ਮੰਤਰੀ ਨੇ ਅੱਜ ਪਟਿਆਲਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਿਵਲ ਲਾਈਨਜ਼ ਵਿਖੇ ਮਾਪੇ-ਅਧਿਆਪਕ ਮਿਲਣੀ ਦੌਰਾਨ ਵਿਦਿਆਰਥੀਆਂ ਤੇ ਮਾਪਿਆਂ ਨਾਲ ਮੁਲਾਕਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਫ਼ਸਟ ਏਡ ਤੇ ਲਾਈਫ਼ ਸਕਿੱਲ ਦੀ ਟਰੇਨਿੰਗ ਦੇਣ ਦਾ ਮਕਸਦ ਹੈ ਕਿ ਵਿਦਿਆਰਥੀ ਕਿਸੇ ਵੀ ਦੁਰਘਟਨਾ ਸਮੇਂ ਡਾਕਟਰੀ ਸਹਾਇਤਾ ਮਿਲਣ ਤੋਂ ਪਹਿਲਾਂ ਪੀੜਤ ਨੂੰ ਮੁਢਲੀ ਸਹਾਇਤਾ ਪ੍ਰਦਾਨ ਕਰਕੇ



ਕੀਮਤੀ ਜਾਨਾਂ ਬਚਾਅ ਸਕਣ। ਉਨ੍ਹਾਂ ਕਿਹਾ ਕਿ ਪਹਿਲਾਂ ਇਹ ਟਰੇਨਿੰਗ ਬਾਰਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਦਿੱਤੀ ਜਾਵੇਗੀ ਅਤੇ ਇਸ ਦੇ ਵੱਖਰੇ ਤੌਰ 'ਤੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੀ ਪ੍ਰਦਾਨ ਕੀਤੇ ਜਾਣਗੇ। ਇਸ ਦੇ ਨਾਲ ਹੀ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਸਬੰਧੀ ਵੀ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਜਾਵੇਗਾ ਤਾਂ ਕਿ ਡੇਂਗੂ, ਮਲੇਰੀਆਂ ਤੇ ਚਿਕਨਗੁਨੀਆਂ ਵਰਗੀਆਂ ਬਿਮਾਰੀਆਂ ਨੂੰ ਕੰਟਰੋਲ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਪਿਛਲੇ ਸਾਲਾਂ ਦੇ ਮੁਕਾਬਲੇ ਵਾਟਰ ਬੋਰਨ ਡਜ਼ੀਜ਼ ਕੇਸਾਂ ਦੇ ਘੱਟ ਹੋਣ ਦਾ ਕਾਰਨ ਜਾਗਰੂਕਤਾ ਹੀ ਹੈ ਤੇ ਵਿਦਿਆਰਥੀ ਇਸ ਜਾਗਰੂਕਤਾ ਮੁਹਿੰਮ ਦੇ ਬਰਾਂਡ ਅੰਬੈਸਡਰ ਹੋਣਗੇ। ਡਾ. ਬਲਬੀਰ ਸਿੰਘ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਿਵਲ ਲਾਈਨਜ਼ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਡਲ ਟਾਊਨ ਵਿਖੇ ਮਾਪਿਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਨੇ ਸਿੱਖਿਆ ਸੁਧਾਰਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਿਥੇ ਅਧਿਆਪਕਾਂ ਦੀ ਟਰੇਨਿੰਗ ਕੌਮਾਂਤਰੀ ਪੱਧਰ 'ਤੇ ਕਰਵਾਈ ਜਾ ਰਹੀ ਹੈ, ਉਥੇ ਹੀ ਵਿਦਿਆਰਥੀਆਂ ਨੂੰ ਕਿੱਤਾ ਮੁਖੀ ਕੋਰਸਾਂ ਨਾਲ ਜੋੜਨ ਲਈ ਸਕੂਲ ਆਫ਼ ਐਮੀਨੈਂਸ ਬਣਾਏ ਗਏ ਹਨ, ਜਿਥੇ ਵਿਦਿਆਰਥੀ ਦੀ ਰੁਚੀ ਅਨੁਸਾਰ ਉਸ ਨੂੰ ਆਪਣੇ ਕਿੱਤੇ ਦੀ ਚੋਣ ਕਰਨ ਦੀ ਖੁੱਲ੍ਹ ਦਿੱਤੀ ਗਈ ਹੈ।

ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਦੀ ਇਹ ਲਗਾਤਾਰ ਤੀਜੀ ਮਾਪੇ-ਅਧਿਆਪਕ ਮਿਲਣੀ ਹੈ ਅਤੇ ਇਨ੍ਹਾਂ ਢਾਈ ਸਾਲਾਂ ਵਿੱਚ ਸਿੱਖਿਆ ਦੇ ਮਿਆਰ ਵਿੱਚ ਜੋ ਸੁਧਾਰ ਹੋਇਆ ਹੈ ਉਹ ਸਕੂਲਾਂ ਵਿੱਚ ਵਧੇ ਦਾਖਲਿਆਂ ਤੋਂ ਵੀ ਪਤਾ ਲਗਦਾ ਹੈ। ਉਨ੍ਹਾਂ ਕਿਹਾ ਕਿ ਇਸ ਸਮੇਂ ਦੌਰਾਨ ਪੰਜਾਬ ਸਰਕਾਰ ਵੱਲੋਂ 12 ਹਜ਼ਾਰ ਅਧਿਆਪਕਾਂ ਨੂੰ ਪੱਕੇ ਕੀਤਾ ਗਿਆ ਹੈ ਤੇ 10 ਹਜ਼ਾਰ ਤੋਂ ਵੱਧ ਨਵੇਂ ਅਧਿਆਪਕ ਵੀ ਭਰਤੀ ਕੀਤੇ ਗਏ ਹਨ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਸ੍ਰੀ ਅਰਵਿੰਦ ਕੇਜਰੀਵਾਲ ਤੇ ਸ੍ਰੀ ਮੁਨੀਸ਼ ਸਿਸੋਦੀਆਂ ਵੱਲੋਂ ਜੋ ਸਿੱਖਿਆ ਮਾਡਲ ਦਿੱਲੀ ਵਿੱਚ ਬਣਾਇਆ ਗਿਆ ਹੈ, ਉਸੇ ਤਰ੍ਹਾਂ ਦਾ ਸਿੱਖਿਆ ਮਾਡਲ ਸ. ਭਗਵੰਤ ਸਿੰਘ ਮਾਨ ਤੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਦੀ ਅਗਵਾਈ ਵਿੱਚ ਪੰਜਾਬ ਅੰਦਰ ਵੀ ਵਿਕਸਤ ਕੀਤਾ ਗਿਆ ਹੈ, ਜਿਸ ਨਾਲ ਪਿਛਲੇ ਢਾਈ ਸਾਲਾਂ ਅੰਦਰ ਸਿੱਖਿਆ ਖੇਤਰ ਵਿੱਚ ਕ੍ਰਾਂਤੀਕਾਰੀ ਸੁਧਾਰ ਹੋਏ ਹਨ। ਸਿਹਤ ਮੰਤਰੀ ਨੇ ਸਕੂਲੀ ਵਿਦਿਆਰਥੀਆਂ ਵੱਲੋਂ ਬਣਾਏ ਸੋਲਰ ਚਾਰਜਰ, ਵਾਟਰ ਟਰੀਟਮੈਂਟ ਪਲਾਂਟ ਦੇ ਮਾਡਲ ਤੇ ਵੇਸਟ ਟੂ ਵੈਲਥ ਤਹਿਤ ਬੇਕਾਰ ਪਏ ਸਮਾਨ ਤੋਂ ਬਣਾਈ ਵਸਤੂਆਂ ਵਾਲੀ ਪ੍ਰਦਰਸ਼ਨੀ ਦਾ ਦੌਰਾ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਨੇ ਵਾਤਾਵਰਣ ਦੀ ਸ਼ੁੱਧਤਾ ਲਈ ਜੋ ਮਾਡਲ ਤਿਆਰ ਕੀਤੇ ਹਨ, ਉਹ ਇਸ ਗੱਲ ਦਾ ਸੁਨੇਹਾ ਦੇ ਰਹੇ ਹਨ ਕਿ ਸਾਡੀ ਆਉਣ ਵਾਲੀ ਪੀੜੀ ਵਾਤਾਵਰਣ ਪ੍ਰਤੀ ਸੁਚੇਤ ਹੈ ਤੇ ਵਾਤਾਵਰਣ ਦੀ ਸ਼ੁੱਧਤਾ ਲਈ ਕੰਮ ਕਰਨ ਲਈ ਅੱਗੇ ਆ ਰਹੀ ਹੈ।

# ਵਧੀਕ ਡਿਪਟੀ ਕਮਿਸ਼ਨਰ ਵੱਲੋਂ ਨੋਡਲ ਅਧਿਕਾਰੀਆਂ ਨਾਲ ਮੀਟਿੰਗ ਚੋਣ ਪ੍ਰਕਿਰਿਆ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਦੀ ਤਾਕੀਦ

**ਹੁਸ਼ਿਆਰਪੁਰ, 23 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ ਚੱਬੇਵਾਲ ਦੀ 13 ਨਵੰਬਰ ਨੂੰ ਹੋਣ ਜਾ ਰਹੀ ਜ਼ਿਮਨੀ ਚੋਣ ਸਬੰਧੀ ਅੱਜ ਵਧੀਕ ਡਿਪਟੀ ਕਮਿਸ਼ਨਰ (ਜ)-ਕਮ-ਰਿਟਰਨਿੰਗ ਅਫ਼ਸਰ ਰਾਹੁਲ ਚਾਬਾ ਨੇ ਚੋਣ ਪ੍ਰਕਿਰਿਆ ਲਈ ਤਾਇਨਾਤ ਵੱਖ-ਵੱਖ ਵਿਭਾਗਾਂ ਦੇ ਨੋਡਲ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਤਾਕੀਦ ਕੀਤੀ ਕਿ ਸਮੁੱਚੀ ਚੋਣ ਪ੍ਰਕਿਰਿਆ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ ਜਾਵੇ।

ਵਧੀਕ ਡਿਪਟੀ ਕਮਿਸ਼ਨਰ ਰਾਹੁਲ ਚਾਬਾ ਨੇ ਨੋਡਲ ਅਧਿਕਾਰੀਆਂ ਨੂੰ ਚੋਣਾਂ ਨਾਲ ਸਬੰਧਤ ਤਿਆਰੀਆਂ ਅਤੇ ਪ੍ਰਬੰਧ ਸਮੇਂ ਸਿਰ ਮੁਕੰਮਲ ਕਰਨੇ ਯਕੀਨੀ ਬਣਾਏ ਜਾਣ ਤਾਂ ਜੋ ਸਾਰੀ ਚੋਣ ਪ੍ਰਕਿਰਿਆ ਨੂੰ ਤਰਤੀਬਬੱਧ ਢੰਗ ਨਾਲ ਅੰਤਿਮ ਰੂਪ ਦਿੱਤਾ ਜਾ ਸਕੇ। ਉਨ੍ਹਾਂ ਕਿਹਾ ਕਿ ਨੋਡਲ ਅਧਿਕਾਰੀ ਉਨ੍ਹਾਂ ਨੂੰ ਦਿੱਤੀਆਂ ਗਈਆਂ ਡਿਊਟੀਆਂ ਨੂੰ ਪੂਰੀ ਤਨਦੇਹੀ ਅਤੇ ਸਮਰਪਣ ਭਾਵਨਾ ਨਾਲ ਨਿਭਾਉਣ। ਉਨ੍ਹਾਂ ਕਿਹਾ ਕਿ ਚੋਣ ਜ਼ਾਬਤੇ ਦੀ ਪਾਲਣਾ ਨੂੰ ਹਰ ਹਾਲ ਯਕੀਨੀ ਬਣਾਇਆ ਜਾਵੇ ਤਾਂ ਜੋ ਨਿਰਪੱਖ, ਪਾਰਦਰਸ਼ੀ ਅਤੇ ਆਜ਼ਾਦਾਨਾ ਢੰਗ ਨਾਲ ਚੋਣ ਕਰਵਾਈ ਜਾ ਸਕੇ।

ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਚੋਣ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਮੁਕੰਮਲ ਕਰਨ ਲਈ ਨੋਡਲ ਅਧਿਕਾਰੀਆਂ ਦੀ ਦੇਖ-ਰੇਖ ਵਿਚ ਵੱਖ-ਵੱਖ ਟੀਮਾਂ ਦਾ ਗਠਨ ਕੀਤਾ ਗਿਆ ਹੈ। ਇਨ੍ਹਾਂ ਕਮੇਟੀਆਂ ਅਤੇ ਟੀਮਾਂ ਵਿਚ ਮੈਨਪਾਵਰ ਮੈਨੇਜਮੈਂਟ, ਈ.ਵੀ.ਐਮ/ਵੀ.ਵੀ.ਪੈਟ ਮੈਨੇਜਮੈਂਟ, ਟਰਾਂਸਪੋਰਟ ਮੈਨੇਜਮੈਂਟ, ਟਰੇਨਿੰਗ ਮੈਨੇਜਮੈਂਟ, ਮੈਟੀਰੀਅਲ ਮੈਨੇਜਮੈਂਟ, ਐਮ.ਸੀ.ਸੀ, ਖਰਚਾ ਕੰਟਰੋਲਰ, ਅਮਨ ਤੇ ਕਾਨੂੰਨ ਅਤੇ ਜ਼ਿਲ੍ਹਾ ਸੁਰੱਖਿਆ ਪਲਾਨ, ਬੈਲਟ ਪੇਪਰਾਂ ਦੀ ਛਪਾਈ, ਮੀਡੀਆ ਕਮਿਊਨੀਕੇਸ਼ਨ, ਕੰਪਿਊਟਰਰਾਈਜੇਸ਼ਨ, ਸਵੀਪ, ਹੈਲਪਲਾਈਨ ਅਤੇ ਸ਼ਿਕਾਇਤ ਨਿਵਾਰਨ ਅਤੇ ਕੰਟਰੋਲ ਰੂਮ, ਐਸ.ਐਮ.ਐਸ ਮੋਨੀਟਰਿੰਗ, ਵੈਬ ਕਾਸਟਿੰਗ, ਆਈ.ਸੀ.ਟੀ ਐਪਲੀਕੇਸ਼ਨਜ, ਵੋਟਰ ਹੈਲਪਲਾਈਨ, ਐਕਸਾਈਜ, ਰੋਜਾਨਾ ਰਿਪੋਰਟਿੰਗ, ਚੋਣ ਡਿਊਟੀ 'ਤੇ ਲੱਗੇ ਸਟਾਫ ਲਈ ਬੈਲੇਟ ਪੇਪਰ ਜਾਰੀ ਕਰਨ, ਸਿੰਗਲ ਵਿੰਡੋ, ਮੰਜ਼ੂਰੀ ਸੈਲ, ਮਾਈਕਰੋ ਆਬਜ਼ਰਵਰ, ਡਿਸਪੈਚ ਸੈਂਟਰ, ਸਟਰਾਂਗ ਰੂਮ, ਕਾਊਂਟਿੰਗ ਸੈਂਟਰ, ਕੇਂਦਰੀ ਅਰਧ ਸੈਨਿਕ ਬਲਾਂ ਨਾਲ ਤਾਲਮੇਲ, ਪੋਲਿੰਗ ਵੈਲਫੇਅਰ, ਪੀ.ਡਬਲਯੂ.ਡੀ, ਈ.ਟੀ.ਪੀ.ਬੀ.ਐਸ, ਜ਼ਿਲ੍ਹਾ ਚੋਣ ਮੈਨੇਜਮੈਂਟ ਪਲਾਨ, ਵੀਡੀਓ ਕਾਨਫਰੰਸ, ਟੈਲੀਕਾਮ, ਇੰਟਰਨੈਟ, ਇਲੈਕਟੋਰਲ ਰੋਲ, ਸੀ-ਵਿਜਲ, ਇਨਕਮ ਟੈਕਸ, ਡਰੱਗ ਕੰਟਰੋਲਰ ਅਤੇ ਅਬਜ਼ਰਵਰਾਂ ਆਦਿ ਸ਼ਾਮਿਲ ਹਨ।

ਜ਼ਿਕਰਯੋਗ ਹੈ ਕਿ ਚੋਣ ਕਮਿਸ਼ਨ ਵਲੋਂ ਜਾਰੀ ਅਨੁਸਾਰ ਵੋਟਾਂ 13 ਨਵੰਬਰ 2024 ਨੂੰ ਪੈਣਗੀਆਂ ਅਤੇ 23 ਨਵੰਬਰ 2024 ਨੂੰ ਵੋਟਾਂ ਦੀ ਗਿਣਤੀ ਹੋਵੇਗੀ। ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਆਖਰੀ ਮਿਤੀ 25 ਅਕਤੂਬਰ ਹੈ। ਨਾਮਜ਼ਦਗੀ ਪੱਤਰਾਂ ਦੀ ਪੜਤਾਲ 28 ਅਕਤੂਬਰ ਨੂੰ ਹੋਵੇਗੀ ਅਤੇ ਨਾਮਜ਼ਦਗੀ ਵਾਪਸ ਲੈਣ ਦੀ ਮਿਤੀ 30 ਅਕਤੂਬਰ 2024 ਹੈ।



# ਚੰਗੀ ਲਗਦੀ ਹੈ ਸੁੰਦਰ ਲਿਖਾਈ

ਪਿਆਰੇ ਬੱਚਿਓ! ਜਦੋਂ ਕੋਈ ਅਧਿਆਪਕ ਕਿਸੇ ਵਿਦਿਆਰਥੀ ਦੀ ਸੁੰਦਰ ਲਿਖਾਈ ਨੂੰ ਵੇਖਦਾ ਹੈ ਤਾਂ ਪਹਿਲੀ ਨਜ਼ਰੇ ਉਸ ਵਿਦਿਆਰਥੀ ਪ੍ਰਤੀ ਉਸ ਦੇ ਮਨ 'ਚ ਚੰਗਾ ਪ੍ਰਭਾਵ ਪੈਂਦਾ ਹੁੰਦਾ ਹੈ। ਕਈ ਵਾਰ ਇੰਜ ਹੁੰਦਾ ਹੈ ਕਿ ਕਿਸੇ ਵਿਦਿਆਰਥੀ ਨੇ ਪ੍ਰੀਖਿਆ ਸਮੇਂ ਉੱਤਰ ਤਾਂ ਠੀਕ ਲਿਖਿਆ ਹੁੰਦਾ ਹੈ ਪਰ ਉਸ ਦੀ ਲਿਖਾਈ ਸਾਫ਼ ਨਹੀ ਹੁੰਦੀ। ਅਜਿਹੀ ਹਾਲਤ ਵਿਚ ਅਧਿਆਪਕ ਉਸ ਦੇ ਕੁਝ ਅੰਕ ਕੱਟ ਲੈਂਦਾ ਹੈ। ਜੇ ਉੱਤਰ ਦੇ ਨਾਲ-ਨਾਲ ਲਿਖਾਈ ਵੀ ਸਾਫ਼ ਹੁੰਦੀ ਤਾਂ ਇਹ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋਣੀ ਸੀ। ਮਾੜੀ ਲਿਖਾਈ ਨੂੰ ਪੜ੍ਹਨਾ ਤੇ ਸਮਝਣਾ ਵੀ ਔਖਾ ਹੁੰਦਾ ਹੈ।

### ਮਾੜੀ ਲਿਖਾਈ, ਅਧੂਰੀ ਸਿੱਖਿਆ ਦੀ ਨਿਸ਼ਾਨੀ

*ਰਾਸ਼ਟਰ ਪਿਤਾ ਮਹਾਤਮਾ ਗਾਂਧੀ ਨੇ ਆਪਣੀ ਆਤਮਕਥਾ ਵਿਚ ਲਿਖਿਆ ਹੈ ਕਿ ਉਨ੍ਹਾਂ ਨੇ ਬਚਪਨ ਵਿਚ ਸੁੰਦਰ ਲਿਖਾਈ ਦੇ ਮਹੱਤਵ ਨੂੰ ਨਹੀ ਸਮਝਿਆ। ਉਹ ਜਦੋਂ ਵੀ ਦੂਜਿਆਂ ਦੀ ਮੋਤੀਆਂ ਵਰਗੀ ਸੁੰਦਰ ਲਿਖਾਈ ਨੂੰ ਵੇਖਦੇ ਤਾਂ ਉਨ੍ਹਾਂ ਨੂੰ ਆਪਣੀ ਲਿਖਾਈ ਸਾਫ਼ ਨਾ ਹੋਣ ਦਾ ਬੜਾ ਦੁੱਖ ਹੁੰਦਾ। ਉਹ ਮਾੜੀ ਲਿਖਾਈ ਨੂੰ ਅਧੂਰੀ ਸਿੱਖਿਆ ਦੀ ਨਿਸ਼ਾਨੀ ਮੰਨਦੇ ਸਨ। ਪਿਆਰੇ ਬੱਚਿਓ! ਇਹ ਗੱਲ ਠੀਕ ਹੈ ਕਿ ਲਿਖਾਈ ਬਚਪਨ ਦੇ ਪਹਿਲੇ ਸਾਲਾਂ ਵਿਚ ਸੁਧਾਰੀ ਜਾ ਸਕਦੀ ਹੈ ਪਰ ਜੇ ਤੁਸੀ ਪਹਿਲੀਆਂ ਜਮਾਤਾਂ ਵਿਚ ਆਪਣੀ ਲਿਖਾਈ ਨਹੀ ਸੁਧਾਰ ਸਕੇ ਤਾਂ ਹੁਣ ਦ੍ਰਿੜ੍ਹ ਇੱਛਾ ਸ਼ਕਤੀ ਤੇ ਲਗਾਤਾਰ ਅਭਿਆਸ ਨਾਲ ਆਪਣੀ ਲਿਖਾਈ ਸੁਧਾਰ ਸਕਦੇ ਹੋ। ਇੰਝ ਕਰਨਾ ਸੰਭਵ ਹੈ। ਕੋਸ਼ਿਸ਼ ਕੀਤਿਆਂ ਕੀ ਨਹੀ ਹੁੰਦਾ। ਇਸ ਲਈ ਲਗਾਤਾਰ ਕੋਸ਼ਿਸ਼ ਕਰਦੇ ਰਹੋ।*

## ਨਹਿਰੂ ਚਾਚਾ



ਸਾਡੇ ਪਿਆਰੇ ਨਹਿਰੂ ਚਾਚਾ,
ਅੱਖ ਦੇ ਤਾਰੇ ਨਹਿਰੂ ਚਾਚਾ,
ਕੀਤਾ ਉੱਚਾ ਉਨ੍ਹਾਂ ਝੰਡਾ,
ਸਭ ਨੂੰ ਕਹਿ ਗਏ ਬਣਜੋ ਚੰਗਾ।
ਦੇਸ਼ ਮੇਰੇ ਦਾ ਮਾਣ ਬਣੇ ਉਹ,
ਸਭਨਾਂ ਦੀ ਫਿਰ ਆਨ ਬਣੇ ਉਹ।
ਉਨ੍ਹਾਂ ਨੂੰ ਪਿਆਰੇ ਲੱਗਦੇ ਬੱਚੇ,
ਦਿਲ ਉਨ੍ਹਾਂ ਦਾ ਠੱਗਦੇ ਬੱਚੇ।
ਅੰਦਰ ਜੇਬ ਗੁਲਾਬ ਸਜਾਵਣ,
ਸਭ ਦੇ ਹੀ ਮਨ ਨੂੰ ਭਾਵਣ,
ਬਣ ਪਰਛਾਵਾਂ ਕੋਲ ਮੇਰੇ ਨੇ,
ਸੁਣਦੇ ਜਿੰਦਾਂ ਬੋਲ ਮੇਰੇ ਨੇ।
ਉਨ੍ਹਾਂ ਅੱਗੇ ਸੀਸ ਝੁਕਾਵਾਂ,
ਉਨ੍ਹਾਂ ਜਿਹਾ ਬਣਨਾ ਚਾਹਾਂ।

• **ਹਰਦੀਪ ਵਿਰਦੀ**
9041600900

## ਰੋਚਕ ਜਾਣਕਾਰੀ

- ਫਰਾਂਸ ਇਕ ਅਜਿਹਾ ਦੇਸ਼ ਹੈ, ਜਿੱਥੇ ਮੱਛਰ ਨਹੀ ਹੈ।
- ਘੋਂਘਾ ਤਿੰਨ ਸਾਲ ਤਕ ਸੌਂ ਸਕਦਾ ਹੈ।
- ਘਰੇਲੂ ਮੱਖੀ ਤੋਂ 30 ਬਿਮਾਰੀਆਂ ਹੋ ਸਕਦੀਆਂ ਹਨ।
- ਦੁਨੀਆ 'ਚ ਕੁੱਲ 5000 ਭਾਸ਼ਾਵਾਂ ਤੇ ਬੋਲੀਆਂ ਬੋਲੀਆਂ ਜਾਂਦੀਆਂ ਹਨ।
- ਇਕ ਸਾਲ 'ਚ ਮਨੁੱਖ ਸਿਰਫ਼ ਪੰਜ ਹਜ਼ਾਰ 479 ਵਾਰ ਹੱਸਦਾ ਹੈ।
- ਇਕ ਔਸਤ ਵਿਅਕਤੀ ਦਾ ਭਾਰ ਇਕ ਲੱਖ 44 ਹਜ਼ਾਰ ਡਾਕ ਟਿਕਟਾਂ ਦੇ ਭਾਰ ਬਰਾਬਰ ਹੁੰਦਾ ਹੈ।
- 'ਸਿੰਗ ਨਾਈਟ ਢੂੰ' (ਚੀਨ) ਸ਼ਹਿਰ 'ਚ ਪੰਜ ਸੂਰਜ ਦਿਖਦੇ ਹਨ।
- ਨਾਰਵੇ ਦੇਸ਼ 'ਚ ਸੂਰਜ ਅੱਧੀ ਰਾਤ 'ਚ ਚਮਕਦਾ ਹੈ।
- ਹਾਥੀ ਦੇ ਬੱਚੇ ਦਾ ਭਾਰ 100 ਤੋਂ 120 ਕਿੱਲੋਗ੍ਰਾਮ ਹੁੰਦਾ ਹੈ।
- ਨੀਲੀ ਵੇਲ੍ਹ ਦੀ ਸੀਟੀ ਦੀ ਆਵਾਜ਼ ਸਾਰੇ ਜਾਨਵਰਾਂ 'ਚ ਸਾਰਿਆਂ ਤੋਂ ਤੇਜ਼ ਹੁੰਦੀ ਹੈ।



# ਆਜ਼ਾਦੀ ਦੀ ਭਾਵਨਾ 'ਚੋਂ ਜਨਮਿਆ ਬਾਲ ਦਿਵਸ

**ਪੰਡਿਤ ਜਵਾਹਰਲਾਲ ਨਹਿਰੂ ਦਾ ਜਨਮ 14 ਨਵੰਬਰ 1889 ਨੂੰ ਇਲਾਹਾਬਾਦ ਵਿਖੇ ਹੋਇਆ। ਉਨ੍ਹਾਂ ਦੇ ਜਨਮ ਦਿਨ ਨੂੰ 'ਬਾਲ ਦਿਵਸ' ਦੇ ਰੂਪ 'ਚ ਮਨਾਇਆ ਜਾਂਦਾ ਹੈ। ਨਹਿਰੂ ਜੀ ਦਾ ਬੱਚਿਆਂ ਨਾਲ ਬਹੁਤ ਪਿਆਰ ਸੀ ਤੇ ਉਹ ਉਨ੍ਹਾਂ ਨੂੰ ਦੇਸ਼ ਦਾ ਭਵਿੱਖ ਮੰਨਦੇ ਸਨ। ਇਹੀ ਕਾਰਨ ਹੈ ਕਿ ਉਨ੍ਹਾਂ ਦੇ ਜਨਮ ਦਿਨ ਨੂੰ ਬਾਲ ਦਿਵਸ ਦੇ ਰੂਪ 'ਚ ਮਨਾਇਆ ਜਾਂਦਾ ਹੈ....**

ਨਾਗਰਿਕਤਾ ਦੇਸ਼ ਦੀ ਸੇਵਾ 'ਚ ਹੁੰਦੀ ਹੈ।

ਸੰਸਕ੍ਰਿਤੀ ਮਨ ਤੇ ਆਤਮਾ ਦਾ ਵਿਸਥਾਰ ਹੈ।

ਮੁਸ਼ਕਲ 'ਚ ਹਰ ਛੋਟੀ ਜਿਹੀ ਗੱਲ ਦਾ ਮਹੱਤਵ ਹੁੰਦਾ ਹੈ।

ਲੋਕਤੰਤਰ ਵਧੀਆ ਹੈ, ਮੈਂ ਅਜਿਹਾ ਇਸ ਲਈ ਕਹਿੰਦਾ ਹਾਂ ਕਿਉਂਕਿ ਹੋਰ ਪ੍ਰਣਾਲੀਆਂ ਇਸ ਤੋਂ ਬਿਹਤਰ ਹਨ।

14 ਨਵੰਬਰ ਨੂੰ 'ਨਹਿਰੂ ਜੈਅੰਤੀ' ਕਹੀਏ ਜਾਂ 'ਬਾਲ ਦਿਵਸ' ਇਹ ਦਿਨ ਬੱਚਿਆਂ ਨੂੰ ਸਮਰਪਿਤ ਹੈ। ਇਸ ਦਿਨ ਬੱਚਿਆਂ ਵਾਸਤੇ ਮਨੋਰੰਜਨ ਤੇ ਖੇਡਾਂ ਨਾਲ ਜੁੜੇ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਹਨ। ਬਾਲ ਦਿਵਸ ਬੱਚਿਆਂ ਨੂੰ ਸਮਰਪਿਤ ਭਾਰਤ ਦਾ ਰਾਸ਼ਟਰੀ ਤਿਉਹਾਰ ਹੈ। ਦੇਸ਼ ਦੀ ਆਜ਼ਾਦੀ 'ਚ ਪੰਡਿਤ ਜਵਾਹਰ ਲਾਲ ਨਹਿਰੂ ਦਾ ਵੱਡਾ ਯੋਗਦਾਨ ਸੀ। ਪ੍ਰਧਾਨ ਮੰਤਰੀ ਦੇ ਰੂਪ 'ਚ ਉਨ੍ਹਾਂ ਨੇ ਦੇਸ਼ ਦਾ ਮਾਰਗ ਦਰਸ਼ਨ ਕੀਤਾ।

ਬਾਲ-ਦਿਵਸ ਦੀ ਨੀਂਹ 1925 ਨੂੰ ਰੱਖੀ ਗਈ, ਪਰ ਇਸ ਨੂੰ 1954 'ਚ ਰਸਮੀ ਤੌਰ 'ਤੇ ਮਨਾਇਆ ਜਾਣਾ ਸ਼ੁਰੂ ਕੀਤਾ ਗਿਆ। ਬੱਚੇ ਦੇਸ਼ ਦਾ ਭਵਿੱਖ ਹਨ। ਇਸ ਲਈ ਬੱਚਿਆਂ ਦੀ ਸਿੱਖਿਆ ਵੱਲ ਧਿਆਨ ਦੇਣਾ ਸਾਡਾ ਸਾਰਿਆਂ ਦਾ ਫ਼ਰਜ਼ ਹੈ।

ਇਹ ਦਿਨ ਆਜ਼ਾਦ ਭਾਰਤ ਦੇ ਪਹਿਲੇ ਪ੍ਰਧਾਨ-ਮੰਤਰੀ ਪੰਡਿਤ ਜਵਾਹਰਲਾਲ ਨਹਿਰੂ ਦੇ ਜਨਮ ਦਿਨ 'ਤੇ ਮਨਾਇਆ ਜਾਂਦਾ ਹੈ। ਪੰਡਿਤ ਨਹਿਰੂ ਦਾ ਬੱਚਿਆਂ ਨਾਲ ਗਹਿਰਾ ਪਿਆਰ ਹੋਣ ਕਾਰਨ ਉਨ੍ਹਾਂ ਦੇ ਜਨਮ ਦਿਨ ਨੂੰ 'ਬਾਲ ਦਿਵਸ' ਵਜੋਂ ਚੁਣਿਆ ਗਿਆ। ਬੱਚੇ ਉਨ੍ਹਾਂ ਨੂੰ 'ਚਾਚਾ ਨਹਿਰੂ' ਕਹਿ ਕੇ ਬੁਲਾਉਂਦੇ ਸਨ। ਸੰਨ 1925 ਵਿਚ ਬੱਚਿਆਂ ਦੇ ਕਲਿਆਣ ਲਈ 'ਵਿਸ਼ਵ ਕਾਨਫਰੰਸ' 'ਚ ਬਾਲ ਦਿਵਸ ਮਨਾਉਣ ਦਾ ਐਲਾਨ ਕੀਤਾ ਗਿਆ ਸੀ। 1954 ਵਿਚ ਰਸਮੀ ਤੌਰ 'ਤੇ ਇਸ ਦਿਨ ਨੂੰ ਮਨਾਇਆ ਜਾਣਾ ਸ਼ੁਰੂ ਹੋਇਆ। ਸੰਯੁਕਤ ਰਾਸ਼ਟਰ ਨੇ ਇਹ ਦਿਨ 20 ਨਵੰਬਰ ਲਈ ਤੈਅ ਕੀਤਾ ਪਰ ਵੱਖ-ਵੱਖ ਦੇਸ਼ਾਂ 'ਚ ਇਹ ਹੋਰ ਦਿਨ ਮਨਾਇਆ ਜਾਂਦਾ ਹੈ। ਕੁਝ ਦੇਸ਼ਾਂ 'ਚ 20 ਨਵੰਬਰ ਨੂੰ ਵੀ ਬਾਲ-ਦਿਵਸ ਮਨਾਇਆ ਜਾਂਦਾ ਹੈ। ਇਹ ਦਿਨ ਇਸ ਦਿਨ ਦੀ ਯਾਦ ਦਿਵਾਉਂਦਾ ਹੈ ਕਿ ਹਰ ਬੱਚਾ ਖ਼ਾਸ ਹੈ ਤੇ ਬੱਚਿਆਂ ਦੇ ਬਿਹਤਰ ਭਵਿੱਖ ਲਈ ਉਨ੍ਹਾਂ ਦੀਆਂ ਮੂਲ ਜ਼ਰੂਰਤਾਂ ਅਤੇ ਪੜ੍ਹਾਈ-ਲਿਖਾਈ ਦੀਆਂ ਜ਼ਰੂਰਤਾਂ ਦਾ ਪੂਰਾ ਕੀਤਾ ਜਾਣਾ ਬੇਹੱਦ ਜ਼ਰੂਰੀ ਹੈ।

### ਸੰਵਿਧਾਨ 'ਚ ਬਾਲ-ਅਧਿਕਾਰ

ਭਾਰਤ ਦਾ ਸੰਵਿਧਾਨ, ਸੰਯੁਕਤ ਰਾਸ਼ਟਰ ਦੀਆਂ ਯੋਜਨਾਵਾਂ ਅਨੁਸਾਰ ਬੱਚਿਆਂ ਦੀ ਰੱਖਿਆ ਤੇ ਅਧਿਕਾਰਾਂ ਲਈ ਕਈ ਸੁਵਿਧਾਵਾਂ ਦਿੰਦਾ ਹੈ। ਭਾਰਤੀ ਸੰਵਿਧਾਨ ਦੇਸ਼ ਦੇ ਬੱਚਿਆਂ ਦੇ ਕਲਿਆਣ ਤੇ ਉਨ੍ਹਾਂ ਦੀ ਸਿੱਖਿਆ, ਬਾਲ ਸ਼ੋਸ਼ਣ ਤੋਂ ਮੁਕਤੀ ਦਾ ਵੀ ਅਧਿਕਾਰ ਦਿੰਦਾ ਹੈ।

- ਅਨੁਛੇਦ- 15(3)- ਬੱਚਿਆਂ ਤੇ ਔਰਤਾਂ ਦੇ ਸ਼ਕਤੀਕਰਨ ਦਾ ਅਧਿਕਾਰ ਦਿੰਦਾ ਹੈ।
- ਅਨੁਛੇਦ 21 ਏ- 6 ਤੋਂ 14 ਸਾਲ ਤਕ ਦੇ ਬੱਚਿਆਂ ਲਈ ਜ਼ਰੂਰੀ ਤੇ ਮੁਫ਼ਤ ਸਿੱਖਿਆ ਦੇਣ ਦੇ ਪ੍ਰਬੰਧ ਦੀ ਵਚਨਬੱਧਤਾ ਹੈ।
- ਅਨੁਛੇਦ 24- ਬਾਲ ਮਜ਼ਦੂਰੀ ਨੂੰ ਗ਼ੈਰ-ਕਾਨੂੰਨੀ ਕਰਾਰ ਦਿੰਦਾ ਹੈ।
- ਅਨੁਛੇਦ 39(ਈ)- ਬੱਚਿਆਂ ਦੀ ਸਿਹਤ ਤੇ ਰੱਖਿਆ ਦਾ ਅਧਿਕਾਰ ਦਿੰਦਾ ਹੈ।
- ਅਨੁਛੇਦ 39(ਐੱਫ) - ਬੱਚਿਆਂ ਦੇ ਵਿਕਾਸ ਲਈ ਜ਼ਰੂਰੀ ਸੇਵਾਵਾਂ ਮੁਹੱਈਆ ਕਰਵਾਉਣਾ ਦੀ ਰਾਜ ਦੀ ਨੈਤਿਕ ਜ਼ਿੰਮੇਵਾਰੀ ਦੀ ਜ਼ਾਮਨੀ ਦਿੰਦਾ ਹੈ।





### ਕਿਤਾਬਾਂ ਨਾਲ ਪਿਆਰ

*ਪੰਡਿਤ ਨਹਿਰੂ ਨੂੰ ਕਿਤਾਬਾਂ ਪੜ੍ਹਨ ਦਾ ਬਹੁਤ ਸ਼ੌਕ ਸੀ। ਜੇ ਕਿਸੇ ਨੇ ਕਿਤਾਬ ਨੂੰ ਲਾਪਰਵਾਹੀ ਨਾਲ ਰੱਖਿਆ ਹੋਵੇ ਜਾਂ ਉਸ ਨੂੰ ਪਾੜਿਆ ਹੋਵੇ ਤਾਂ ਬਹੁਤ ਨਾਰਾਜ਼ ਹੁੰਦੇ ਸੀ। ਇਕ ਵਾਰ ਨਹਿਰੂ ਜੀ ਆਪਣੇ ਮਿੱਤਰ ਦੇ ਘਰ ਰੁਕੇ। ਕਿਸੇ ਕੰਮ ਦੇ ਸਿਲਸਿਲੇ 'ਚ ਉਨ੍ਹਾਂ ਦਾ ਦੋਸਤ ਘਰ ਤੋਂ ਬਾਹਰ ਗਿਆ ਹੋਇਆ ਸੀ। ਸਮਾਂ ਬਿਤਾਉਣ ਲਈ ਉਨ੍ਹਾਂ ਨੇ ਕਿਤਾਬਾਂ ਦੀ ਅਲਮਾਰੀ ਖੋਲ੍ਹੀ। ਅਲਮਾਰੀ 'ਚ ਕਿਤਾਬਾਂ ਦੀ ਸਥਿਤੀ ਦੇਖ ਕੇ ਉਹ ਬਹੁਤ ਦੁਖੀ ਹੋਏ ਤੇ ਗੁੱਸਾ ਵੀ ਆਇਆ। ਅਲਮਾਰੀ 'ਚ ਕਿਤਾਬਾਂ ਬਹੁਤ ਬੇਤਰਤੀਬੀਆਂ ਰੱਖੀਆਂ ਹੋਈਆਂ ਸਨ। ਕਈ ਕਿਤਾਬਾਂ 'ਤੇ ਮਿੱਟੀ ਜੰਮੀ ਹੋਈ ਸੀ। ਉਨ੍ਹਾਂ ਨੇ ਅਲਮਾਰੀ 'ਚੋਂ ਸਾਰੀਆਂ ਕਿਤਾਬਾਂ ਬਾਹਰ ਕੱਢੀਆਂ ਤੇ ਸਾਫ਼ ਕਰ ਕੇ ਵਾਪਸ ਸਹੀ ਤਰਤੀਬ 'ਚ ਰੱਖ ਦਿੱਤੀਆਂ। ਜਦੋਂ ਉਨ੍ਹਾਂ ਦਾ ਦੋਸਤ ਵਾਪਸ ਆਇਆ ਤਾਂ ਜਵਾਹਰ ਲਾਲ ਨੇ ਉਸ ਨੂੰ ਬਹੁਤ ਡਾਂਟਿਆ। ਉਨ੍ਹਾਂ ਕਿਹਾ, 'ਇਹ ਕਿਤਾਬਾਂ ਸਾਨੂੰ ਗਿਆਨ ਦਿੰਦੀਆਂ ਹਨ ਤੇ ਇਨ੍ਹਾਂ 'ਚ ਹੀ ਲੇਖਕ ਦੀ ਆਤਮਾ ਵਸੀ ਹੁੰਦੀ ਹੈ। ਇਹ ਸਾਡਾ ਮਾਰਗ-ਦਰਸ਼ਨ ਕਰਦੀਆਂ ਹਨ। ਪੁਸਤਕ ਦਾ ਅਪਮਾਨ, ਲੇਖਕ ਦਾ ਅਪਮਾਨ ਹੁੰਦਾ ਹੈ।' ਜਵਾਹਰ ਲਾਲ ਦੀ ਗੱਲ ਸੁਣ ਕੇ ਉਨ੍ਹਾਂ ਦੇ ਦੋਸਤ ਨੇ ਮਾਫ਼ੀ ਮੰਗੀ ਤੇ ਕਿਤਾਬਾਂ ਦੀ ਕਦਰ ਕਰਨ ਦਾ ਵਾਅਦਾ ਕੀਤਾ।*

### ਆਜ਼ਾਦੀ ਦੇ ਸੰਘਰਸ਼ 'ਚ ਯੋਗਦਾਨ

ਜਦੋਂ ਪੰਡਿਤ ਜਵਾਹਰਲਾਲ ਨਹਿਰੂ ਬੱਚੇ ਸਨ ਤਾਂ ਉਨ੍ਹਾਂ ਦੇ ਪਿਤਾ ਮੋਤੀ ਲਾਲ ਨਹਿਰੂ ਅੰਗਰੇਜ਼ਾਂ ਤੋਂ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਸੰਘਰਸ਼ ਕਰ ਰਹੇ ਸਨ। ਮੋਤੀ ਲਾਲ ਨਹਿਰੂ ਦੇ ਘਰ ਆਜ਼ਾਦੀ ਸੰਗਰਾਮੀਆਂ ਦੀਆਂ ਮੀਟਿੰਗਾਂ ਹੁੰਦੀਆਂ ਸਨ। ਆਜ਼ਾਦੀ ਸੰਗਰਾਮੀਆਂ ਦੀ ਸੰਗਤ ਤੋਂ ਪ੍ਰਭਾਵਿਤ ਹੋ ਕੇ ਪੰਡਿਤ ਜਵਾਹਰਲਾਲ ਨਹਿਰੂ ਵੀ ਦੇਸ਼ ਦੀ ਆਜ਼ਾਦੀ ਦੇ ਸੁਪਨੇ ਵੇਖਣ ਲੱਗੇ। ਇਕ ਵਾਰ ਬਾਲਕ ਨਹਿਰੂ ਨੇ ਆਪਣੇ ਪਿਤਾ ਮੋਤੀ ਲਾਲ ਦੇ ਪਾਲੇ ਹੋਏ ਇਕ ਤੋਤੇ ਦਾ ਪਿੰਜਰਾ ਖੋਲ੍ਹ ਕੇ ਉਸ ਨੂੰ ਉਡਾ ਦਿੱਤਾ। ਮੋਤੀ ਲਾਲ ਜਦੋਂ ਘਰ ਆਏ ਤੇ ਪਿੰਜਰਾ ਖ਼ਾਲੀ ਵੇਖਿਆ ਤਾਂ ਬਹੁਤ ਗੁੱਸੇ ਹੋਏ। ਉਨ੍ਹਾਂ ਨੇ ਨੌਕਰਾਂ ਨੂੰ ਪੁੱਛਿਆ ਕਿ ਤੋਤਾ ਕਿਵੇਂ ਉੱਡਿਆ ਹੈ? ਨੌਕਰਾਂ ਨੇ ਦੱਸਿਆ ਕਿ ਜਵਾਹਰ ਨੇ ਤੋਤੇ ਦਾ ਪਿੰਜਰਾ ਖੋਲ੍ਹ ਕੇ ਉਸ ਨੂੰ ਉਡਾ ਦਿੱਤਾ ਹੈ। ਮੋਤੀ ਲਾਲ ਨਹਿਰੂ ਨੇ ਬੇਟੇ ਜਵਾਹਰ ਨੂੰ ਬੁਲਾ ਕੇ ਪੁੱਛਿਆ, 'ਤੁਸੀ ਤੋਤਾ ਕਿਉਂ ਉਡਾ ਦਿੱਤਾ?'

ਬਾਲਕ ਨਹਿਰੂ ਨੇ ਨਿਮਰਤਾ ਨਾਲ ਜਵਾਬ ਦਿੱਤਾ, 'ਪਿਤਾਜੀ ਪੂਰਾ ਦੇਸ਼ ਗ਼ੁਲਾਮੀ ਦੀਆਂ ਜੰਜ਼ੀਰਾਂ ਤੋਂ ਆਜ਼ਾਦੀ ਚਾਹੁੰਦਾ ਹੈ। ਆਜ਼ਾਦੀ ਹਰ ਪ੍ਰਾਣੀ ਦਾ ਅਧਿਕਾਰ ਹੈ। ਪਿੰਜਰੇ 'ਚ ਬੰਦ ਤੋਤਾ ਵੀ ਆਜ਼ਾਦੀ ਦੀ ਉਮੀਦ ਰੱਖਦਾ ਹੋਵੇਗਾ, ਉਸ ਨੂੰ ਖੁੱਲ੍ਹੇ ਆਕਾਸ਼ 'ਚ ਉੱਡਣਾ ਚਾਹੀਦਾ ਹੈ, ਇਸ ਲਈ ਮੈਂ ਉਸ ਨੂੰ ਆਜ਼ਾਦ ਕਰ ਦਿੱਤਾ।' ਨਹਿਰੂ ਜੀ ਦਾ ਜਵਾਬ ਸੁਣ ਕੇ ਮੋਤੀ ਲਾਲ ਜੀ ਨੂੰ ਬਹੁਤ ਖ਼ੁਸ਼ੀ ਹੋਈ ਕਿ ਜਵਾਹਰ ਨੂੰ ਹਰ ਕਿਸੇ ਦੀ ਆਜ਼ਾਦੀ ਦਾ ਖ਼ਿਆਲ ਹੈ। ਉਨ੍ਹਾਂ ਨੂੰ ਜਵਾਹਰ 'ਤੇ ਬਹੁਤ ਮਾਣ ਹੋਇਆ।

# ਕੁਦਰਤ ਦੀ ਕਾਰੀਗਰੀ ਸਨੋ-ਫਲੈਕਸ



ਬਰਫ਼ਬਾਰੀ ਜਾਂ ਸਨੋਫਾਲ ਤੋਂ ਬਾਅਦ ਤੁਹਾਨੂੰ ਬਰਫ਼ ਦੀ ਸਫ਼ੈਦ ਚਾਦਰ 'ਚ ਕੀਤੀ ਗਈ ਕੁਦਰਤ ਦੀ ਚਮਤਕਾਰੀ ਦੇਖਣ ਨੂੰ ਮਿਲਦੀ ਹੈ। ਇਹ ਹੈ ਸਨੋ-ਫਲੈਕਸ ਜਾਂ ਬਰਫ਼ ਦੀ ਪਰਤ। ਸਨੋ-ਫਲੈਕਸ ਦੀ ਸਭ ਤੋਂ ਵੱਡੀ ਗੱਲ ਇਹ ਹੈ ਕਿ ਇਨ੍ਹਾਂ ਦਾ ਆਕਾਰ ਇਕ ਦੂਜੇ ਨਾਲ ਮੇਲ ਨਹੀ ਖਾਂਦੀ।

### ਕਿਵੇਂ ਬਣਦੀ ਸਨੋ-ਫਲੈਕਸ?

ਸਨੋ-ਫਲੈਕਸ, ਛੋਟੇ-ਛੋਟੇ ਡਸਟ ਪਾਰਟੀਕਲਜ਼, ਪਾਣੀ ਦੀਆਂ ਬੂੰਦਾਂ ਦੇ ਸੰਪਰਕ ਵਿਚ ਆਉਣ ਨਾਲ ਬਣਦੇ ਹਨ। ਜਦੋਂ ਠੰਢੇ ਵਾਤਾਵਰਨ ਵਿਚ ਬਰਫ਼ ਜੰਮਦੀ ਹੈ ਤਾਂ ਇਸ ਵਿਚ ਛੋਟੇ-ਛੋਟੇ ਕ੍ਰਿਸਟਲ ਬਣ ਜਾਂਦੇ ਹਨ। ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਇਹ ਛੋਟੇ-ਛੋਟੇ ਡਸਟ ਕ੍ਰਿਸਟਲ ਕੁਦਰਤੀ ਤੌਰ 'ਤੇ ਸੰਤਰੀ ਹੋ ਕੇ ਛੇ ਤਰ੍ਹਾਂ ਦੇ ਆਕਾਰ ਧਾਰ ਲੈਂਦੇ ਹਨ।

### ਹਰ ਇਕ ਸਨੋ-ਫਲੈਕਸ ਹੈ ਵੱਖਰਾ

ਉਂਝ ਤਾਂ ਸਨੋਫਲੈਕਸ ਹੈਕਸਾਗੋਨਲ (ਛੇ ਕੋਣੇ) ਹੁੰਦੇ ਹਨ ਪਰ ਇਨ੍ਹਾਂ ਦੀ ਜਿਓਮੈਟਰੀ ਵੱਖ-ਵੱਖ ਤਰ੍ਹਾਂ ਦੀ ਹੁੰਦੀ ਹੈ। ਵਾਤਾਵਰਨ 'ਚ ਦਬਾਅ ਦੇ ਵਧਣ ਜਾਂ ਘਟਣ ਕਰਕੇ ਜਦੋਂ ਇਹ ਹੇਠਾਂ ਡਿਗਦੇ ਹਨ ਤਾਂ ਇਨ੍ਹਾਂ ਦਾ ਆਕਾਰ ਬਦਲ ਜਾਂਦਾ ਹੈ।

### ਕੇਕ ਉੱਪਰ ਸਨੋ-ਫਲੈਕਸ

*ਸਨੋ-ਫਲੈਕਸ ਨੂੰ ਪਾਰਟੀਆਂ ਦਾ ਹਿੱਸਾ ਵੀ ਬਣਾਇਆ ਜਾਂਦਾ ਹੈ। ਇਨ੍ਹਾਂ ਨੂੰ ਕੇਕ ਦੀ ਸਜਾਵਟ ਲਈ ਸਜਾਇਆ ਜਾਂਦਾ ਹੈ। ਅੱਜ-ਕੱਲ੍ਹ ਬਾਜ਼ਾਰ 'ਚ ਨਕਲੀ ਸਮਾਨ ਵੀ ਆਸਾਨੀ ਨਾਲ ਮਿਲ ਜਾਂਦਾ ਹੈ, ਜਿਸ ਦੀ ਮਦਦ ਨਾਲ ਖ਼ੂਬਸੂਰਤ ਸਨੋ-ਫਲੈਕਸ ਨੂੰ ਬਣਾਇਆ ਜਾ ਸਕਦਾ ਹੈ।*

# ਖਿਡੌਣੇ ਵੀ ਵੰਡਦੇ ਨੇ ਗਿਆਨ

**ਚੰਗੇ ਖਿਡੌਣੇ ਉਹ ਹਨ, ਜੋ ਖ਼ੁਸ਼ੀ ਦੇਣ ਦੇ ਨਾਲ-ਨਾਲ ਬੱਚਿਆਂ ਦਾ ਬੌਧਿਕ ਵਿਕਾਸ ਵੀ ਕਰਨ। ਇਸ ਨਜ਼ਰੀਏ ਨੂੰ ਧਿਆਨ 'ਚ ਰੱਖ ਕੇ ਹੀ ਖਿਡੌਣਿਆਂ ਦੀ ਚੋਣ ਕਰਨੀ ਚਾਹੀਦੀ ਹੈ...**

ਜ਼ਿੰਦਗੀ ਦੇ ਸ਼ੁਰੂਆਤੀ ਦੌਰ 'ਚ ਬੱਚਿਆਂ ਦੇ ਮਨ 'ਤੇ ਸਭ ਤੋਂ ਜ਼ਿਆਦਾ ਅਸਰ ਆਲੇ-ਦੁਆਲੇ ਦੀਆਂ ਚੀਜ਼ਾਂ ਪਾਉਂਦੀਆਂ ਹਨ। ਇਨ੍ਹਾਂ 'ਚ ਖਿਡੌਣੇ ਵੀ ਮੁੱਖ ਹੁੰਦੇ ਹਨ। ਅਕਸਰ ਮਾਤਾ-ਪਿਤਾ ਆਪਣੇ ਬੱਚਿਆਂ ਦੇ ਖਿਡੌਣਿਆਂ 'ਚ ਖ਼ਾਸ ਦਿਲਚਸਪੀ ਨਹੀ ਲੈਂਦੇ ਪਰ ਇਹ ਗੱਲ ਸਹੀ ਹੈ ਕਿ ਖਿਡੌਣੇ ਬੱਚਿਆਂ ਦੇ ਸਰੀਰਕ, ਮਾਨਸਿਕ ਤੇ ਭਾਵਨਾਤਮਕ ਵਿਕਾਸ 'ਚ ਖ਼ਾਸ ਯੋਗਦਾਨ ਪਾਉਂਦੇ ਹਨ।

ਸਿਹਤ ਮਾਹਿਰਾਂ ਦਾ ਮੰਨਣਾ ਹੈ ਕਿ ਇਲੈਕਟ੍ਰਾਨਿਕ ਖਿਡੌਣੇ ਬੱਚਿਆਂ ਦੀ ਕਲਪਨਾ ਸ਼ਕਤੀ ਤੇ ਰਚਨਾਤਮਿਕਤਾ ਨੂੰ ਰੋਕਦੇ ਹਨ। ਫਿਰ ਵੀ ਇਲੈਕਟ੍ਰਾਨਿਕ ਖਿਡੌਣਿਆਂ ਨੇ ਘਰਾਂ ਵਿਚ ਆਪਣੀ ਜਗ੍ਹਾ ਬਣਾ ਲਈ ਹੈ। ਛੋਟੇ-ਛੋਟੇ ਖਿਡੌਣੇ, ਜੋ ਕਦੇ ਬੱਚੇ ਖ਼ੁਦ ਮਿੱਟੀ ਦੇ ਬਣਾਉਂਦੇ ਸੀ, ਉਹ ਵੀ ਇਲੈਕਟ੍ਰਾਨਿਕ ਜਾਂ ਰਿਮੋਟ ਨਾਲ ਚੱਲਣ ਵਾਲੇ ਹੋ ਗਏ ਹਨ। ਬੱਚਿਆਂ ਨੂੰ ਟੀਵੀ ਦੀ ਆਦਤ ਪੈ ਚੁੱਕੀ ਹੈ। ਵੀਡੀਓ ਖੇਡਾਂ ਬੱਚਿਆਂ ਨੂੰ ਬਹੁਤ ਆਨੰਦ ਦਿੰਦੀਆਂ ਹਨ। ਕਈ ਮਾਤਾ ਪਿਤਾ ਇਸ ਨੂੰ ਤਦ ਤਕ ਬੁਰਾ ਨਹੀ ਮੰਨਦੇ ਜਦ ਤਕ ਬੱਚੇ ਦੇ ਇਮਤਿਹਾਨਾਂ ਦਾ ਨਤੀਜਾ ਬੁਰਾ ਨਹੀ ਆਉਂਦਾ ਪਰ ਜਾਗਰੂਕ ਮਾਤਾ-ਪਿਤਾ ਇਨ੍ਹਾਂ ਖਿਡੌਣਿਆਂ ਕਾਰਨ ਬੱਚਿਆਂ ਦੇ ਦਿਮਾਗ਼ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਸੁਚੇਤ ਰਹਿੰਦੇ ਹਨ। ਚੰਗੇ ਖਿਡੌਣੇ ਉਹ ਹਨ, ਜੋ ਖ਼ੁਸ਼ੀ ਦੇਣ ਦੇ ਨਾਲ-ਨਾਲ ਬੱਚਿਆਂ ਦਾ ਬੌਧਿਕ ਵਿਕਾਸ ਵੀ ਕਰਨ। ਇਸ ਨਜ਼ਰੀਏ ਨੂੰ ਧਿਆਨ 'ਚ ਰੱਖ ਕੇ ਹੀ ਸਾਨੂੰ ਬੱਚੇ ਵਾਸਤੇ ਖਿਡੌਣਿਆਂ ਦੀ ਚੋਣ ਕਰਨੀ ਚਾਹੀਦੀ ਹੈ। ਮਨੋਵਿਗਿਆਨਕ ਖੋਜਾਂ ਤੋਂ ਵੀ ਇਹ ਗੱਲ ਸਪਸ਼ਟ ਹੋਈ ਹੈ ਕਿ ਬੱਚਿਆਂ ਦੇ ਬੌਧਿਕ ਵਿਕਾਸ 'ਚ ਖਿਡੌਣੇ ਵਧੀਆ ਭੂਮਿਕਾ ਨਿਭਾ ਸਕਦੇ ਹਨ।

### ਸਾਂਝਾਂ ਮਜ਼ਬੂਤ ਕਰਦੇ ਨੇ ਖਿਡੌਣੇ

- ਹਰ ਖਿਡੌਣਾ ਕੋਈ ਨਾ ਕੋਈ ਸੰਦੇਸ਼ ਦਿੰਦਾ ਹੈ। ਇਸ ਨਾਲ ਬੱਚਿਆਂ ਦੀ ਭਾਵਨਾਤਮਕ ਪਕੜ ਮਜ਼ਬੂਤ ਹੁੰਦੀ ਹੈ।
- ਮਿਲਜੁਲ ਕੇ ਖੇਡਣ ਦੀ ਸਮਰੱਥਾ ਦਾ ਵਿਕਾਸ ਹੁੰਦਾ ਹੈ।
- ਦੂਜਿਆਂ ਦਾ ਆਦਰ-ਸਤਿਕਾਰ ਕਰਨ ਦੀ ਭਾਵਨਾ ਪੈਦਾ ਹੁੰਦੀ ਹੈ।
- ਸਮੂਹ 'ਚ ਖੇਡਣ ਦੀ ਆਦਤ ਕਾਰਨ ਸਕੂਲ 'ਚ ਬੱਚਿਆਂ 'ਚ ਆਪਸੀ ਪਿਆਰ ਵੱਧਦਾ ਹੈ।

### ਬਚਪਨ ਦੇ ਸਾਥੀ

ਇਸ ਲਈ ਉਮਰ ਦੇ ਹਿਸਾਬ ਨਾਲ ਆਪਣੇ ਬੱਚਿਆਂ ਲਈ ਸਹੀ ਖਿਡੌਣਿਆਂ ਦੀ ਚੋਣ ਕਰ ਕੇ ਉਨ੍ਹਾਂ ਦੇ ਬਚਪਨ ਨੂੰ ਖ਼ੁਸ਼ੀਆਂ ਖੇੜਿਆਂ ਵਾਲਾ ਬਣਾਉਣ ਦੇ ਨਾਲ-ਨਾਲ ਉਸ ਦੇ ਬੌਧਿਕ ਵਿਕਾਸ ਦਾ ਰਾਹ ਵੀ ਪੱਧਰਾ ਕੀਤਾ ਜਾ ਸਕਦਾ ਹੈ। ਬੱਚਾ ਜਦੋਂ ਆਪਣੀਆਂ ਅੱਖਾਂ ਖੋਲ੍ਹਦਾ ਹੈ ਤਾਂ ਆਪਣੀਆਂ ਸਾਰੀਆਂ ਇੰਦਰੀਆਂ ਦੀ ਵਰਤੋਂ ਕਰਨੀ ਸਿੱਖ ਜਾਂਦਾ ਹੈ। 2-3 ਮਹੀਨੇ ਦਾ ਬੱਚਾ ਹੱਥਾਂ ਦੀਆਂ ਹਰਕਤਾਂ ਨਾਲ ਖਿਡੌਣੇ ਫੜਨਾ ਸਿੱਖਦਾ ਹੈ। ਉਸ ਸਮੇਂ ਰੰਗ-ਬਿਰੰਗੇ ਖਿਡੌਣੇ ਉਸ ਨੂੰ ਜ਼ਿਆਦਾ ਆਕਰਸ਼ਿਤ ਕਰਦੇ ਹਨ। ਰੰਗ-ਬਿਰੰਗੇ ਪਜ਼ਲਜ਼ ਵੀ ਵਧੀਆ ਰਹਿੰਦੇ ਹਨ। ਖਿਡੌਣੇ ਏ.ਬੀ.ਸੀ ਤੇ ਫਲਾਂ-ਸਬਜ਼ੀਆਂ ਦੀ ਜਾਣਕਾਰੀ ਵੀ ਦਿੰਦੇ ਹਨ।

### ਕਲਾ ਨਾਲ ਪਾਉਂਦੇ ਨੇ ਮੋਹ

ਸੱਤ ਸਾਲ ਦੀ ਉਮਰ ਤੋਂ ਬਾਅਦ ਬੱਚੇ ਖੇਡਦੇ-ਖੇਡਦੇ ਕੋਈ ਖ਼ਾਸ ਖੇਡ ਨੂੰ ਆਪਣਾ ਸ਼ੌਕ ਬਣਾ ਲੈਂਦੇ ਹਨ। ਇਸ ਨਾਲ ਇਨ੍ਹਾਂ ਦੇ ਸ਼ੌਕ ਤੇ ਰੁਝਾਨ ਬਾਰੇ ਵੀ ਪਤਾ ਲਗਾਇਆ ਜਾ ਸਕਦਾ ਹੈ। 4-5 ਸਾਲ ਦੀ ਉਮਰ ਤੋਂ ਹੀ ਬੱਚਾ ਛੋਟੀਆਂ-ਛੋਟੀਆਂ ਕਹਾਣੀਆਂ ਸੁਣਨ ਦਾ ਸ਼ੌਕੀਨ ਹੋ ਜਾਂਦਾ ਹੈ। ਅਜਿਹੇ ਬੱਚਿਆਂ ਨੂੰ ਲਿਖਣ ਲਈ ਰੰਗ-ਬਿਰੰਗੀਆਂ ਪੈਂਸਿਲ, ਕਾਗਜ਼, ਸ਼ੀਟ ਆਦਿ ਦਿੱਤੇ ਜਾਣੇ ਚਾਹੀਦੇ ਹਨ ਤਾਂ ਕਿ ਉਹ ਲਿਖਣ ਦੇ ਨਾਲ-ਨਾਲ ਡਰਾਇੰਗ ਬਣਾਉਣ ਦਾ ਵੀ ਅਭਿਆਸ ਕਰਨ। ਇਸ ਨਾਲ ਉਨ੍ਹਾਂ ਦੀਆਂ ਉਂਗਲੀਆਂ ਲਿਖਾਈ 'ਤੇ ਸੰਤੁਲਿਤ ਹੋਣਾ ਸਿੱਖ ਲੈਂਦੀਆਂ ਹਨ। ਰੰਗ-ਬਿਰੰਗੀਆਂ ਫੋਟੋ ਕੱਟਣੀਆਂ, ਇਕ ਗਰੁੱਪ 'ਚੋਂ ਫੋਟੋ ਨੂੰ ਪਛਾਣ ਕੇ ਉਨ੍ਹਾਂ ਨੂੰ ਵੱਖ-ਵੱਖ ਬਕਸਿਆਂ 'ਚ ਰੱਖਣਾ ਆਦਿ ਵੀ ਇਸ ਉਮਰ 'ਚ ਬੱਚਾ ਕਰ ਸਕਦਾ ਹੈ। ਇਹ ਉਹੀ ਉਮਰ ਹੁੰਦੀ ਹੈ ਜਦੋਂ ਤੁਹਾਡਾ ਬੱਚਾ ਤੁਹਾਡੇ ਤੋਂ ਖਿਡੌਣਿਆਂ ਦੀ ਜ਼ਿਦ ਕਰਨ ਲਗਦਾ ਹੈ। ਇਸ ਨੂੰ ਪੂਰਾ ਨਾ ਕਰੋ ਪਰ ਉਨ੍ਹਾਂ ਨੂੰ ਉਹ ਖੇਡਾਂ ਜ਼ਰੂਰ ਲੈ ਕੇ ਦਿਓ, ਜਿਸ ਨਾਲ ਉਨ੍ਹਾਂ ਦਾ ਦਿਮਾਗ਼ੀ ਤੇ ਸਰੀਰਕ ਵਿਕਾਸ ਹੋ ਸਕੇ। •



## ਬਾਲ ਕੈਨਵਸ



ਨਾਂ : ਲਵਪ੍ਰੀਤ
ਜਮਾਤ : ਤੀਜੀ
ਪਤਾ : ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬਠਿੰਡਾ।



ਨਾਂ : ਗੁਰਬੀਰ
ਜਮਾਤ : ਦੂਜੀ
ਪਤਾ : ਸਨ-ਸ਼ਾਇਨ ਪਬਲਿਕ ਸਕੂਲ, ਬਟਾਲਾ।





ਨਾਂ : ਅਵਿਨਾਸ਼
ਜਮਾਤ : ਪੰਜਵੀ
ਪਤਾ : ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਜਲੰਧਰ।

# ਆਉਣ ਵਾਲੇ ਸਮੇਂ 'ਚ ਭਾਰਤ ਦੀਆਂ ਸੜਕਾਂ ਅਮਰੀਕਾ ਤੋਂ ਬਿਹਤਰ ਹੋਣਗੀਆਂ : ਗਡਕਰੀ

**ਏਜੰਸੀਆਂ**

ਭੋਪਾਲ 23 ਅਕਤੂਬਰ। ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਸਨੀਵਾਰ ਨੂੰ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਭਾਰਤ ਦੀਆਂ ਸੜਕਾਂ ਅਮਰੀਕਾ ਨਾਲੋਂ ਬਿਹਤਰ ਹੋਣਗੀਆਂ। ਉਨ੍ਹਾਂ ਜੋਰ ਦੇ ਕੇ ਕਿਹਾ ਕਿ ਬਿਹਤਰ ਹਾਈਵੇਅ, ਜਲ ਮਾਰਗ ਅਤੇ ਰੇਲਵੇ ਮਾਲ



ਢੋਆ-ਢੁਆਈ ਦੀ ਲਾਗਤ ਨੂੰ ਘਟਾ ਕੇ ਆਰਥਿਕਤਾ ਨੂੰ ਮਜਬੂਤ ਕਰ ਸਕਦੇ ਹਨ ਗਡਕਰੀ ਨੇ ਸੜਕਾਂ ਲਈ ਵਿਸਤ੍ਰਿਤ ਪ੍ਰਾਜੈਕਟ ਰਿਪੋਰਟਾਂ (ਡੀਪੀਆਰ) ਤਿਆਰ ਕਰਨ ਵਾਲੇ ਸਲਾਹਕਾਰਾਂ ਨੂੰ ਵੀ ਨਿਸਾਨਾ ਬਣਾਇਆ ਅਤੇ ਕਿਹਾ ਕਿ ਉਹ ਘਰ ਬੈਠੇ ਹੀ ਇਹ ਦਸਤਾਵੇਜ ਤਿਆਰ ਕਰਦੇ ਹਨ। ਕੇਂਦਰੀ ਸੜਕੀ ਆਵਾਜਾਈ ਅਤੇ ਰਾਜਮਾਰਗ ਮੰਤਰੀ ਭੋਪਾਲ ਵਿਚ 'ਸੜਕ ਅਤੇ ਪੁਲ ਨਿਰਮਾਣ 'ਚ ਉੱਭਰਦੀ ਨਵੀਂ ਤਕਨਾਲੋਜੀ' ਵਿਸੇ 'ਤੇ ਦੋ ਦਿਨਾਂ ਸੈਮੀਨਾਰ ਦੇ ਉਦਘਾਟਨੀ ਸੈਸਨ ਨੂੰ ਸੰਬੋਧਨ ਕਰ ਰਹੇ ਸਨ। ਗਡਕਰੀ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਭਾਰਤ ਦਾ ਸੜਕੀ ਢਾਂਚਾ ਅਮਰੀਕਾ ਨਾਲੋਂ ਬਿਹਤਰ ਹੋਵੇਗਾ। ਉਨ੍ਹਾਂ ਸੈਮੀਨਾਰ ਵਿਚ ਹਿੱਸਾ ਲੈਣ ਵਾਲਿਆਂ ਨੂੰ ਕਿਹਾ ਕਿ ਉਹ ਇਸ ਬਦਲਾਅ ਨੂੰ ਲਿਆ ਸਕਦੇ ਹਨ। ਕੇਂਦਰੀ ਮੰਤਰੀ ਮੁਤਾਬਕ ਭਾਰਤ ਕੋਲ 63 ਲੱਖ ਕਿਲੋਮੀਟਰ ਸੜਕਾਂ ਦੇ ਨਾਲ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਸੜਕੀ ਨੈੱਟਵਰਕ ਹੈ। ਗਡਕਰੀ ਨੇ ਦੇਸ ਦੀਆਂ ਸੜਕਾਂ 'ਤੇ ਹੋ ਰਹੀਆਂ ਮੌਤਾਂ 'ਤੇ ਵੀ ਚਿੰਤਾ ਪ੍ਰਗਟਾਈ। ਉਨ੍ਹਾਂ ਕਿਹਾ ਕਿ ਸੜਕ ਹਾਦਸਿਆਂ ਵਿਚ ਡਾਕਟਰਾਂ ਅਤੇ ਇੰਜਨੀਅਰਾਂ ਸਮੇਤ ਤਕਰੀਬਨ 1.78 ਲੱਖ ਲੋਕ ਆਪਣੀ ਜਾਨ ਗੁਆਉਂਦੇ ਹਨ, ਜੋ ਕਿਸੇ ਵੀ ਜੰਗ ਦੌਰਾਨ ਮਰਨ ਵਾਲਿਆਂ ਨਾਲੋਂ ਵੱਧ ਹਨ। ਕੇਂਦਰੀ ਮੰਤਰੀ ਨੇ ਕਿਹਾ ਕਿ ਇਨ੍ਹਾਂ ਹਾਦਸਿਆਂ ਨਾਲ ਦੇਸ ਦੀ ਕੁੱਲ ਘਰੇਲੂ ਪੈਦਾਵਾਰ ਨੂੰ ਤਿੰਨ ਫੀਸਦੀ ਦਾ ਨੁਕਸਾਨ ਹੁੰਦਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸਮਾਜਿਕ ਤੌਰ 'ਤੇ ਜਾਗਰੂਕ, ਸੰਵੇਦਨਸੀਲ ਅਤੇ ਜਿ?ਮੇਵਾਰ ਬਣਨ ਦੀ ਲੋੜ ਹੈ ਕਿਉਂਕਿ ਇਹ ਮਨੁੱਖ ਲਈ ਸਭ ਤੋਂ ਜਰੂਰੀ ਹੈ। ਮੰਤਰੀ ਨੇ ਕਿਹਾ ਕਿ ਹਾਦਸਿਆਂ ਦਾ ਕਾਰਨ ਬਣਨ ਵਾਲੇ ਕਮਜੋਰ ਖੇਤਰਾਂ ਦੀ ਪਛਾਣ ਕੀਤੀ ਜਾਣੀ ਚਾਹੀਦੀ ਹੈ ਅਤੇ ਸੜਕ ਇੰਜੀਨੀਅਰਿੰਗ ਨੂੰ ਵਧਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਬਿਹਤਰ ਜੀਵਨ ਪ੍ਰਦਾਨ ਕਰਨ ਲਈ ਸੜਕ ਸੁਰੱਖਿਆ ਅਤੇ ਵਾਤਾਵਰਨ ਵਿਚ ਸੁਧਾਰ ਕਰਨ ਦੀ ਲੋੜ ਹੈ।

# ਪੰਜਾਬ 'ਚ ਹੁਣ ਤੱਕ ਕਰੀਬ 90 ਫੀਸਦੀ ਝੋਨੇ ਦੀ ਹੋਈ ਖਰੀਦ

**ਸਰਦੂਲ ਸਿੰਘ**

ਚੰਡੀਗੜ੍ਹ 23 ਅਕਤੂਬਰ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਝੋਨੇ ਦੀ ਖ਼ਰੀਦ ਪ੍ਰਕਿਰਿਆ ਨਾਲ ਜੁੜੇ ਸਾਰੇ ਭਾਈਵਾਲਾਂ ਦੇ ਹਿੱਤਾਂ ਨੂੰ ਹਮੇਸ਼ਾ ਤਰਜੀਹ ਦਿੱਤੀ ਹੈ। ਇਸ ਤੱਥ ਦੀ ਪੁਸ਼ਟੀ ਇੱਥੋਂ ਹੁੰਦੀ ਹੈ ਕਿ ਚੱਲ ਰਹੇ ਖ਼ਰੀਦ ਸੀਜ਼ਨ ਦੌਰਾਨ ਸੂਬੇ ਦੀਆਂ ਮੰਡੀਆਂ 'ਚ ਬੀਤੀ ਦੇਰ ਸ਼ਾਮ ਤੱਕ ਕੁੱਲ 18,31,588 ਮੀਟ੍ਰਿਕ ਟਨ ਝੋਨੇ ਦੀ ਆਮਦ ਹੋਈ, ਜਿਸ ਵਿੱਚੋਂ 16,37,517 ਮੀਟ੍ਰਿਕ ਟਨ ਦੀ ਖ਼ਰੀਦ ਕੀਤੀ ਜਾ ਚੁੱਕੀ ਹੈ, ਜੋ ਕਿ 90 ਫੀਸਦੀ ਬਣਦੀ ਹੈ। ਅੱਜ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੰਜਾਬ ਦੇ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਦੱਸਿਆ ਕਿ ਹੁਣ ਤੱਕ ਕਿਸਾਨਾਂ ਦੇ ਖਾਤਿਆਂ ਵਿੱਚ ਕਰੀਬ 3000 ਕਰੋੜ ਰੁਪਏ ਬਤੌਰ ਅਦਾਇਗੀ ਜਮ੍ਹਾ ਕਰਵਾ ਦਿੱਤੇ ਹਨ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਮੰਤਰੀ ਨੇ ਕਿਹਾ ਕਿ ਖ਼ਰੀਦ ਸੀਜ਼ਨ ਨੂੰ ਨਿਰਵਿਘਨ ਅਤੇ ਸੁਚਾਰੂ ਬਣਾਉਣ ਦੇ ਮੱਦੇਨਜ਼ਰ ਰਾਜ ਸਰਕਾਰ ਨੇ 2651 ਖ਼ਰੀਦ ਕੇਂਦਰ ਚਾਲੂ ਕੀਤੇ ਹਨ। ਇਸ ਤੋਂ ਇਲਾਵਾ ਹੁਣ ਤੱਕ 2184 ਚੌਲ ਮਿੱਲ ਮਾਲਕਾਂ ਨੇ ਚੌਲ ਮਿੱਲਾਂ ਦੀ ਅਲਾਟਮੈਂਟ ਲਈ ਅਰਜ਼ੀਆਂ ਦਿੱਤੀਆਂ ਹਨ। ਭੰਡਾਰਨ ਸਬੰਧੀ ਥਾਂ (ਸਟੋਰੇਜ ਸਪੇਸ) ਦੀ ਉਪਲੱਬਧਤਾ ਬਾਰੇ ਦੱਸਦਿਆਂ ਮੰਤਰੀ ਨੇ ਕਿਹਾ ਕਿ ਭਾਰਤੀ ਖੁਰਾਕ ਨਿਗਮ ਦੇ ਅਨੁਸਾਰ ਇਸ ਸਮੇਂ 9.5 ਐਲ. ਐਮ. ਟੀ. ਥਾਂ ਉਪਲੱਬਧ ਹੈ। ਸੂਬੇ ਵਿੱਚ ਦਸੰਬਰ ਮਹੀਨੇ 'ਚ ਮਿਲਿੰਗ ਸ਼ੁਰੂ ਹੁੰਦੀ ਹੈ, ਇਸ ਲਈ ਦਸੰਬਰ 2024 ਤੱਕ ਲਗਭਗ 30 ਲੱਖ ਮੀਟ੍ਰਿਕ ਟਨ ਜਗ੍ਹਾ ਮੁਹੱਈਆ ਕਰਵਾ ਦਿੱਤੀ ਜਾਵੇਗੀ। ਮੰਤਰੀ ਨੇ ਅੱਗੇ ਕਿਹਾ ਕਿ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ 4 ਲੱਖ ਮੀਟ੍ਰਿਕ ਟਨ ਜ਼ਿਆਦਾ ਅਨਾਜ ਦੀ ਮੂਵਮੈਂਟ ਦਰਜ ਕੀਤੀ ਗਈ ਹੈ। ਇਸ ਸਾਲ ਅਪ੍ਰੈਲ ਤੋਂ ਸਤੰਬਰ ਤੱਕ 85.53 ਲੱਖ ਮੀਟ੍ਰਿਕ ਟਨ ਮੂਵਮੈਂਟ ਦਰਜ



ਕੀਤੀ ਗਈ, ਜਦੋਂ ਕਿ 2023 ਵਿੱਚ ਅਪ੍ਰੈਲ ਤੋਂ ਸਤੰਬਰ ਦੀ ਮਿਆਦ ਦੌਰਾਨ ਇਹੋ ਅੰਕੜਾ 81.73 ਲੱਖ ਮੀਟ੍ਰਿਕ ਟਨ ਸੀ। ਚੌਲ ਮਿੱਲ ਮਾਲਕਾਂ ਦੀਆਂ ਮੰਗਾਂ ਸਬੰਧੀ ਮੰਤਰੀ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕੇਂਦਰੀ ਖ਼ਪਤਕਾਰ ਮਾਮਲੇ, ਖ਼ੁਰਾਕ ਅਤੇ ਜਨਤਕ ਵੰਡ ਮੰਤਰੀ ਪ੍ਰਹਿਲਾਦ ਜੋਸ਼ੀ ਨਾਲ ਮੀਟਿੰਗ ਦੌਰਾਨ ਚੌਲ ਮਿੱਲਰਾਂ ਦੀਆਂ ਵੱਖ-ਵੱਖ ਮੰਗਾਂ ਨੂੰ ਜ਼ੋਰਦਾਰ ਢੰਗ ਨਾਲ ਉਠਾਇਆ ਹੈ। ਸੂਬਾ ਸਰਕਾਰ ਵੱਲੋਂ ਚੌਲ ਮਿੱਲਰਾਂ ਦੀ ਭਲਾਈ ਲਈ ਸ਼ੁਰੂ ਕੀਤੇ ਗਏ ਕਦਮਾਂ ਦੀ ਸੂਚੀ ਦਿੰਦਿਆਂਕਟਾਰੂਚੱਕ ਨੇ ਅੱਗੇ ਕਿਹਾ ਕਿ ਕਈ ਸਾਲਾਂ ਤੋਂ ਰੁਕੀਆਂ ਕਸਟਮ ਮਿਲਿੰਗ ਰਾਈਸ (ਸੀ.ਐਮ.ਆਰ.) ਸਕਿਓਰਿਟੀਜ਼, ਇੱਕ ਸਾਲ ਨੂੰ ਛੱਡ ਕੇ, ਬਾਕੀ, ਮਿੱਲਰਾਂ ਨੂੰ ਵਾਪਸ ਕੀਤੀਆਂ ਜਾ ਰਹੀਆਂ ਹਨ। ਇਸ ਨਾਲ ਚੌਲ ਮਿੱਲਰਾਂ ਨੂੰ 150 ਕਰੋੜ ਰੁਪਏ ਦੀ ਰਾਹਤ ਮਿਲੀ ਹੈ। ਇਸ ਦੇ ਨਾਲ ਹੀ, ਪਹਿਲੋਂ ਲਈ ਜਾਂਦੀ 175 ਪ੍ਰਤੀ ਟਨ ਸੀ. ਐਮ.ਆਰ. ਸਕਿਓਰਿਟੀ ਦੀ ਥਾਂ, ਹੁਣ ਸਿਰਫ 10 ਰੁਪਏ ਪ੍ਰਤੀ ਟਨ ਸਕਿਓਰਿਟੀ ਵਸੂਲੀ ਜਾਵੇਗੀ, ਜਿਸ ਨਾਲ ਮਿੱਲਰਾਂ ਨੂੰ 300 ਕਰੋੜ ਰੁਪਏ ਦਾ ਲਾਭ ਹੋਵੇਗਾ। ਇਸ ਤੋਂ ਇਲਾਵਾ ਇਸ ਸਾਲ ਦੀ ਨੀਤੀ ਤਹਿਤ ਸਕਿਓਰਿਟੀ ਦਰ ਟਨ ਸਮਰੱਥਾ ਦੇ ਅਨੁਸਾਰ ਨਿਰਧਾਰਿਤ ਕੀਤੀ ਗਈ ਹੈ, ਜਦੋਂ ਕਿ ਪਿਛਲੇ ਸਾਲਾਂ ਦੌਰਾਨ, ਹਰ ਮਿੱਲ ਤੋਂ ਇਹ ਸਕਿਓਰਿਟੀ 11 ਲੱਖ ਰੁਪਏ ਦੀ ਸਮਾਨ ਦਰ ਨਾਲ ਵਸੂਲੀ ਗਈ ਸੀ ਪਰ ਹੁਣ 2 ਮੀਟ੍ਰਿਕ ਟਨ ਤੱਕ ਸਮਰੱਥਾ ਵਾਲੀਆਂ ਮਿੱਲਾਂ ਤੋਂ 5 ਲੱਖ, 2 ਤੋਂ 5 ਮੀਟ੍ਰਿਕ ਟਨ ਤੱਕ ਸਮਰੱਥਾ ਵਾਲੀਆਂ ਮਿੱਲਾਂ ਤੋਂ 7.5 ਲੱਖ, ਜਦਕਿ 5 ਮੀਟ੍ਰਿਕ ਟਨ ਤੋਂ ਵੱਧ ਸਮਰੱਥਾ ਵਾਲੀਆਂ ਮਿੱਲਾਂ ਤੋਂ 11 ਲੱਖ ਰੁਪਏ ਵਸੂਲੇ ਜਾਣਗੇ। ਇਸ ਤੋਂ ਇਲਾਵਾ ਅਨਾਜ ਮੰਡੀਆਂ ਵਿੱਚ ਕੰਮ ਕਰਦੇ ਮਜ਼ਦੂਰਾਂ/ਪੱਲੇਦਾਰਾਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬ ਸਰਕਾਰ ਨੇ ਬੋਰੀ ਦੀ ਲੋਡਿੰਗ ਦੀ ਦਰ ਸੋਧ ਕੇ ਹੁਣ 1.94 ਰੁਪਏ ਤੋਂ 2.34 ਰੁਪਏ ਕਰ ਦਿੱਤੀ ਹੈ। ਮੰਤਰੀ ਨੇ ਖਰੀਦ ਸੀਜ਼ਨ ਨੂੰ ਸਫ਼ਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਸਾਰੇ ਭਾਈਵਾਲਾਂ ਨੂੰ ਇਕਜੁੱਟ ਹੋ ਕੇ ਕੰਮ ਕਰਨ ਦਾ ਸੱਦਾ ਦਿੱਤਾ ਕਿਉਂਕਿ ਸਰਕਾਰ ਉਨ੍ਹਾਂ ਦੀ ਭਲਾਈ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੀ।

## ਹਾਈਵੇਅ 'ਤੇ ਪਲਟਿਆ ਟਮਾਟਰਾਂ ਦਾ ਭਰਿਆ ਟਰੱਕ, ਲੁੱਟ ਦੇ ਡਰੋਂ ਸਾਰੀ ਰਾਤ ਪਹਿਰਾ ਦਿੰਦੀ ਰਹੀ ਪੁਲਸ

ਨੈਸ਼ਨਲ ਡੈਸਕ 23 ਅਕਤੂਬਰ। ਉੱਤਰ ਪ੍ਰਦੇਸ ਦੇ ਝਾਂਸੀ 'ਚ ਟਮਾਟਰਾਂ ਨਾਲ ਭਰਿਆ ਟਰੱਕ ਬੇਕਾਬੂ ਹੋ ਕੇ ਹਾਈਵੇਅ 'ਤੇ ਪਲਟ ਗਿਆ। ਟਰੱਕ ਪਲਟਣ ਤੋਂ ਬਾਅਦ ਉਸ ਵਿੱਚ ਲੱਦੇ ਟਮਾਟਰ ਸੜਕ 'ਤੇ ਖਿੱਲਰ ਗਏ। ਇਸ ਤੋਂ ਪਹਿਲਾਂ ਕਿ ਬਾਜਾਰ 'ਚ 100 ਰੁਪਏ ਕਿਲੋ ਵਿਕ ਰਹੇ ਟਮਾਟਰ ਨੂੰ ਲੁੱਟਿਆ ਜਾ ਸਕੇ, ਥਾਣਾ ਸਿਪਰੀ ਬਾਜਾਰ ਦੀ ਪੁਲਸ ਮੌਕੇ 'ਤੇ ਪਹੁੰਚ ਗਈ। ਪੁਲਸ ਮੁਲਾਜਮਾਂ ਨੇ ਟਰੱਕ ਨੂੰ ਘੇਰ ਲਿਆ। ਪੁਲਸ ਸਾਰੀ ਰਾਤ ਤੱਕ ਟਮਾਟਰਾਂ 'ਤੇ ਪਹਿਰਾ ਦਿੰਦੀ ਰਹੀ। ਜਿਸ ਦੀ ਵੀਡੀਓ ਸੋਸਲ ਮੀਡੀਆ 'ਤੇ ਸੁਰਖੀਆਂ ਬਟੋਰ ਰਹੀ ਹੈ। ਜਾਣਕਾਰੀ ਮੁਤਾਬਕ ਇਹ ਟਰੱਕ ਬੈਂਗਲੁਰੂ ਤੋਂ ਆ ਰਹੀ ਸੀ, ਜਿਸ 'ਚ ਕਰੀਬ 18 ਟਨ ਟਮਾਟਰ ਲੱਦਿਆ ਹੋਇਆ ਸੀ। ਇਸ ਟਰੱਕ ਨੂੰ ਅਰਜੁਨ ਨਾਂ ਦਾ ਵਿਅਕਤੀ ਦਿੱਲੀ ਚਲਾ ਰਿਹਾ ਸੀ। ਇਸ ਦੌਰਾਨ ਜਿਵੇਂ ਹੀ ਰਾਤ ਕਰੀਬ 10 ਵਜੇ ਟਰੱਕ ਝਾਂਸੀ-ਕਾਨਪੁਰ ਹਾਈਵੇਅ 'ਤੇ ਸਿਪਰੀ ਬਾਜਾਰ ਥਾਣਾ ਖੇਤਰ 'ਚ ਪਹੂਜ ਨਦੀ 'ਤੇ ਪਹੁੰਚਿਆ ਤਾਂ ਬੇਕਾਬੂ ਹੋ ਕੇ ਪਲਟ ਗਿਆ। ਟਰੱਕ ਵਿੱਚ ਲੱਦੇ



ਟਮਾਟਰ ਸੜਕ 'ਤੇ ਖਿੱਲਰ ਗਏ। ਇਸ ਦੌਰਾਨ ਸਕੂਟਰ ਸਵਾਰ ਸੋਨਲ ਨਾਂ ਦੀ ਔਰਤ ਟਰੱਕ ਦੀ ਲਪੇਟ 'ਚ ਆਉਣ ਨਾਲ ਜਖਮੀ ਹੋ ਗਈ, ਜਿਸ ਨੂੰ ਹਸਪਤਾਲ ਪਹੁੰਚਾਇਆ ਗਿਆ। ਟਮਾਟਰ ਖਿੱਲਰੇ ਹੋਣ ਦੀ ਸੂਚਨਾ ਮਿਲਦਿਆਂ ਹੀ ਆਸਪਾਸ ਦੇ ਲੋਕਾਂ ਦੇ ਪਹੁੰਚਣ ਤੋਂ ਪਹਿਲਾਂ ਹੀ ਸਿਪਰੀ ਬਾਜਾਰ ਦੀ ਪੁਲਸ ਮੌਕੇ 'ਤੇ ਪਹੁੰਚ ਗਈ। ਰਸਤਾ ਸਾਫ ਕਰਨ ਮਗਰੋਂ ਪੁਲਸ ਮੁਲਾਜਮ ਟਮਾਟਰਾਂ ਦੀ ਰਾਖੀ ਕਰਨ ਲੱਗੇ। ਦੇਰ ਰਾਤ ਤੱਕ ਪੁਲਸ ਟਮਾਟਰਾਂ ਦੀ ਰਾਖੀ ਲਈ ਸੜਕ 'ਤੇ ਡੇਰੇ ਲਾਈ ਬੈਠੀ ਰਹੀ। ਟਰੱਕ ਡਰਾਈਵਰ ਅਰਜੁਨ ਅਨੁਸਾਰ ਉਹ ਬੈਂਗਲੂਰੂ ਤੋਂ ਦਿੱਲੀ ਜਾ ਰਿਹਾ ਸੀ ਕਿ ਰਾਤ ਕਰੀਬ 10 ਵਜੇ ਝਾਂਸੀ ਹਾਈਵੇਅ 'ਤੇ ਟਮਾਟਰਾਂ ਨਾਲ ਭਰਿਆ ਟਰੱਕ ਪਲਟ ਗਿਆ। ਕਿਉਂਕਿ, ਅਚਾਨਕ ਸਾਹਮਣੇ ਤੋਂ ਇੱਕ ਗਾਂ ਆ ਗਈ ਸੀ। ਸਹਾਇਕ ਨੂੰ ਮਾਮੂਲੀ ਸੱਟਾਂ ਲੱਗੀਆਂ। ਪਿੱਛੇ ਤੋਂ ਆ ਰਹੀ ਇੱਕ ਮਹਿਲਾ ਰਾਹਗੀਰ ਵੀ ਜਖਮੀ ਹੋ ਗਈ। ਰਸਤੇ ਵਿੱਚ ਕਿਤੇ ਵੀ ਗੱਡੀ ਦਾ ਵਜਨ ਨਹੀਂ ਕੀਤਾ ਗਿਆ।

### ਗੱਡੀ ਰੋਕ ਕੇ ਭੰਨਤੋੜ ਕਰਨ ਦੇ ਦੋਸ਼ 'ਚ 12 ਖਿਲਾਫ ਮਾਮਲਾ ਦਰਜ

ਜ਼ੀਰਾ 23 ਅਕਤੂਬਰ। ਜ਼ੀਰਾ ਕਚਹਿਰੀਆਂ ਵਿਖੇ ਇਕ ਗੱਡੀ ਨੂੰ ਰੋਕ ਕੇ ਉਸ ਦੀ ਭੰਨਤੋੜ ਕਰਨ ਅਤੇ ਵਿਅਕਤੀ ਕੋਲੋਂ ਕਾਗਜ਼ਾਂ ਵਾਲਾ ਬੈਗ ਖੋਹਣ ਦੀ ਕੋਸ਼ਿਸ਼ 'ਚ ਥਾਣਾ ਸਿਟੀ ਜ਼ੀਰਾ ਪੁਲਸ ਨੇ 4 ਬਾਏ ਨੇਮ ਵਿਅਕਤੀਆਂ, 3 ਹੋਰ ਨਾਮਜ਼ਦ ਵਿਅਕਤੀ ਅਤੇ 3-5 ਅਣਪਛਾਤੇ ਵਿਅਕਤੀਆਂ ਖਿ?ਲਾਫ 126 (2), 324 (4), 190, 191 (3) ਬੀ. ਐੱਨ. ਐੱਸ. ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਦਰਸ਼ਨ ਸਿੰਘ ਪੁੱਤਰ ਸਾਧੂ ਸਿੰਘ ਵਾਸੀ ਸੋਢੀ ਵਾਲਾ ਨੇ ਦੱਸਿਆ ਉਹ ਆਪਣੀ ਘਰੇਲੂ ਜ਼ਮੀਨ ਦੀ ਵੰਡ ਸਬੰਧੀ ਕਚਹਿਰੀਆਂ ਜ਼ੀਰਾ ਸੀ ਅਤੇ ਜਦ ਉਹ ਕਚਹਿਰੀਆਂ ਤੋਂ ਬਾਹਰ ਨਿਕਲੇ ਤਾਂ ਦੋਸ਼ੀ ਰਣਜੀਤ ਸਿੰਘ ਪੁੱਤਰ ਕੁਲਦੀਪ ਸਿੰਘ, ਕਰਮਵੀਰ ਸਿੰਘ ਪੁੱਤਰ ਹਰਬੰਸ ਸਿੰਘ, ਸ਼ਨੀ ਪੁੱਤਰ ਜਗਦੀਪ ਸਿੰਘ, ਗੋਰੀ ਪੁੱਤਰ ਸ਼ਿੰਦੂ ਅਤੇ 8 ਅਣਪਛਾਤੇ ਵਿਅਕਤੀਆਂ ਨੇ ਉਸ ਦੀ ਗੱਡੀ ਰੋਕ ਲਈ ਅਤੇ ਉਸ ਦੀ ਗੱਡੀ ਦੀ ਭੰਨਤੋਰ ਕਰਨੀ ਸ਼ੁਰੂ ਕਰ ਦਿੱਤੀ ਅਤੇ ਇਨ੍ਹਾਂ ਨੇ ਉਸ ਕੋਲੋਂ ਕਾਗਜ਼ਾਂ ਵਾਲਾ ਬੈਗ ਖੋਹਣ ਦੀ ਕੋਸ਼ਿਸ਼ ਕੀਤੀ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਂ ਖਿ?ਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

## ਮਹਾਰਾਸ਼ਟਰ ਦੇ ਮੁੱਖ ਚੋਣ ਅਧਿਕਾਰੀ ਨੇ ਸੋਸ਼ਲ ਮੀਡੀਆ ਤੋਂ 1,752 ਪੋਸਟਾਂ ਨੂੰ ਹਟਾਉਣ ਦੇ ਦਿੱਤੇ ਨਿਰਦਸ਼

**ਕਿਸ਼ਨ ਪਾਲ**

ਮੁੰਬਈ 23 ਅਕਤੂਬਰ। ਮਹਾਰਾਸਟਰ ਦੇ ਮੁੱਖ ਚੋਣ ਅਧਿਕਾਰੀ ਨੇ ਵੱਖ-ਵੱਖ ਸੋਸਲ ਮੀਡੀਆ ਪਲੇਟਫਾਰਮਾਂ ਨੂੰ ਨੋਟਿਸ ਭੇਜ ਕੇ ਉਨ੍ਹਾਂ ਨੂੰ ਕੁੱਲ 1,752 ਪੋਸਟਾਂ ਨੂੰ ਹਟਾਉਣ ਲਈ ਕਿਹਾ ਹੈ, ਜਿਨ੍ਹਾਂ ਵਿੱਚ ਜਾਅਲੀ ਖਬਰਾਂ ਹਨ ਅਤੇ ਜਿਨ੍ਹਾਂ ਦਾ ਉਦੇਸ ਵੋਟਰਾਂ ਵਿੱਚ ਭੰਬਲਭੂਸਾ ਪੈਦਾ ਕਰਨਾ ਹੈ। ਸੁੱਕਰਵਾਰ ਨੂੰ ਜਾਰੀ ਇੱਕ ਅਧਿਕਾਰਤ ਰੀਲੀਜ ਵਿੱਚ ਕਿਹਾ ਗਿਆ ਹੈ ਕਿ ਚੋਣ ਕਮਿਸਨ ਦੁਆਰਾ ਫਲੈਗ ਕੀਤੇ ਜਾਣ ਤੋਂ ਬਾਅਦ ਇਹਨਾਂ ਵਿੱਚੋਂ 300 ਤੋਂ ਵੱਧ ਅਸਾਮੀਆਂ ਨੂੰ ਹਟਾ ਦਿੱਤਾ ਗਿਆ ਹੈ। ਇਹ ਨੋਟਿਸ ਸੂਚਨਾ ਤਕਨਾਲੋਜੀ ਐਕਟ ਦੀ ਧਾਰਾ 79(3)(ਬੀ) ਦੇ ਤਹਿਤ ਭੇਜੇ ਗਏ ਸਨ, ਜੋ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਕਿਸੇ ਵੀ ਅਜਿਹੀ ਸਮੱਗਰੀ ਨੂੰ ਹਟਾਉਣ ਦੇ ਆਦੇਸ ਦੇਣ ਦਾ ਅਧਿਕਾਰ ਦਿੰਦਾ ਹੈ, ਜਿਸਦੀ ਵਰਤੋਂ ਗੈਰ-ਕਾਨੂੰਨੀ ਗਤੀਵਿਧੀਆਂ ਲਈ ਕੀਤੀ ਜਾ ਸਕਦੀ ਹੈ। ਮਹਾਰਾਸਟਰ 'ਚ 20 ਨਵੰਬਰ ਨੂੰ ਵਿਧਾਨ ਸਭਾ ਚੋਣਾਂ ਹੋਣੀਆਂ ਹਨ।




ਇਨ੍ਹਾਂ ਇਤਰਾਜਯੋਗ ਪੋਸਟਾਂ 'ਚੋਂ 143 ਫੇਸਬੁੱਕ 'ਤੇ, 280 ਇੰਸਟਾਗ੍ਰਾਮ 'ਤੇ, 1,296 ਐਕਸ 'ਤੇ, 31 ਯੂਟਿਊਬ 'ਤੇ ਅਤੇ ਦੋ ਹੋਰ ਸੋਸਲ ਮੀਡੀਆ ਪਲੇਟਫਾਰਮਾਂ 'ਤੇ ਪਾਈਆਂ ਗਈਆਂ। ਰਿਲੀਜ ਵਿੱਚ ਕਿਹਾ ਗਿਆ ਹੈ ਕਿ ਫੇਸਬੁੱਕ ਨੇ ਹੁਣ ਤੱਕ 16 ਪੋਸਟਾਂ ਨੂੰ ਹਟਾ ਦਿੱਤਾ ਹੈ, ਜਦੋਂ ਕਿ 127 ਹੋਰ ਪੋਸਟਾਂ 'ਤੇ ਕਾਰਵਾਈ ਦੀ ਉਡੀਕ ਹੈ, ਜਦੋਂ ਕਿ ਨੋਟਿਸ ਭੇਜਣ ਤੋਂ ਬਾਅਦ ਇੰਸਟਾਗ੍ਰਾਮ ਨੇ 29 ਪੋਸਟਾਂ, ਐਕਸ ਨੇ 251 ਪੋਸਟਾਂ ਅਤੇ ਯੂਟਿਊਬ ਨੇ ਪੰਜ ਪੋਸਟਾਂ ਨੂੰ ਹਟਾ ਦਿੱਤਾ ਹੈ। ਜਾਰੀ ਬਿਆਨ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਚੋਣ ਕਮਿਸਨ ਦੀ 'ਸੀ-ਵਿਜੀਲ' ਐਪ 'ਤੇ ਚੋਣ ਜਾਬਤੇ ਦੀ ਉਲੰਘਣਾ ਦੀਆਂ 420 ਸ਼ਿ?ਕਾਇਤਾਂ ਪ੍ਰਾਪਤ ਹੋਈਆਂ ਸਨ, ਜਿਨ੍ਹਾਂ ਵਿੱਚੋਂ 414 ਸ਼ਿ?ਕਾਇਤਾਂ ਦਾ ਨਿਪਟਾਰਾ ਕੀਤਾ ਗਿਆ। ਸਭ ਤੋਂ ਵੱਧ ਬਸਤੀਆਂ ਠਾਣੇ ਜ਼ਿ?ਲ੍ਹੇ ਵਿੱਚ ਹੋਈਆਂ। ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਇਸ ਹਫਤੇ ਦੇ ਸੁਰੂ ਵਿੱਚ ਚੋਣ ਜਾਬਤਾ ਲਾਗੂ ਹੋਣ ਤੋਂ ਬਾਅਦ ਨਕਦੀ, ਨਸੀਲੇ ਪਦਾਰਥਾਂ, ਸਰਾਬ ਅਤੇ ਮਹਿੰਗੇ ਤੋਹਫ਼ਿ?ਆਂ ਦੇ ਰੂਪ ਵਿੱਚ 10.64 ਕਰੋੜ ਰੁਪਏ ਦੀ ਸਮੱਗਰੀ ਬਰਾਮਦ ਕੀਤੀ ਗਈ ਹੈ।

## ਨਵਾਂਸਹਿਰ ਜਿਲ੍ਹੇ ਦੀਆਂ ਮੰਡੀਆਂ 'ਚ 67,176 ਮੀਟ੍ਰਿਕ ਟਨ ਝੋਨੇ ਦੀ ਆਮਦ

ਨਵਾਂਸਹਿਰ 23 ਅਕਤੂਬਰ। ਨਵਾਂਸ਼ਹਿਰ ਜ਼ਿ?ਲ੍ਹੇ ਦੀਆਂ ਮੰਡੀਆਂ 'ਚ 67,176 ਮੀਟ੍ਰਿਕ ਟਨ ਝੋਨੇ ਦੀ ਆਮਦ ਹੋਈ, ਜਿਸ 'ਚੋਂ 64,228 ਮੀਟ੍ਰਿਕ ਟਨ ਝੋਨਾ ਖਰੀਦਿਆ ਗਿਆ, ਜਦਕਿ ਜ਼ਿ?ਲ੍ਹਾ ਮੰਡੀਆਂ 'ਚੋਂ ਇਕ ਵੀ ਕੱਟਾ ਨਹੀਂ ਚੁੱਕਿਆ ਗਿਆ। ਜ਼ਿ?ਲ੍ਹੇ ਦੀਆਂ ਬਾਕੀ ਮੰਡੀਆਂ ਵਿੱਚੋਂ ਸਿਰਫ 171 ਮੀਟ੍ਰਿਕ ਟਨ (0.0026 ਫੀਸਦੀ) ਝੋਨੇ ਦੀ ਲਿਫਟਿੰਗ ਹੋਈ ਹੈ, ਜਿਸ ਕਾਰਨ ਜ਼ਿ?ਲ੍ਹੇ ਦੀਆਂ ਮੰਡੀਆਂ ਵਿੱਚ ਝੋਨੇ ਦੀਆਂ ਗੱਡੀਆਂ ਭਰ ਗਈਆਂ ਹਨ। ਜਾਣਕਾਰੀ ਦਿੰਦਿਆਂ ਜ਼ਿ?ਲ੍ਹਾ ਮੰਡੀ ਬੋਰਡ ਦੇ ਅਧਿਕਾਰੀ ਨੇ ਦੱਸਿਆ ਕਿ ਜ਼ਿ?ਲ੍ਹੇ ਦੀਆਂ ਮੰਡੀਆਂ ਵਿੱਚ ਕੁੱਲ੍ਹ 67,176 ਮੀਟ੍ਰਿਕ ਟਨ ਦੀ ਆਮਦ ਹੋਈ ਹੈ। ਜਿਸ ਵਿੱਚ ਨਵਾਂਸਹਿਰ ਬਲਾਕ ਦੀਆਂ ਮੰਡੀਆਂ ਵਿੱਚ 34,713 ਮੀਟ੍ਰਿਕ ਟਨ, ਬੰਗਾ ਬਲਾਕ ਦੀਆਂ ਮੰਡੀਆਂ ਵਿੱਚ 18,034 ਮੀਟ੍ਰਿਕ ਟਨ ਅਤੇ ਬਲਾਚੌਰ ਬਲਾਕ ਦੀਆਂ ਮੰਡੀਆਂ ਵਿੱਚ 14,429 ਮੀਟ੍ਰਿਕ ਟਨ ਸਮੇਤ ਕੁੱਲ੍ਹ 67,176 ਮੀਟ੍ਰਿਕ ਟਨ ਦੀ ਆਮਦ ਹੋਈ ਹੈ। ਬੁੱਧਵਾਰ ਨੂੰ ਸਿਰਫ 648 ਮੀਟ੍ਰਿਕ ਟਨ ਝੋਨਾ ਹੀ ਆਇਆ, ਜਿਸ ਕਾਰਨ ਮੰਡੀਆਂ ਵਿੱਚ ਆੜ੍ਹਤੀਆਂ ਦਾ ਕੰਮ ਠੱਪ ਹੋ ਗਿਆ। ਮੰਡੀ ਬੋਰਡ ਦੇ ਅਧਿਕਾਰੀ ਨੇ ਦੱਸਿਆ ਕਿ ਐੱਫ. ਸੀ. ਆਈ. ਵੱਲੋਂ 2107 ਮੀਟ੍ਰਿਕ ਟਨ, ਪਨਗ੍ਰੇਨ ਵੱਲੋਂ 22,588 ਮੀਟ੍ਰਿਕ ਟਨ, ਮਾਰਕ ਫੈੱਡ ਵੱਲੋਂ 19,255 ਮੀਟ੍ਰਿਕ ਟਨ, ਪਨਸਪ ਵੱਲੋਂ 15,284 ਮੀਟ੍ਰਿਕ ਟਨ, ਵੇਅਰਹਾਊਸ ਵੱਲੋਂ 4919 ਮੀਟ੍ਰਿਕ ਟਨ ਅਤੇ ਨਿੱਜੀ ਤੌਰ 'ਤੇ ਕੁੱਲ੍ਹ 62,74 ਮੀਟ੍ਰਿਕ ਟਨ ਦੀ ਪੈਦਾਵਾਰ ਕੀਤੀ ਗਈ ਟਨ ਦੀ ਖਰੀਦ ਕੀਤੀ ਗਈ ਹੈ।

## ਵਿਧਾਇਕ ਬੁੱਧ ਰਾਮ ਨੇ ਨਵੇਂ ਚੁਣੇ ਪੰਚਾਂ ਨੂੰ ਕੀਤਾ ਸਨਮਾਨਿਤ

ਬੁਢਲਾਡਾ 23 ਅਕਤੂਬਰ। ਆਮ ਆਦਮੀ ਪਾਰਟੀ ਵੱਲੋਂ ਪਿੰਡ ਬੱਛੋਆਣਾ ਵਿਖੇ ਨਵੇਂ ਚੁਣੇ ਪੰਚਾਂ ਅਤੇ ਪੰਚਾਇਤੀ ਚੋਣਾਂ ਲੜ ਚੁੱਕੇ ਉਮੀਦਵਾਰਾਂ ਦਾ ਸਨਮਾਨ ਸਮਾਰੋਹ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਹਲਕਾ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਵੱਲੋਂ ਨਵੇਂ ਚੁਣੇ ਪੰਚ ਨਾਇਬ ਸਿੰਘ, ਹਰਪ੍ਰੀਤ ਕੌਰ, ਜਰਨੈਲ ਸਿੰਘ, ਪ੍ਰਗਟ ਸਿੰਘ, ਨਾਇਬ ਸਿੰਘ ਖਾਲਸਾ, ਪਰਮਜੀਤ ਸਿੰਘ ਨੰਬਰਦਾਰ ਨੂੰ ਸਨਮਾਨਿਤ ਕੀਤਾ ਗਿਆ ਅਤੇ ਭਾਈਚਾਰਕ ਸਾਂਝ ਨੂੰ ਮਜਬੂਤ ਕਰਦਿਆਂ ਚੋਣ ਲੜਨ ਵਾਲੇ ਉਮੀਦਵਾਰ ਮੇਜਰ ਸਿੰਘ, ਜੈ ਸਿੰਘ, ਗੁਰਮੇਲ ਸਿੰਘ, ਅੰਗਰੇਜ ਸਿੰਘ ਨੂੰ ਵੀ ਸਨਮਾਨਿਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪਾਰਟੀ ਅੰਦਰ ਵਿਚਾਰ ਧਾਰਾ ਦੀ ਲੜਾਈ



ਲੜਨ ਵਾਲੇ ਵਿਅਕਤੀਆਂ ਨੂੰ ਪੂਰਾ ਸਨਮਾਨ ਦਿੱਤਾ ਜਾਂਦਾ ਹੈ। ਉਨ੍ਹਾਂ ਪਾਰਟੀ ਵਰਕਰਾਂ ਨੂੰ ਕਿਹਾ ਕਿ ਉਹ ਹੁਣ ਤੋਂ ਹੀ ਪਿੰਡ ਵਿੱਚ ਵਿਕਾਸ ਕਾਰਜਾਂ ਦੀ ਸੂਚੀ ਤਿਆਰ ਕਰਕੇ ਮੈਨੂੰ ਦੇਣ ਤਾਂ ਜੋ ਜਲਦ ਪਿੰਡ 'ਚ ਅਧੂਰੇ ਵਿਕਾਸ ਕਾਰਜਾਂ ਨੂੰ ਨੇਪਰੇ ਚਾੜ੍ਹਿਆ ਜਾ ਸਕੇ। ਉਨ੍ਹਾਂ ਕਿਹਾ ਕਿ ਚੋਣ ਜੰਗ ਦੌਰਾਨ ਲੜਾਈ ਲੜਨ ਵਾਲਾ ਹਰ ਇੱਕ ਸਿਪਾਹੀ ਜਿੱਤ-ਹਾਰ ਨਹੀਂ, ਸਗੋਂ ਪਾਰਟੀ ਦੀ ਚੜ੍ਹਦੀ ਕਲਾ ਲਈ ਚੋਣ ਲੜਦਾ ਹੈ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀ. ਆਗੂ ਹਰਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਨਵੀਂ ਚੁਣੀ ਪੰਚਾਇਤ ਪਿੰਡ ਅੰਦਰ ਪਾਰਟੀਬਾਜੀ ਤੋਂ ਉਪਰ ਉੱਠ ਕੇ ਹਰ ਵਿਅਕਤੀ ਨੂੰ ਨਾਲ ਲੈ ਕੇ ਚੱਲਣ ਅਤੇ ਪੰਜਾਬ ਸਰਕਾਰ ਵੱਲੋਂ ਮਿਲਣ ਵਾਲੀਆਂ ਸਹੂਲਤਾਂ ਨੂੰ ਹਰ ਲੋੜਵੰਦ ਵਿਅਕਤੀ ਤੱਕ ਪਹੁੰਚਾਉਣ ਲਈ ਯਤਨਸ਼ੀਲ ਰਹੇਗੀ। ਇਸ ਮੌਕੇ ਸਾਬਕਾ ਸਰਪੰਚ ਨਾਜਮ ਸਿੰਘ, ਰਿੰਕੂ ਸਿੰਘ, ਮਾ. ਅਜੈਬ ਸਿੰਘ ਕੈਲੇ, ਅਮਰੀਕ ਸਿੰਘ, ਨਾਇਬ ਸਿੰਘ ਸੰਧੂ, ਗੁਰਚਰਨ ਸਿੰਘ ਗਿੱਲ, ਨਰਿੰਦਰ ਸਿੰਘ ਨਿੰਦੀ, ਗੁਲਾਬ ਸਿੰਘ, ਮਿੱਠੂ ਸ਼ਰਮਾਂ, ਪ੍ਰਗਟ ਸਿੰਘ, ਡਾ. ਬੱਗਾ ਸਿੰਘ, ਕੁਲਦੀਪ ਸਿੰਘ, ਚੰਦ ਸਿੰਘ ਤੋਂ ਇਲਾਵਾ ਵੱਡੀ ਗਿਣਤੀ 'ਚ ਪਿੰਡ ਵਾਸੀ ਮੌਜੂਦ ਸਨ।

## ਤਿਉਹਾਰੀ ਸੀਜਨ ਦੌਰਾਨ ਜੀ.ਐੱਸ.ਟੀ. ਵਿਭਾਗ ਨੇ ਸਵੀਟ ਸ਼ਾਪਸ 'ਤੇ ਕੱਸਿਆ ਸ਼ਿਕੰਜਾ

ਲੁਧਿਆਣਾ 23 ਅਕਤੂਬਰ। ਸਟੇਟ ਜੀ.ਐੱਸ.ਟੀ. ਵਿਭਾਗ ਦੇ ਮੋਬਾਈਲ ਵਿੰਗ ਅਤੇ ਡਿਸਟ੍ਰਿਕਟ ਟੀਮਾਂ ਦੇ ਜੁਆਇੰਟ ਆਪ੍ਰੇਸ਼ਨ ਤਹਿਤ ਪੰਜਾਬ ਭਰ ਦੇ ਸਵੀਟਸ ਸ਼ਾਪਸ ਅਤੇ ਬੇਕਰੀ ਵਾਲਿਆਂ 'ਤੇ ਛਾਪੇਮਾਰੀ ਕੀਤੀ। ਇਹ ਕਾਰਵਾਈ ਡਾਇਰੈਕਟਰ ਐਨਫੋਰਸਮੈਂਟ ਪੰਜਾਬ ਜਸਕਰਨ ਸਿੰਘ ਬਰਾੜ ਦੇ ਨਿਰਦੇਸ਼ਾਂ 'ਤੇ ਕੀਤੀ ਗਈ, ਜਿਸ ਵਿਚ 15 ਤੋਂ ਵੱਧ ਲੋਕੇਸ਼ਨਾਂ 'ਤੇ ਵਿਭਾਗ ਦੀਆਂ ਟੀਮਾਂ ਮੌਜੂਦ ਰਹੀਆਂ। ਇਸ ਦੌਰਾਨ ਲੁਧਿਆਣਾ, ਪਟਿਆਲਾ, ਮੋਹਾਲੀ 'ਚ ਸਥਿਤ ਗੋਪਾਲ ਸਵੀਟਸ ਦੀਆਂ 8 ਆਊਟਲੈੱਟਸ, ਅਨੇਜਾ ਸਵੀਟਸ ਦੇ 4 ਆਊਟਲੈੱਟਸ, ਓਮ ਪ੍ਰਕਾਸ਼ ਸਵੀਟਸ ਮੰਡੀ ਗੋਬਿੰਦਗੜ੍ਹ, ਬਿਹਾਰੀ ਲਾਲ ਐਂਡ ਸੰਨਜ ਰਾਜਪੁਰਾ, ਨਵੀਂ ਸ਼ਿਵ ਸ਼ਕਤੀ ਸਵੀਟਸ ਸਰਹਿੰਦ 'ਚ ਕਾਰਵਾਈ ਕੀਤੀ ਗਈ। ਇਸ ਦੌਰਾਨ ਅਧਿਕਾਰੀਆਂ ਨੇ ਕੰਪਲੈਕਸਾਂ ਤੋਂ ਲੂਜ਼ ਪਰਚੀਆਂ, ਭਾਰੀ ਮਾਤਰਾ 'ਚ ਦਸਤਾਵੇਜ਼, ਸੇਲ ਪ੍ਰਚੇਜ਼ ਬੁਕਸ, ਅਤੇ ਅਕਾਊਂਟ ਬੁਕਸ ਜ਼ਬਤ ਕੀਤੀਆਂ। ਜਾਣਕਾਰੀ ਮੁਤਾਬਕ ਉਕਤ 'ਤੇ ਟੈਕਸ ਚੋਰੀ ਕਰਨ ਦਾ ਸ਼ੱਕ ਹੋਣ ਕਾਰਨ ਜਾਂਚ ਨੂੰ ਅੰਜਾਮ ਦਿੱਤਾ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਟੈਕਸ ਚੋਰੀ ਹੋਣ 'ਤੇ ਟੈਕਸ ਦੇ ਨਾਲ-ਨਾਲ ਪੈਨਲਟੀ ਵੀ ਵਸੂਲੀ ਜਾਵੇਗੀ। ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਦੇ ਹਿਸਾਬ ਨਾਲ ਉਕਤ ਫਰਮਾਂ 'ਤੇ ਆਈ.ਟੀ.ਸੀ. ਰਿਵਰਸਲ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਇਨ੍ਹਾਂ ਫਰਮਾਂ ਦੇ ਸੇਲ ਨੋਟਿਸ, ਇੰਪਲਾਈਜ਼ ਸਟ੍ਰੈਂਥ, ਖਰਚੇ, ਰੈਂਟ ਦੇ ਖਰਚੇ, ਬਿੱਲ ਹਰ ਚੀਜ਼ ਦੀ ਪੜਤਾਲ ਕੀਤੀ ਜਾਵੇਗੀ, ਜਿਸ ਦੇ ਆਧਾਰ 'ਤੇ ਜੁਰਮਾਨਾ ਤੈਅ ਕੀਤਾ ਜਾਵੇਗਾ।

## ਵਿਰਸਾ ਸਿੰਘ ਵਲਟੋਹਾ ਆਪਣੀ ਤੁੱਛ ਬੁੱਧੀ ਦਾ ਸਬੂਤ ਦੇ ਰਹੇ ਹਨ : ਅਮਰਜੀਤ ਅਮਰੀ

**ਏਜੰਸੀਆਂ**

ਜਲੰਧਰ 23 ਅਕਤੂਬਰ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਵਿਚ ਰਹਿ ਚੁੱਕੇ ਵਿਰਸਾ ਸਿੰਘ ਵਲਟੋਹਾ ਦੀਆਂ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਬਾਰੇ ਕੀਤੀਆਂ ਜਾ ਰਹੀਆਂ ਟਿੱਪਣੀਆਂ ਸਿਰਫ ਜਥੇਦਾਰ ਦਾ ਹੀ ਨਹੀਂ ਸਗੋਂ ਸ੍ਰੀ ਅਕਾਲ ਤਖਤ ਸਾਹਿਬ ਦਾ ਅਪਮਾਨ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸੀਨੀਅਰ ਭਾਜਪਾ ਆਗੂ ਅਤੇ ਸੂਬਾ ਕਾਰਜਕਾਰਨੀ ਕਮੇਟੀ ਦੇ ਮੈਂਬਰ ਅਮਰਜੀਤ ਸਿੰਘ ਅਮਰੀ ਨੇ ਸ਼ਨੀਵਾਰ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਨੇ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਛੇਵੇਂ ਪਾਤਸਾਹ ਦੇ ਸਮੇਂ ਤੋਂ ਸਮੁੱਚੀ ਸਿੱਖ ਕੌਮ ਦੀ ਧਾਰਮਿਕ ਅਤੇ ਰਾਜਨੀਤਕ ਅਗਵਾਈ ਕਰ ਰਿਹਾ ਹੈ ਅਤੇ ਹਰ ਸਰਧਾਵਾਨ ਸਿੱਖ ਸ੍ਰੀ ਅਕਾਲ ਤਖਤ ਸਾਹਿਬ ਨੂੰ ਨਿਸ਼ਠਾ ਨਾਲ ਸਮਰਪਿਤ ਹੈ। ਅਮਰੀ ਨੇ ਇਸ ਮਾਮਲੇ ਵਿਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਵੀ ਦੇਰ ਤੱਕ ਚੁੱਪ ਵੱਟੇ ਰੱਖਣਾ ਸ੍ਰੀ ਅਕਾਲ ਤਖਤ ਸਾਹਿਬ ਦੀ ਮਰਿਆਦਾ ਨੂੰ ਢਾਹ ਲਾਉਣ ਬਰਾਬਰ ਹੈ। ਉਨ੍ਹਾਂ ਨੇ



ਕਿਹਾ ਕਿ ਵਿਰਸਾ ਸਿੰਘ ਵਲਟੋਹਾ ਗਿਆਨੀ ਹਰਪ੍ਰੀਤ ਸਿੰਘ ਨੂੰ ਨਾ ਸਿਰਫ ਧਮਕੀਆਂ ਦੇ ਰਹੇ ਹਨ, ਸਗੋਂ ਉਹ ਤਾਂ ਸਿੱਖਾਂ ਦੀ ਸਰਵ ਉੱਚ ਸੰਸਥਾਵਾਂ ਦੀ ਗਰਿਮਾ ਨੂੰ ਢਾਹ ਲਾ ਰਹੇ ਹਨ ਅਤੇ ਇਕ ਸਿੱਖ ਵਜੋਂ ਉਹ ਅਜਿਹਾ ਕਰਕੇ ਉਹ ਆਪਣੀ ਤੁੱਛ ਬੁੱਧੀ ਦਾ ਸਬੂਤ ਦੇ ਰਹੇ ਹਨ। ਅਮਰੀ ਨੇ ਕਿਹਾ ਕਿ ਵਲਟੋਹਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਬਾਰੇ ਅਪਮਾਨਜਨਕ ਭਾਸਾ ਦੀ ਵਰਤੋਂ ਕਰਦੇ ਹਨ,ਪਾਰਟੀ ਦੀ ਡਿੱਗਦੀ ਰਜਨੀਤਿਕ ਸਾਖ ਨੂੰ ਦਰਸਾਉਂਦਾ ਹੈ। ਬਾਦਲ ਪਰਿਵਾਰ ਨੇ ਨਿੱਜੀ ਲਾਭ ਲਈ ਸਿੱਖ ਸੰਸਥਾਵਾਂ ਦੀ ਦੁਰਵਰਤੋਂ ਕਰਨ ਦਾ ਲਗਾਤਾਰ ਨਮੂਨਾ ਦਿਖਾਇਆ ਹੈ, ਜੋਕਿ ਬਰਦਾਸਤਯੋਗ ਨਹੀਂ ਹੈ। ਅਮਰੀ ਨੇ ਮੰਗ ਕੀਤੀ ਕਿ ਪੰਜਾਬ ਦੇ ਮੁੱਖ ਮੰਤਰੀ ਜੋ ਕਿ ਸੂਬੇ ਦੇ ਗ੍ਰਹਿ ਮੰਤਰੀ ਵੀ ਹਨ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਜੀ ਵੱਲੋਂ ਜਾਰੀ ਵੀਡੀਓ ਦਾ ਖੁਦ ਨੋਟਿਸ ਲੈਣ ਤਾਂ ਜੋ ਵਲਟੋਹਾ ਵੱਲੋਂ ਜਥੇਦਾਰ ਸਾਹਿਬ ਨਾਲ ਕੀਤੀ ਗਈ ਘਿਨਾਉਣੀ ਹਰਕਤ ਦੀ ਸਜਾ ਦਿੱਤੀ ਜਾ ਸਕੇ। ਅਮਰੀ ਨੇ ਇਹ ਕਿਹਾ ਕਿ ਸਮੁੱਚੀ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਸਮਝਦਿਆਂ ਪੁਲਸ ਪ੍ਰਸ਼ਾਸਨ ਨੂੰ ਵਿਰਸਾ ਸਿੰਘ ਵਲਟੋਹਾ ਵਿਰੁੱਧ ਐੱਫ. ਆਰ. ਆਈ. ਦਰਜ ਕਰਨੀ ਚਾਹੀਦੀ ਹੈ।

# ਨਿਗਮ ਚੋਣਾਂ ਤੇ ਵਾਰਡਬੰਦੀ ਸਬੰਧੀ ਹਾਈਕੋਰਟ ਦੇ ਫੈਸਲੇ ਨੂੰ ਲੈ ਕੇ ਦੁਚਿੱਤੀ

**ਏਜੰਸੀਆਂ**

ਜਲੰਧਰ 23 ਅਕਤੂਬਰ। ਪੰਜਾਬ ਵਿਚ ਨਗਰ ਨਿਗਮ ਚੋਣਾਂ ਜਲਦੀ ਕਰਵਾਉਣ ਸਬੰਧੀ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਹਾਲ ਹੀ ਵਿਚ ਜੋ ਫੈਸਲਾ ਸੁਣਾਇਆ ਹੈ, ਉਸ ਨੂੰ ਲੈ ਕੇ ਫਿਲਹਾਲ ਸਾਰੀਆਂ ਧਿਰਾਂ ਵਿਚ ਦੁਚਿੱਤੀ ਦਾ ਮਾਹੌਲ ਹੈ। ਉੱਚ ਅਦਾਲਤ ਨੇ ਪੁਰਾਣੀ ਵਾਰਡਬੰਦੀ ਦੇ ਆਧਾਰ 'ਤੇ ਹੀ ਨਿਗਮ ਚੋਣਾਂ ਕਰਵਾਉਣ ਦੇ ਹੁਕਮ ਦਿੱਤੇ ਹਨ ਪਰ ਇਸ ਸਬੰਧੀ ਵੀ ਕਈ ਅਰਥ ਕੱਢੇ ਜਾ ਰਹੇ ਹਨ। ਜਲੰਧਰ ਨਗਰ ਨਿਗਮ ਦੀ ਗੱਲ ਕਰੀਏ ਤਾਂ 2017 'ਚ ਜਲੰਧਰ ਨਿਗਮ ਚੋਣਾਂ ਲਈ ਵਾਰਡਬੰਦੀ ਹੋਈ ਸੀ। ਉਸ ਤੋਂ ਬਾਅਦ 2022 ਵਿਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਨਵੀਂ ਵਾਰਡਬੰਦੀ ਦੀ ਪ੍ਰਕਿਰਿਆ ਸੁਰੂ ਰੱਖੀ ਅਤੇ 2023 ਵਿਚ ਨਵੀਂ ਵਾਰਡਬੰਦੀ ਦਾ ਨੋਟੀਫਿਕੇਸਨ ਵੀ ਕਰ ਦਿੱਤਾ ਗਿਆ। ਇਹ ਵੱਖ ਗੱਲ ਹੈ ਕਿ ਜਲੰਧਰ ਨਿਗਮ ਵੱਲੋਂ ਨੋਟੀਫਾਈ ਹੋਈ ਨਵੀਂ ਵਾਰਡਬੰਦੀ ਨੂੰ ਲੈ ਕੇ ਵੱਖ-ਵੱਖ ਅਦਾਲਤਾਂ ਵਿਚ ਪਟੀਸਨਾਂ ਦਾਇਰ ਹੋਈਆਂ, ਜੋ ਅਜੇ ਵੀ ਚੱਲ ਰਹੀਆਂ ਹਨ। ਪੰਜਾਬ ਦੇ ਬਾਕੀ ਨਗਰ ਨਿਗਮਾਂ ਅਤੇ ਕਈ ਨਗਰ ਕੌਂਸਲਾਂ ਸਬੰਧੀ ਪਟੀਸਨਾਂ ਅਜੇ ਵੀ ਹਾਈਕੋਰਟ ਅਤੇ ਸੁਪਰੀਮ ਕੋਰਟ ਵਿਚ ਪੈਂਡਿੰਗ ਹਨ। ਅਜਿਹੇ 'ਚ ਹਾਈ ਕੋਰਟ ਵੱਲੋਂ ਦਿੱਤੇ ਗਏ ਫੈਸਲੇ ਦੇ ਵੱਖ-ਵੱਖ ਅਰਥ ਕੱਢੇ ਜਾ ਰਹੇ ਹਨ। ਕੁਝ ਕਹਿ ਰਹੇ ਹਨ ਕਿ ਹਾਈਕੋਰਟ ਨੇ 2023 ਦੀ ਵਾਰਡਬੰਦੀ ਦੇ ਆਧਾਰ 'ਤੇ ਚੋਣਾਂ ਕਰਵਾਉਣ ਦਾ ਫੈਸਲਾ ਦਿੱਤਾ ਹੈ, ਜਦਕਿ ਇਕ ਧਿਰ ਪੁਰਾਣੀ ਵਾਰਡਬੰਦੀ ਨੂੰ 2017 ਵਾਲੀ ਵਾਰਡਬੰਦੀ ਮੰਨ ਕੇ ਚੱਲ ਰਹੀ ਹੈ। ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਵੀ ਇਸ ਫੈਸਲੇ ਨੂੰ ਲੈ ਕੇ ਹਾਈ ਕੋਰਟ ਵਿਚ ਐੱਸ. ਐੱਲ. ਪੀ. ਦਾਇਰ ਕਰ ਸਕਦੀ ਹੈ ਅਤੇ ਕੁਝ ਨੁਕਤਿਆਂ 'ਤੇ ਸਪੱਸਟੀਕਰਨ ਮੰਗਿਆ ਜਾ ਸਕਦਾ ਹੈ। ਮੌਜੂਦਾ ਸਮੇਂ ਨਿਗਮ ਚੋਣਾਂ ਸਬੰਧੀ ਇਕ ਪਟੀਸਨ ਸੁਪਰੀਮ ਕੋਰਟ ਵਿਚ ਵੀ ਪੈਂਡਿੰਗ ਪਈ ਹੋਈ ਹੈ। ਉਸ ਨੂੰ ਲੈ ਕੇ ਪੰਜਾਬ ਸਰਕਾਰ ਕੀ ਫੈਸਲਾ ਲੈਂਦੀ ਹੈ ਜਾਂ ਹਾਈਕੋਰਟ 'ਚ ਕਿਸ ਆਧਾਰ 'ਤੇ ਮੂਵ ਕਰਦੀ ਹੈ, ਇਹ ਸਭ ਆਉਣ ਵਾਲੇ ਦਿਨਾਂ 'ਚ ਸਪੱਸਟ ਹੋ ਜਾਵੇਗਾ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਸੂਬਾ ਸਰਕਾਰ ਨਾਲ ਸਬੰਧਤ ਸੂਤਰਾਂ ਦਾ ਕਹਿਣਾ ਹੈ ਕਿ ਜਲੰਧਰ ਨਗਰ ਨਿਗਮ ਦੀ ਨਵੀਂ ਵਾਰਡਬੰਦੀ, ਜੋ ਕਿ 2023 ਵਿਚ ਨੋਟੀਫਾਈ ਕੀਤੀ ਗਈ ਸੀ ਅਤੇ ਜਿਸ ਦੇ ਆਧਾਰ 'ਤੇ ਸਹਿਰ ਨੂੰ 85 ਵਾਰਡਾਂ ਵਿਚ ਵੰਡਿਆ ਗਿਆ ਸੀ, ਉਸ ਵਾਰਡਬੰਦੀ ਨੂੰ ਵੀ ਪੰਜਾਬ ਸਰਕਾਰ ਦੇ ਲੋਕਲ ਬਾਡੀਜ ਵਿਭਾਗ ਦੇ ਅਧਿਕਾਰੀ ਰੱਦ ਕਰਨਾ ਚਾਹੁੰਦੇ ਸਨ ਅਤੇ ਨਵੀਂ ਵਾਰਡਬੰਦੀ ਦੀ ਤਜਵੀਜ ਲੈ ਕੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਸੁਣਵਾਈ ਵਾਲੇ ਦਿਨ ਗਏ ਸਨ। ਸੂਤਰਾਂ ਅਨੁਸਾਰ ਇਸ ਮਾਮਲੇ ਨਾਲ ਸਬੰਧਤ ਸਾਰੇ ਮੈਂਬਰਾਂ ਦੇ ਦਸਤਖਤਾਂ ਵਾਲੇ ਦਸਤਾਵੇਜ ਹਾਈ ਕੋਰਟ ਵਿਚ ਪੇਸ ਵੀ ਕਰ ਦਿੱਤੇ ਗਏ ਸਨ। ਪਤਾ ਲੱਗਾ ਹੈ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਡਬਲ ਬੈਂਚ ਨੇ ਨਵੀਂ ਵਾਰਡਬੰਦੀ ਸਬੰਧੀ ਦਸਤਾਵੇਜ ਜਾਂ ਪ੍ਰਸਤਾਵ ਨੂੰ ਰੱਦ ਕਰਦਿਆਂ ਪੁਰਾਣੀ ਵਾਰਡਬੰਦੀ (2023 ਵਾਲੀ) ਦੇ ਆਧਾਰ 'ਤੇ ਚੋਣਾਂ ਕਰਵਾਉਣ ਦੇ ਨਿਰਦੇਸ ਜਾਰੀ ਕੀਤੇ। ਸੂਤਰਾਂ ਦੀ ਮੰਨੀਏ



ਤਾਂ ਉਸ ਪ੍ਰਸਤਾਵ ਦੇ ਆਧਾਰ 'ਤੇ ਪੰਜਾਬ ਦੇ ਐਡਵੋਕੇਟ ਜਨਰਲ ਨੇ ਅਦਾਲਤ 'ਚ ਕਿਹਾ ਸੀ ਕਿ ਨਵੀਂ ਵਾਰਡਬੰਦੀ ਸਬੰਧੀ ਰਸਮੀ ਕਾਰਵਾਈਆਂ ਲਈ 16 ਹਫਤਿਆਂ ਦਾ ਸਮਾਂ ਚਾਹੀਦਾ ਹੈ ਪਰ ਅਦਾਲਤ ਇਸ ਨਾਲ ਸਹਿਮਤ ਨਹੀਂ ਹੋਈ ਕਿਉਂਕਿ ਹਾਈ ਕੋਰਟ ਵੱਲੋਂ ਪਹਿਲਾਂ ਹੀ ਸੰਕੇਤ ਦਿੱਤੇ ਜਾ ਚੁੱਕੇ ਸਨ ਕਿ ਪੰਜਾਬ ਦੇ ਸਹਿਰਾਂ ਵਿਚ ਨਗਰ ਨਿਗਮ ਅਤੇ ਕੌਂਸਲਾਂ ਦੀਆਂ ਚੋਣਾਂ ਜਲਦ ਹੋਣੀਆਂ ਚਾਹੀਦੀਆਂ ਹਨ। ਜਦੋਂ ਸੁਸੀਲ ਰਿੰਕੂ ਕਾਂਗਰਸ ਵਿਚ ਸਨ ਤਾਂ ਉਦੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਸੀਤਲ ਅੰਗੁਰਾਲ ਨੇ ਆਪਣੇ ਹਿਸਾਬ ਨਾਲ ਵਾਰਡਬੰਦੀ ਕਰਵਾਈ ਅਤੇ ਰਿੰਕੂ ਦੇ ਸਮਰਥਕਾਂ ਦੇ ਵਾਰਡ ਕੱਟ-ਵੱਢ ਦਿੱਤੇ ਗਏ। ਉਸ ਤੋਂ ਬਾਅਦ ਰਿੰਕੂ ਖੁਦ 'ਆਪ''ਚ ਚਲੇ ਗਏ ਅਤੇ ਜਲੰਧਰ 'ਚ ਆਮ ਆਦਮੀ ਪਾਰਟੀ ਦੇ ਸੁਪਰੀਮ ਲੀਡਰ ਯਾਨੀ ਸੰਸਦ ਮੈਂਬਰ ਬਣ ਗਏ। ਉਦੋਂ ਉਨ੍ਹਾਂ ਆਪਣੇ ਸਮਰਥਕਾਂ ਨੂੰ ਐਡਜਸਟ ਕਰਵਾਉਣ ਲਈ ਜਲੰਧਰ ਨਗਰ ਨਿਗਮ ਦੀ ਵਾਰਡਬੰਦੀ ਵਿਚ ਕਈ ਬਦਲਾਅ ਕਰਵਾ ਲਏ ਅਤੇ ਆਪਣੀ ਧਰਮਪਤਨੀ ਸੁਨੀਤਾ ਰਿੰਕੂ ਤੋਂ ਇਲਾਵਾ ਮਨਜੀਤ ਸਿੰਘ ਟੀਟੂ, ਭਾਪਾ, ਅਨਮੋਲ ਗਰੋਵਰ, ਰਾਧਿਕਾ ਪਾਠਕ ਆਦਿ ਦੇ ਵਾਰਡ ਵੀ ਬਦਲਵਾ ਦਿੱਤੇ। ਅਜਿਹੀ ਸਥਿਤੀ ਵਿਚ ਜਲੰਧਰ ਨਿਗਮ ਦੀ ਵਾਰਡਬੰਦੀ ਦੇ ਦੂਜੇ ਫਾਰਮੈਟ ਵਿਚ ਲੱਗਭਗ 28 ਵਾਰਡ ਬਦਲ ਦਿੱਤੇ ਗਏ। ਕਈ ਰਾਖਵੇਂ ਵਾਰਡ ਜਨਰਲ ਹੋ ਗਏ ਅਤੇ ਕਈਆਂ ਦਾ ਰਾਖਵਾਂਕਰਨ ਬਦਲ ਗਿਆ। ਕਈ ਵਾਰਡਾਂ ਦੀਆਂ ਹੱਦਾਂ ਵਿਚ ਕੱਟ-ਵੱਢ ਹੋਈ ਅਤੇ ਕਈਆਂ ਦੇ ਨੰਬਰ ਬਦਲ ਗਏ। ਹੁਣ ਸੁਸੀਲ ਰਿੰਕੂ ਅਤੇ ਉਸ ਦੇ ਕਈ ਸਮਰਥਕ ਆਮ ਆਦਮੀ ਪਾਰਟੀ ਛੱਡ ਕੇ ਭਾਜਪਾ ਵਿਚ ਸਾਮਲ ਹੋ ਗਏ ਹਨ ਪਰ ਰਿੰਕੂ ਦੀ ਦੇਖ-ਰੇਖ ਹੇਠ ਤਿਆਰ ਕੀਤੀ ਗਈ ਜਲੰਧਰ ਨਿਗਮ ਦੀ ਵਾਰਡਬੰਦੀ ਅਜੇ ਵੀ ਜਿਉਂ ਦੀ ਤਿਉਂ ਹੈ। ਸਹਿਰ ਵਿਚ ਚਰਚਾ ਹੈ ਕਿ ਸੁਸੀਲ ਰਿੰਕੂ ਨੇ 'ਆਪ'ਆਗੂਆਂ ਲਈ ਜੋ ਵਾਰਡਬੰਦੀ ਤਿਆਰ ਕਰਵਾਈ ਸੀ, ਉਸ ਦਾ ਹੁਣ ਉਨ੍ਹਾਂ ਹੀ ਵਾਰਡਾਂ ਵਿਚ ਭਾਜਪਾ ਉਮੀਦਵਾਰਾਂ ਨੂੰ ਫਾਇਦਾ ਹੁੰਦਾ ਨਜਰ ਆ ਰਿਹਾ ਹੈ ਕਿਉਂਕਿ ਰਿੰਕੂ ਦੇ ਕਈ ਸਮਰਥਕ ਹੁਣ ਭਾਜਪਾ ਵਿਚ ਚਲੇ ਗਏ ਹਨ। ਚੋਣਾਵੀ ਮਾਮਲਿਆਂ ਸਬੰਧੀ ਮਾਹਿਰ ਵਕੀਲ ਐਡਵੋਕੇਟ ਪਰਮਿੰਦਰ ਸਿੰਘ ਵਿਗ ਨੇ ਜਲੰਧਰ ਨਗਰ ਨਿਗਮ ਦੀ ਵਾਰਡਬੰਦੀ ਨੂੰ ਚੈਲੰਜ ਕਰਦੇ ਹੋਏ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਜੋ ਪਟੀਸ਼ਨ ਦਾਇਰ ਕੀਤੀ ਹੋਈ ਹੈ, ਉਸ 'ਤੇ ਅਗਲੀ ਸੁਣਵਾਈ 28 ਨਵੰਬਰ ਨੂੰ ਹੋਣੀ ਹੈ। ਹਾਈਕੋਰਟ ਦੇ ਤਾਜਾ ਫੈਸਲੇ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਐਡਵੋਕੇਟ ਪਰਮਿੰਦਰ ਸਿੰਘ ਨੇ ਕਿਹਾ ਕਿ ਫੈਸਲੇ ਨੂੰ ਲੈ ਕੇ ਕਈ ਦੁਚਿੱਤੀਆਂ ਪੈਦਾ ਹੋ ਗਈਆਂ ਹਨ। ਪੁਰਾਣੀ ਵਾਰਡਬੰਦੀ ਕਿਸ ਨੂੰ ਕਿਹਾ ਜਾ ਰਿਹਾ ਹੈ, ਨੂੰ ਲੈ ਕੇ ਵੱਖ-ਵੱਖ ਅਰਥ ਕੱਢੇ ਜਾ ਰਹੇ ਹਨ। ਮਾਣਯੋਗ ਅਦਾਲਤ ਵੱਲੋਂ ਕਿਸ ਵਾਰਡਬੰਦੀ ਨੂੰ ਰੱਦ ਕੀਤਾ ਗਿਆ ਹੈ, ਉਸ 'ਤੇ ਵੀ ਸਪੱਸਟੀਕਰਨ ਅਜੇ ਬਾਕੀ ਹੈ, ਇਸ ਲਈ ਮਾਣਯੋਗ ਅਦਾਲਤ ਵਿਚ ਅਰਜੀ ਦੇ ਕੇ ਅਪੀਲ ਕੀਤੀ ਜਾਵੇਗੀ ਕਿ 5 ਨਵੰਬਰ ਨੂੰ ਲੁਧਿਆਣਾ ਨਗਰ ਨਿਗਮ ਸਬੰਧੀ ਪਟੀਸ਼ਨ 'ਤੇ ਜੋ ਸੁਣਵਾਈ ਹਾਈ ਕੋਰਟ ਵਿਚ ਹੀ ਹੋਣੀ ਹੈ, ਉਸੇ ਦਿਨ ਜਲੰਧਰ ਨਿਗਮ ਬਾਰੇ ਪਟੀਸ਼ਨ 'ਤੇ ਸੁਣਵਾਈ ਹੋਵੇ। ਐਡਵੋਕੇਟ ਪਰਮਿੰਦਰ ਨੇ ਕਿਹਾ ਕਿ ਅਜਿਹੀਆਂ ਦੁਚਿੱਤੀਆਂ ਨੂੰ ਲੈ ਕੇ ਵੀ ਅਦਾਲਤ ਵਿਚ ਅਰਜੀ ਦਿੱਤੀ ਜਾ ਰਹੀ ਹੈ।